ਕੌਮਾਂਤਰੀ

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 10 | Issue 17 | 06 May 2020 to 12 May 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਕੋਰੋਨਾਵਾਇਰਸ: ਅਮਰੀਕਾ ਵਿਚ ਦੀ ਮੌਤ ਦੀ ਗਿਣਤੀ 72,271 ਤੋਂ ਵੱਧ

## ਵਿਸ਼ਵ ਵਿੱਚ ਕੇਸਾਂ ਦੀ ਗਿਣਤੀ 3.7 ਮਿਲੀਅਨ, ਰਾਸ਼ਟਰਪਤੀ ਦੀ ਚੋਣ 'ਚ ਜੋਇ ਬਾਇਡੇਨ ਡੈਮੋਕ੍ਰੈਟਿਕ ਦਾ ਹੱਥ ਫਿਰ ਉਪਰ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਮਰੀਕਾ ਦੇ ਵੱਖ ਵੱਖ ਮੁੱਖ ਸਿਹਤ ਕੇਂਦਰਾਂ ਮੁਤਾਬਕ ਕੋਰੋਨਾਵਾਇਰਸ ਤੋਂ ਅਮਰੀਕਾ ਵਿਚ ਮਰਨ ਵਾਲਿਆਂ ਦੀ ਗਿਣਤੀ ਹੁਣ ਤੱਕ 72,271 ਹੈ, ਕੁੱਲ ਕੇਸ 1,237,633 ਹਨ। ਤਾਜ਼ਾ ਅੰਕੜੇ ਉਦੋਂ ਸਾਹਮਣੇ ਆਏ ਹਨ ਜਦੋਂ ਜ਼ਿਆਦਾਤਰ ਮਹਾਂਮਾਰੀ ਦੌਰਾਨ ਕਈ ਸੂਬੀਆਂ ਵਿੱਚ ਕੁਝ ਢਿੱਲ ਦਿੱਤੀ ਗਈ ਹੈ । ਅਮਰੀਕਾ ਵਿੱਚ ਦੇ ਕਰੋਨਾ ਦੇ ਕੇਸਾਂ ਅਤੇ ਮੌਤਾਂ ਦੀ ਗਿਣਤੀ ਪਿਛਲੇ 24 ਘੰਟਿਆਂ ਦੌਰਾਨ ਦਰ ਕੁਝ ਘੱਟ ਰਹੀ ਹੈ । ਅਮਰੀਕਾ 13 ਮਾਰਚ ਤੋਂ ਕੌਮੀ ਐਮਰਜੈਂਸੀ ਦੇ ਆਦੇਸ਼ਾਂ ਹੇਠ ਹੈ, ਜਿਸ ਨੇ ਇੱਥੋਂ ਅਤੇ ਵਿਦੇਸ਼ਾਂ ਦੀਆਂ ਆਰਥਿਕਤਾਵਾਂ ਨੂੰ ਪ੍ਰਭਾਵਤ ਕੀਤਾ ਹੈ।ਵਿਸ਼ਵਵਿਆਪੀ ਤੌਰ 'ਤੇ ਵਾਇਰਸ ਕਾਰਨ 258,343 ਮੌਤਾਂ ਹੋਈਆਂ ਹਨ। ਅਮਰੀਕਾ ਵਿੱਚ ਕੇਸਾਂ ਦੀ ਕੁੱਲ ਸੰਖਿਆ ਹੁਣ ਪਹਿਲੇ ਛੇ ਸਭ ਤੋਂ ਵੱਧ ਸੰਕਰਮਿਤ ਦੇਸ਼ਾਂ ਦੇ ਬਰਾਬਰ ਹੋ ਗਈ ਹੈ। ਸਪੇਨ, ਜੋ ਕਿ ਇਟਲੀ ਨੂੰ ਸਭ ਤੋਂ ਵੱਧ ਕੇਸਾਂ ਦੇ ਨਾਲ ਯੂਰਪ ਵਿੱਚ ਪਛਾੜ ਗਿਆ ਹੈ, ਉਸਦੇ ਬਾਅਦ ਯੂਕੇ, ਜਰਮਨੀ, ਰੂਸ ਅਤੇ ਫਰਾਂਸ ਹੈ। ਜੋਹਨਜ ਹਾਪਕਿਨਜ਼ ਕੋਰੋਨਾਵਾਇਰਸ ਰਿਸੋਰਸ ਸੈਂਟਰ ਮੁਤਾਬਕ ਅਮਰੀਕਾ ਦੇ ਸਿਹਤ ਵਿਭਾਗ ਨੇ ਦੁਪਹਿਰ ਤੱਕ ਰਾਜ ਭਰ ਵਿੱਚ ਕੁੱਲ 1,237,633 ਕੇਸਾਂ ਦੀ ਰਿਪੋਰਟ ਕੀਤੀ ਹੈ। ਉਨਾਂ ਵਿਚੋਂ ਅੱਧੇ ਤੋਂ ਜ਼ਿਆਦਾ ਨਿਊ ਯਾਰਕ ਸਿਟੀ ਨਾਲ ਸਬੰਧਤ ਹਨ , ਜਿਨਾਂ ਦੀ ਕੁਲ ਗਿਣਤੀ 330,139 ਹੈ। ਸ਼ਹਿਰ ਵਿਚ ਹੁਣ ਰਾਜ ਦੀਆਂ 25204 ਮੌਤਾਂ ਵਿਚੋਂ 16,889 ਇਕੱਲੇ ਨਿਊਯਾਰਕ ਦੀਆਂ ਹੀ ਹਨ ਜੇਕਰ ਨਿਊਯਾਰਕ ਅਤੇ ਨਿਊ ਜਰਸੀ ਕੁੱਲ ਮਿਲਾ ਲਈਏ ਤਾਂ 461,844 ਮਾਮਲੇ ਹਨ, ਜੋ ਹੁਣ ਤੱਕ ਅਮਰੀਕਾ ਤੋਂ ਬਾਹਰ ਕਿਸੇ ਵੀ ਹੋਰ ਦੇਸ਼ ਨਾਲੋਂ ਕੁੱਲ ਦੁੱਗਣੇ ਹਨ। ਕੈਲੀਫੋਰਨੀਆ ਇਸ ਦੌਰਾਨ 58,625



ਸੰਕਰਮਿਤ ਕੇਸਾਂ ਅਤੇ ਮੰਗਲਵਾਰ ਤੱਕ 2,376 ਮੌਤਾਂ ਦੇ ਨਾਲ ਅਮਰੀਕਾ ਦਾ ਪੰਜਵਾਂ ਸਭ ਤੋਂ ਸੰਕਰਮਿਤ ਰਾਜ ਰਿਹਾ।

**ਰਾਸ਼ਟਰਪਤੀ ਦੀ ਚੋਣ 'ਚ ਜੋਇ ਬਾਇਡੇਨ ਡੈਮੋਕ੍ਰੈਟਿਕ ਦਾ ਹੱਥ ਫਿਰ ਉਪਰ:**

ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਨਵੰਬਰ ਵਿੱਚ ਹੋਣ ਜਾ ਰਹੀ ਹੈ, ਜੋਇ ਬਾਇਡੇਨ ਡੈਮੋਕ੍ਰੈਟਿਕ ਉਮੀਦਵਾਰ ਹਨ ਤੇ ਉਨਾ ਦਾ ਸਿੱਧਾ ਮੁਕਾਬਲਾ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਹੈ ਬਿਨਾਂ ਸ਼ੱਕ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕਰੋਨਾ ਮਹਾਂਮਾਰੀ ਨੇ ਮਧੋਲ ਦਿੱਤਾ ਹੈ ਜਿਸਦਾ ਅਸਰ ਉਸਦੀ ਲੋਕਪ੍ਰਿਅਤਾ ਤੇ ਵੀ ਪਿਆ ਹੈ ਇਸ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਗਰਾਫ ਹਾਲ ਦੇ ਹਫਤਿਆਂ ਵਿਚ ਘੱਟ ਗਿਆ ਹੈ ਕਿਉਂਕਿ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਕੋਰੋਨਾਵਾਇਰਸ ਮਹਾਂਮਾਰੀ ਦੌਰਾਨ ਵੋਟਰਾਂ ਨਾਲ ਸੰਪਰਕ ਕਰਨ ਲਈ ਸੰਘਰਸ਼ ਕਰ ਰਹੇ ਹਨ। ਅੱਜ ਜਾਰੀ ਕੀਤੇ ਗਏ ਇਕ ਸਰਵੇ ਅਨੁਸਾਰ ਸੋਮਵਾਰ ਅਤੇ ਮੰਗਲਵਾਰ ਨੂੰ ਕਰਵਾਏ ਗਏ ਓਪੀਨੀਅਨ ਪੋਲ ਵਿੱਚ ਪਾਇਆ ਗਿਆ ਕਿ ਰਜਿਸਟਰਡ ਵੋਟਰਾਂ ਵਿੱਚੋਂ 43% ਨੇ ਕਿਹਾ ਕਿ ਉਹ 3 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਬਿਡੇਨ ਦਾ ਸਮਰਥਨ ਕਰਨਗੇ, ਜਦੋਂ ਕਿ 41% ਨੇ ਕਿਹਾ ਕਿ ਉਹ ਟਰੰਪ ਦਾ ਸਮਰਥਨ ਕਰਨਗੇ। ਇਹ ਗਰਾਫ ਮੁਕਾਬਲੇ ਨੂੰ ਟੌਸ ਵਾਂਗ ਬਣਾ ਦਿੰਦਾ ਹੈ, ਕਿਉਂਕਿ ਨਤੀਜੇ ਪੋਲ ਦੀ ਭਰੋਸੇਯੋਗਤਾ ਦੇ ਅੰਤਰਾਲ ਵਿੱਚ ਬਹੁਤਾ ਫਰਕ ਨਹੀਂ । ਜੋਇ ਬਾਇਡੇਨ ਨੇ ਪਿਛਲੇ ਹਫਤੇ ਇਸੇ ਤਰਾਂ ਦੇ ਇੱਕ ਮਤਦਾਨ ਵਿੱਚ 6 ਪ੍ਰਤੀਸ਼ਤ ਅੰਕਾਂ ਦੀ ਬੜਤ ਹਾਸਲ ਕੀਤੀ ਸੀ ਅਤੇ 15 ਤੋਂ 21 ਅਪ੍ਰੈਲ ਨੂੰ ਹੋਏ ਇੱਕ ਮਤਦਾਨ ਵਿੱਚ 8 ਅੰਕ ਉਪਰ ਬਣੇ ਸਨ।ਸਾਬਕਾ ਉਪ ਰਾਸ਼ਟਰਪਤੀ ਜੋਇ ਬਿਡੇਨ ਨੇ ਵਾਇਰਸ ਕਰਕੇ ਪਾਬੰਦੀਆਂ ਨੂੰ ਧਿਆਨ ਵਿਚ ਰੱਖਦੇ ਹੋਏ, ਆਪਣੇ ਰਾਸ਼ਟਰਪਤੀ ਅਭਿਆਨ ਨੂੰ ਆਪਣੇ ਡੇਲਾਵੇਅਰ ਘਰ ਤੋਂ ਚਲਾਉਣ ਲਈ ਸ਼ੁਰੂ ਕੀਤਾ ਸੀ। ਟਰੰਪ ਦੀ ਕਰੋਨਾ ਵਾਇਰਸ ਨਾਲ ਲੜਨ ਦੀ ਨੀਤੀ ਨੇ ਗਰਾਫ ਵਿੱਚ ਵੀ ਬਹੁਤ ਫਰਕ ਪਾਇਆ ਜਿਸ ਨਾਲ ਅਮਰੀਕਾ ਵਿਚ 70,000 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ 30 ਮਿਲੀਅਨ ਲੋਕਾਂ ਨੂੰ ਕੰਮ ਤੋਂ ਘਰ ਬਿਠਾ ਦਿੱਤਾ ਹੈ, ਇਸ ਦੇ ਉਲਟ, ਟਰੰਪ ਨੇ ਆਪਣੇ ਆਪ ਨੂੰ ਅਮਰੀਕਾ ਦੇ ਮਹਾਂਮਾਰੀ ਨਾਲ ਨਜਿੱਠਣ ਲਈ ਸਿਹਰਾ ਦਿੱਤਾ ਜੋ ਆਮ ਲੋਕਾਂ ਦੇ ਫਿਟ ਨਹੀਂ ਬੈਠ ਰਹੀ।

# ਮਹਿਬੂਬਾ ਮੁਫ਼ਤੀ ਦੀ ਨਜ਼ਰਬੰਦੀ 'ਚ ਤਿੰਨ ਮਹੀਨੇ ਦਾ ਵਾਧਾ



**ਸ੍ਰੀਨਗਰ/ਏ.ਟੀ.ਨਿਊਜ਼ :** ਜੰਮੂ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਵਿਰੁੱਧ ਲਾਏ ਪਬਲਿਕ ਸੇਫਟੀ ਐਕਟ (ਪੀਐੱਸਏ) ਵਿੱਚ ਤਿੰਨ ਮਹੀਨਿਆਂ ਦਾ ਵਾਧਾ ਕੀਤਾ ਗਿਆ ਹੈ। ਸੰਖੇਪ ਆਦੇਸ਼ ਰਾਹੀਂ ਸ੍ਰੀਨਗਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਵਲੋਂ ਮੁਫ਼ਤੀ ਦੀ ਉਨ੍ਹਾਂ ਦੇ ਘਰ ਵਿੱਚ ਨਜ਼ਰਬੰਦੀ ਜਾਰੀ ਰੱਖਣ ਲਈ ਆਖਿਆ ਗਿਆ ਹੈ। ਵਾਧੇ ਦੇ ਇਹ ਆਦੇਸ਼ ਆਉਣ ਮੌਕੇ ਮੁਫ਼ਤੀ ਦੀ ਪੀਐੱਸਏ ਤਹਿਤ ਨਜ਼ਰਬੰਦੀ ਖ਼ਤਮ ਹੋਣ ਵਿੱਚ ਕੁਝ ਘੰਟੇ ਹੀ ਬਚੇ ਸਨ। ਦੱਸਣਯੋਗ ਹੈ ਕਿ ਪਿਛਲੇ ਵਰ੍ਹੇ 5 ਅਗਸਤ ਨੂੰ ਕੇਂਦਰ ਸਰਕਾਰ ਵਲੋਂ ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਹਟਾਏ ਜਾਣ ਮੌਕੇ ਮੁਫ਼ਤੀ ਸਣੇ ਕਈ ਹੋਰ ਸਿਆਸੀ ਆਗੂਆਂ ਨੂੰ ਛੇ ਮਹੀਨਿਆਂ ਲਈ ਨਜ਼ਰਬੰਦ ਕੀਤਾ ਗਿਆ ਸੀ। ਪਹਿਲਾਂ ਮੁਫ਼ਤੀ ਨੂੰ ਚੌਕਸੀ ਵਜੋਂ ਹਿਰਾਸਤ ਵਿੱਚ ਲਿਆ ਗਿਆ ਸੀ ਪਰ ਬੀਤੀ 5 ਫਰਵਰੀ ਨੂੰ ਉਨ੍ਹਾਂ ਖ਼ਿਲਾਫ਼ ਪੀਐੱਸਏ ਲਾ ਦਿੱਤਾ ਗਿਆ ਸੀ। ਉਨ੍ਹਾਂ ਨੂੰ ਕਰੀਬ ਅੱਠ ਮਹੀਨੇ ਸਰਕਾਰੀ ਗੈਸਟਹਾਊਸ ਵਿੱਚ ਨਜ਼ਰਬੰਦ ਰੱਖਿਆ ਗਿਆ ਅਤੇ ਬੀਤੀ 7 ਅਪਰੈਲ ਨੂੰ ਕੁਝ ਰਾਹਤ ਦਿੰਦਿਆਂ ਉਨ੍ਹਾਂ ਦੇ ਘਰ ਵਿੱਚ ਹੀ ਤਬਦੀਲ ਕਰਕੇ ਨਜ਼ਰਬੰਦ ਕਰ ਦਿੱਤਾ ਗਿਆ ਸੀ।

# ਆਸਟਰੇਲੀਆ 'ਚ ਪੰਜ ਹਜ਼ਾਰ ਪੰਜਾਬੀ ਫਸੇ

ਮੋਗਾ : ਰੋਨਾਵਾਇਰਸ ਕਾਰਨ ਲਾਗੂ ਕੀਤੀਆਂ ਪਾਬੰਦੀਆਂ ਕਰਕੇ ਆਸਟਰੇਲੀਆ 'ਚ ਫਸੇ ਪੰਜ ਹਜ਼ਾਰ ਤੋਂ ਵੱਧ ਪੰਜਾਬੀਆਂ ਨੇ ਘਰ ਵਾਪਸੀ ਦੀ ਇੱਛਾ ਪ੍ਰਗਟਾਈ ਹੈ। ਇਨਾਂ 'ਚ ਸੈਲਾਨੀ, ਪਰਿਵਾਰਾਂ ਨੂੰ ਮਿਲਣ ਆਏ ਵਿਅਕਤੀ, ਪੁਲੀਸ ਮੁਲਾਜ਼ਮ ਤੇ ਕਰੋਨਾ ਮਹਾਮਾਰੀ ਕਾਰਨ ਨੌਕਰੀਆਂ ਗੁਆ ਚੁੱਕੇ ਵਿਦਿਆਰਥੀ ਵੀ ਸ਼ਾਮਲ ਹਨ। ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਦਖ਼ਲ ਦੀ ਮੰਗ ਕੀਤੀ ਹੈ। ਇਥੇ ਪੰਜਾਬ ਪੁਲੀਸ 'ਚ ਤਾਇਨਾਤ ਸਬ ਇੰਸਪੈਕਟਰ ਵੇਦ ਪ੍ਰਕਾਸ਼ ਤੇ ਹੋਰਾਂ ਨੇ ਫੋਨ ਉੱਤੇ ਦੱਸਿਆ ਕਿ ਮੋਗਾ ਜ਼ਿਲੇ ਸਣੇ ਹੋਰਨਾਂ ਜ਼ਿਲਿਆਂ ਦੇ ਵੱਡੀ ਗਿਣਤੀ ਪੁਲੀਸ ਮੁਲਾਜ਼ਮ ਐਕਸ ਇੰਡੀਆ ਲੀਵ ਲੈ ਕੇ ਆਪਣੇ ਬੱਚਿਆਂ ਨੂੰ ਆਸਟਰੇਲੀਆ ਮਿਲਣ ਆਏ ਸਨ। ਉਨਾਂ ਦੀ 30 ਮਾਰਚ ਨੂੰ ਵਾਪਸੀ ਸੀ। ਪਿੰਡ ਨਵਾਂ ਸ਼ਹਿਰ (ਖਰੜ) ਵਾਸੀ ਸੀਨੀਅਰ ਸਿਟੀਜ਼ਨ ਸੁਖਦੀਪ ਸਿੰਘ ਤੇ ਭਾਜਪਾ ਆਗੂ ਖੁਸ਼ਵੰਤ ਰਾਏ ਗੀਗਾ ਅਤੇ ਹੋਰਾਂ ਨੇ ਦੱਸਿਆ ਕਿ ਉਹ ਵਿਆਹ 'ਚ ਸ਼ਾਮਲ ਹੋਣ ਲਈ 6 ਮਾਰਚ ਨੂੰ ਆਸਟਰੇਲੀਆ ਪਹੁੰਚੇ ਸਨ। ਵਿਸ਼ਵ-ਵਿਆਪੀ ਲੌਕਡਾਊਨ ਦੌਰਾਨ ਹਵਾਈ ਉਡਾਣਾਂ ਬੰਦ ਹੋਣ ਨਾਲ ਉਹ ਇਥੇ ਹੀ ਫਸ ਗਏ ਹਨ। ਉਨਾਂ ਦਾਅਵਾ ਕੀਤਾ ਕਿ ਸਿਡਨੀ, ਮੈਲਬਰਨ ਤੇ ਬ੍ਰਿਸਬਨ 'ਚ ਪੰਜ ਹਜ਼ਾਰ ਤੋਂ ਵੱਧ ਪੰਜਾਬੀ ਫਸੇ ਹੋਏ ਹਨ। ਇਨਾਂ ਵਿੱਚ ਕਰੋਨਾ ਮਹਾਮਾਰੀ ਕਾਰਨ ਨੌਕਰੀਆਂ ਗੁਆ ਚੁੱਕੇ ਵਿਦਿਆਰਥੀ ਵੀ ਸ਼ਾਮਲ ਹਨ। ਉਨਾਂ ਦੱਸਿਆ ਕਿ ਘਰ ਵਾਪਸੀ ਦੇ ਇੱਛਕ ਭਾਰਤੀਆਂ ਨੇ ਆਪਣੇ ਵੇਰਵੇ ਭਾਰਤੀ ਦੂਤਾਵਾਸ ਕੋਲ ਦਰਜ ਕਰਵਾ ਦਿੱਤੇ ਹਨ।

**ਕਾਂਗਰਸੀ ਵਿਧਾਇਕ ਗਿੱਲ 'ਤੇ ਤੁਰੰਤ ਮੁਕੱਦਮਾ ਦਰਜ ਹੋਵੇ: ਮਾਨ**

ਚੰਡੀਗੜ (ਟ੍ਰਿਬਿਊਨ ਨਿਊਜ਼ ਸਰਵਿਸ): ਪੱਟੀ ਤੋਂ ਕਾਂਗਰਸੀ ਵਿਧਾਇਕ ਹਰਮਿੰਦਰ ਸਿੰਘ ਗਿੱਲ ਵੱਲੋਂ ਹਰੀਕੇ ਪੱਤਣ ਥਾਣੇ ਦੇ ਐੱਸਐਚਓ ਨਾਲ ਕਥਿਤ ਤੌਰ 'ਤੇ ਬਦਤਮੀਜ਼ੀ ਕਰਨ ਅਤੇ ਧਮਕੀਆਂ ਦੇਣ ਦੇ ਮਾਮਲੇ ਦੀ ਆਮ ਆਦਮੀ ਪਾਰਟੀ ਪੰਜਾਬ ਨੇ ਨਿਖੇਧੀ ਕੀਤੀ ਹੈ। ਇਸ ਸਬੰਧੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਹਰਮਿੰਦਰ ਸਿੰਘ ਗਿੱਲ ਖ਼ਿਲਾਫ਼ ਡਿਊਟੀ ਦੌਰਾਨ ਇੱਕ ਪੁਲੀਸ ਅਧਿਕਾਰੀ ਦੇ ਕੰਮ 'ਚ ਵਿਘਨ ਪਾਉਣ ਅਤੇ ਧਮਕੀਆਂ ਦੇਣ ਦਾ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ ਹੈ। ਮਾਨ ਨੇ ਕਿਹਾ ਕਿ ਗਿੱਲ ਨੇ ਆਪਣੇ ਹਲਕੇ 'ਚ ਤਾਇਨਾਤ ਐੱਸਐਚਓ ਕੋਲੋਂ ਜਿਸ ਤਰੀਕੇ ਨਾਲ 'ਝੁਕ ਕੇ ਦੁਆ-ਸਲਾਮ' ਭਾਲੀ ਹੈ ਉਸ ਤੋਂ ਸਪਸ਼ਟ ਹੋ ਗਿਆ ਹੈ ਕਿ ਕਾਂਗਰਸੀ ਵਿਧਾਇਕ ਅਤੇ ਆਗੂ ਰਾਜਿਆਂ-ਮਹਾਰਾਜਿਆਂ ਦੇ ਦਰਬਾਰ ਵਾਲੀ 'ਫੀਲਿੰਗ' ਲੈ ਬੈਠੇ ਹਨ ਅਤੇ ਇਹੋ ਵਤੀਰਾ ਕਾਂਗਰਸੀਆਂ ਨੂੰ ਲੈ ਕੇ ਬੈਠੇਗਾ।

















ਮਰਦਸ਼ੁਮਾਰੀ ਇੱਕ ਸਧਾਰਣ ਅੰਤ ਹੈ
ਗੁਪਤ ੯ ਪ੍ਰਸ਼ਨ ਸਰਵੇਖਣ
ਸਹੂਲਤਾਂ ਦੀ ਗਿਣਤੀ ਮਰਦਸ਼ੁਮਾਰੀ ਵਿਚ ਹਿੱਸਾ ਲਓ
ਪਰਿਵਾਰ ਗਿਣਦੇ ਹਨ ਅੱਜ
ਹਰ ਕੋਈ ਗਿਣਦਾ ਹੈ
ਮਰਦਮਸ਼ੁਮਾਰੀ
CALIFORNIA
ALL
2020
CaliforniaCensus.org

# ਰਾਸ਼ਟਰਪਤੀ ਟਰੰਪ ਵਲੋਂ ਤਿੰਨ ਭਾਰਤੀ ਅਮਰੀਕੀ ਉੱਚ ਅਹੁਦੇ ਤੇ ਨਾਮਜਦ

## ਮਨੀਸ਼ਾ ਸਿੰਘ, ਓ ਈ ਸੀ ਡੀ, ਅਸ਼ੋਕ ਪਿੰਟੋ, ਆਈ ਬੀ ਆਰ ਡੀ ਦੇ ਡਾਇਰੈਕਟਰ ਤੇ ਸਰਿਤਾ ਕੋਮੈਟੇਡੀ ਜ਼ਿਲਾ ਜੱਜ ਦੇ ਵਜੋਂ ਸੇਵਾ ਨਿਭਾਉਣਗੇ





**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵਲੋਂ ਤਿੰਨ ਭਾਰਤੀਆਂ ਨੂੰ ਅਮਰੀਕੀ ਉੱਚ ਅਹੁਦੇ ਤੇ ਨਾਮਜਦ ਕਰਨ ਤੋਂ ਬਾਦ ਨਾਮਜ਼ਦਗੀ ਪੱਤਰ ਸੈਨੇਟ ਨੂੰ ਭੇਜ ਦਿੱਤੇ ਹਨ ਵਾਈਟ ਹਾਊਸ ਦੇ ਅਨੁਸਾਰ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਤਿੰਨ ਭਾਰਤੀ ਅਮਰੀਕੀਆਂ ਨੂੰ ਉਚ ਅਹੁਦੇ ਤੇ ਬਿਰਾਜਮਾਨ ਕੀਤਾ ਹੈ।

ਵਕੀਲ ਸਾਰਿਤਾ ਕੋਮਾਟੇਡੀ:

ਸਰਕਾਰੀ ਵਕੀਲ ਸਾਰਿਤਾ ਕੋਮਾਟੇਡੀ, ਜਿਸ ਨੂੰ ਟਰੰਪ ਨੇ ਪੂਰਬੀ ਜ਼ਿਲਾ ਨਿਉਯਾਰਕ ਲਈ ਜ਼ਿਲਾ ਜੱਜ ਨਾਮਜਦ ਕੀਤਾ ਹੈ, ਮੌਜੂਦਾ ਸਮੇਂ ਵਿਚ ਨਿਉ ਯਾਰਕ ਦੇ ਪੂਰਬੀ ਜ਼ਿਲੇ ਲਈ ਸੰਯੁਕਤ ਰਾਜ ਅਟਾਰਨੀ ਦੇ ਦਫ਼ਤਰ ਵਿਚ ਆਮ ਅਪਰਾਧ ਦੇ ਡਿਪਟੀ ਚੀਫ਼ ਵਜੋਂ ਸੇਵਾ ਨਿਭਾਅ ਰਹੀ ਹੈ। ਵਾਈਟ ਹਾਉਸ ਨੇ ਇੱਕ ਬਿਆਨ ਵਿੱਚ ਕਿਹਾ, ਉਸਨੇ ਅੰਤਰਰਾਸ਼ਟਰੀ ਨਸ਼ਾਖੋਰੀ ਅਤੇ ਮਨੀ ਲਾਂਡਰਿੰਗ ਦੇ ਕਾਰਜਕਾਰੀ ਡਿਪਟੀ ਚੀਫ਼ ਵਜੋਂ ਕੰਮ ਕੀਤਾ ਹੈ ਅਤੇ ਨਿਉ ਯਾਰਕ ਦੇ ਪੂਰਬੀ ਜ਼ਿਲੇ ਲਈ ਸੰਯੁਕਤ ਰਾਜ ਅਟਾਰਨੀ ਦੇ ਦਫਤਰ ਲਈ ਕੰਪਿਉਟਰ ਹੈਕਿੰਗ ਅਤੇ ਜਾਇਦਾਦ ਕੋਆਰਡੀਨੇਟਰ ਵਜੋਂ ਕੰਮ ਕੀਤਾ ਹੈ। ਕੋਮਾਟੈਡੀ ਇਸ ਤੋਂ ਪਹਿਲਾਂ ਬੀਪੀ ਡੀਪ ਵਾਟਰ ਹੋਰੀਜ਼ੋਨ ਆਇਲ ਸਪਿਲ ਅਤੇ ਓਫਸ਼ੋਰ ਡ੍ਰਿਲਿੰਗ 'ਤੇ ਨੈਸ਼ਨਲ ਕਮਿਸ਼ਨ ਦੇ ਸਲਾਹਕਾਰ ਵਜੋਂ ਵੀ ਸੇਵਾਵਾਂ ਨਿਭਾਅ ਰਿਹਾ ਸੀ। ਕੋਲੰਬੀਆ ਲਾਅ ਸਕੂਲ, ਕਾਮੇਡੈਡੀ ਵਿਖੇ ਲਾਅ ਦੇ ਲੈਕਚਰਾਰ ਪਹਿਲਾਂ ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਲਾ ਸਕੂਲ ਵਿਚ ਪੜਾਉਂਦੇ ਸਨ। ਬਿਆਨ ਵਿੱਚ ਕਿਹਾ ਗਿਆ ਹੈ ਕਿ ਲਾਅ ਸਕੂਲ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ, ਉਸਨੇ ਕੋਲੰਬੀਆ ਸਰਕਟ ਜ਼ਿਲੇ ਲਈ ਅਪੀਲਜ਼ ਕੋਰਟ ਆਫ ਯੂਪੀ ਕੋਰਟ ਦੇ ਤਤਕਾਲੀਨ ਜੱਜ ਬਰੇਟ ਕਾਵਨੌਫ ਦੀ ਲਾਅ ਕਲਰਕ ਵਜੋਂ ਸੇਵਾ ਨਿਭਾਈ। ਸਾਰਿਤਾ ਕੋਮਾਟੇਡੀ ਨੇ ਹਾਰਵਰਡ ਯੂਨੀਵਰਸਿਟੀ ਤੋਂ ਬੀ.ਏ., ਕਮ ਲਾਉਡ ਅਤੇ ਹਾਰਵਰਡ ਲਾਅ ਸਕੂਲ ਤੋਂ ਜੇ.ਡੀ., ਮੈਗਨਾ ਕਮ ਲਾਉਡ ਹਾਸਲ ਕੀਤੀ, ਜਿਥੇ ਉਸਨੇ ਹਾਰਵਰਡ ਲਾਅ ਲਈ ਕੰਮ ਕੀਤਾ।

**ਮਨੀਸ਼ਾ ਸਿੰਘ:**

ਵਾਈਟ ਹਾਉਸ ਦੇ ਇਕ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਟਰੰਪ ਨੇ ਫਲੋਰਿਡਾ ਦੀ ਮਨੀਸ਼ਾ ਸਿੰਘ ਨੂੰ ਆਰਥਿਕ ਸਹਿਕਾਰਤਾ ਅਤੇ ਵਿਕਾਸ ਸੰਗਠਨ ਦੀ ਅਗਲੀ ਪ੍ਰਬੰਧਕ ਬਣਾਇਆ ਹੈ ਜੋ ਇੱਕ ਰਾਜਦੂਤ ਦੇ ਅਹੁਦੇ ਦੇ ਬਰਾਬਰ ਹੋਵੇਗਾ। ਭਾਰਤੀ ਅਮਰੀਕੀ ਡਿਪਲੋਮੈਟ ਇਸ ਸਮੇਂ ਅਮਰੀਕਾ ਦੇ ਵਿਦੇਸ਼ ਵਿਭਾਗ ਵਿੱਚ ਆਰਥਿਕ ਅਤੇ ਵਪਾਰਕ ਮਾਮਲਿਆਂ ਬਾਰੇ ਦੀ ਸਹਾਇਕ ਸਕੱਤਰ ਹੈ। ਇਸ ਤੋਂ ਪਹਿਲਾਂ ਉਹ ਆਰਥਿਕ ਵਿਕਾਸ, ਅਨੈਰਜੀ ਅਤੇ ਵਾਤਾਵਰਣ ਦੇ ਕਾਰਜਕਾਰੀ ਅੰਡਰ ਸੈਕਟਰੀ ਦੇ ਤੌਰ 'ਤੇ ਅਤੇ ਰਾਜ ਵਿਭਾਗ ਦੇ ਆਰਥਿਕ, ਅਨੈਰਜੀ ਅਤੇ ਵਪਾਰਕ ਮਾਮਲਿਆਂ ਦੇ ਬਿਓਰੋ ਵਿਚ ਡਿਪਟੀ ਸਹਾਇਕ ਸੈਕਟਰੀ ਦੇ ਤੌਰ' ਤੇ ਕੰਮ ਕਰ ਚੁੱਕੀ ਹੈ। ਮਨੀਸ਼ਾ ਸਿੰਘ ਇਸ ਤੋਂ ਪਹਿਲਾਂ ਯੂਨਾਈਟਿਡ ਸਟੇਟ ਸੈਨੇਟ ਦੀ ਵਿਦੇਸ਼ੀ ਸੰਬੰਧ ਵਾਰੇ ਕਮੇਟੀ ਦੇ ਡਿਪਟੀ ਚੀਫ ਕੌਂਸਲਰ ਵੀ ਰਹਿ ਚੁੱਕੇ ਹਨ। ਉਹ ਅਮੈਰੀਕਨ ਵਿਦੇਸ਼ੀ ਨੀਤੀ ਕੌਂਸਲ ਵਿੱਚ ਅੰਤਰਰਾਸ਼ਟਰੀ ਆਰਥਿਕ ਮਾਮਲਿਆਂ ਦੀ ਸੀਨੀਅਰ ਫੈਲੋ ਵੀ ਸੀ ਅਤੇ ਵਿਦੇਸ਼ੀ ਸੰਬੰਧਾਂ ਦੀ ਕੌਂਸਲ ਦੀ ਮੈਂਬਰ ਸੀ।

**ਅਸ਼ੋਕ ਮਾਈਕਲ ਪਿੰਟੋ:**

ਤੀਜਾ ਨਾਮਜ਼ਦਗੀ ਇਲੀਨੋਇਸ ਦੇ ਅਸ਼ੋਕ ਮਾਈਕਲ ਪਿੰਟੋ ਦੀ ਹੈ ਜਿਸਨੂੰ ਦੋ ਸਾਲਾਂ ਦੀ ਮਿਆਦ ਲਈ ਪੁਨਰ ਨਿਰਮਾਣ ਅਤੇ ਵਿਕਾਸ ਲਈ ਅੰਤਰ ਰਾਸ਼ਟਰੀ ਬੈਂਕ ਦਾ ਯੂਨਾਈਟਿਡ ਸਟੇਟ ਅਲਟਰਨੇਟ ਐਗਜ਼ੈਕਟਿਵ ਡਾਇਰੈਕਟਰ ਬਣਾਇਆ ਗਿਆ ਹੈ।ਪਿੰਟੋ, ਜੋ ਸਾਬਕਾ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ਦੇ ਵਿਸ਼ੇਸ਼ ਸਹਾਇਕ ਅਤੇ ਸਹਿਯੋਗੀ ਸਲਾਹਕਾਰ ਵਜੋਂ ਕੰਮ ਕਰ ਚੁੱਕਾ ਹੈ, ਇਸ ਸਮੇਂ ਸੰਯੁਕਤ ਰਾਜ ਦੇ ਖਜ਼ਾਨਾ ਵਿਭਾਗ ਵਿੱਚ ਅੰਤਰਰਾਸ਼ਟਰੀ ਮਾਮਲਿਆਂ ਦੇ ਅੰਡਰ ਸੈਕਟਰੀ ਦੇ ਕੌਂਸਲਰ ਵਜੋਂ ਕੰਮ ਕਰਦਾ ਹੈ।ਉਸ ਨੇ ਸਟੈਨਫੋਰਡ ਯੂਨੀਵਰਸਿਟੀ ਤੋਂ ਬੀ.ਏ. ਅਤੇ ਇਲੀਨੋਇਸ ਕਾਲਜ ਆਫ਼ ਲਾਅ ਯੂਨੀਵਰਸਿਟੀ ਤੋਂ ਜੇ.ਡੀ. ਉਸਨੇ ਕਾਂਗਰਸ ਵਿਚ ਸੀਨੀਅਰ ਲੀਡਰਸ਼ਿਪ ਦੀਆਂ ਭੂਮਿਕਾਵਾਂ ਵੀ ਨਿਭਾਈਆਂ, ਜਿਨਾਂ ਵਿਚ ਸੈਨੇਟ ਵਿਚ ਵਣਜ, ਵਿਗਿਆਨ ਅਤੇ ਟ੍ਰਾਂਸਪੋਰਟੇਸ਼ਨ ਕਮੇਟੀ ਲਈ ਮੁੱਖ ਜਾਂਚ ਅਧਿਕਾਰੀ ਅਤੇ ਨੀਤੀ ਨਿਰਦੇਸ਼ਕ ਵੀ ਸ਼ਾਮਿਲ ਹਨ ।

# ਟਰੇਸੀ ਦੇ ਇੱਕ ਗੁਰਦੁਆਰਾ ਵੱਲ ਕੁਝ ਅਣਪਛਾਤਿਆਂ ਵਲੋਂ ਗੋਲੀਬਾਰੀ, ਪੰਜ ਹਿਰਾਸਤ ਚ ਲਏ



ਟਰੇਸੀ/ਹੁਸਨ ਲੜੋਆ ਬੰਗਾ:ਬੀਤੇ ਦਿਨ ਟਰੇਸੀ, ਕੈਲੀਫੋਰਨੀਆ ਦੇ ਇੱਕ ਗੁਰਦੁਆਰਾ ਵੱਲ ਕੁਝ ਅਣਪਛਾਤਿਆਂ ਲੋਕਾਂ ਵਲੋਂ ਗੋਲੀਆਂ ਚਲਾਉਣ ਦੀ ਖ਼ਬਰ ਨੇ ਇਕ ਵਾਰ ਤਾਂ ਸਥਾਨਕ ਸਿੱਖ ਭਾਇਚਾਰੇ ਨੂੰ ਦਹਿਸ਼ਤ ਚ ਪਾ ਦਿੱਤਾ ਸੀ ਪਰ ਹਕੀਕਤ ਕੁਝ ਹੋਰ ਨਿਕਲਣ ਕਾਰਣ ਭਾਈਚਾਰੇ ਨੇ ਸੁੱਖ ਦਾ ਸਾਹ ਲਿਆ। ਫਿਰ ਵੀ ਸਥਾਨਕ ਪੁਲੀਸ ਨੇ ਇਸ ਨੂੰ ਗੰਭਿਰਤਾ ਚ ਲੈਂਦੇ ਹੋਏ ਪੰਜ ਵਿਆਕਤੀ ਹਿਰਾਸਤ ਚ ਲੈ ਲਏ ਗਏ ਹਨ। ਸੈਨ ਵਾਕਿਨ ਕਾਊਂਟੀ ਸ਼ੈਰਿਫ ਦੇ ਦਫਤਰ ਮੁਤਾਬਿਕ ਸ਼ਾਮ ਛੇ ਵਜੇ ਤੋਂ ਬਾਅਦ, ਉਨਾਂ ਨੂੰ ਕਈ ਰਿਪੋਰਟਾਂ ਮਿਲੀਆਂ ਕਿ ਕਿਸੇ ਨੇ ਵੈਸਟ ਗ੍ਰਾਂਟ ਲਾਈਨ ਰੋਡ ਤੋਂ ਥੋੜੀ ਦੇਰ ਤੱਕ ਸਿੱਖ ਗੁਰਦੁਆਰਾ ਵੱਲ ਗੋਲੀਆਂ ਚਲਾਈਆਂ ਹਨ ਤੇ ਇਤਲਾਹ ਕਰਨ ਵਾਲਿਆਂ ਨੇ ਕਿਹਾ ਕਿ ਗੋਲੀਬਾਰੀ ਹੈਨਸਨ ਰੋਡ 'ਤੇ ਨਜ਼ਦੀਕੀ ਜਾਇਦਾਦ ਤੋਂ ਆ ਰਹੀ ਸੀ। ਸ਼ੈਰਿਫ ਦੇ ਦਫ਼ਤਰ ਦੇ ਅਨੁਸਾਰ ਟ੍ਰੇਸੀ ਪੁਲੀਸ ਅਫਸਰਾਂ ਨੇ ਘਟਨਾ ਵਾਲੀ ਥਾਂ ਤੇ ਜਾ ਕੇ ਪੰਜ ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ ਜਿਨਾਂ ਕੋਲੋਂ ਤਿੰਨ ਰਾਈਫਲਾਂ ਤੇ ਦੋ ਪਸਤੋਲ ਬਰਾਮਦ ਕੀਤੇ ਗਏ ਹਨ ਤੇ ਉਨਾਂ ਉਪਰ ਅਣਗਹਿਲੀ ਨਾਲ ਵਰਤੇ ਅਸਲੇ ਦਾ ਕੇਸ ਪਾਇਆ ਗਿਆ ਹੈ । ਪੁਲੀਸ ਦੀ ਜਾਂਚ ਤੋਂ ਬਾਅਦ , ਪਤਾ ਚਲਿਆ ਹੈ ਕਿ ਇੱਕ ਪਰਿਵਾਰ ਦੇ ਮੈਂਬਰ ਜ਼ਮੀਨੀ ਖੰਭਿਆਂ ਵਿੱਚ ਗੋਲੀ ਮਾਰ ਰਹੇ ਸਨ ਤੇ ਕੁਝ ਗੋਲੀਆਂ ਦੀ ਦਿਸ਼ਾ ਗੁਰਦੁਆਰਾ ਵੱਲ ਚਲੇ ਗਈ ਇਸ ਦੌਰਾਨ ਕੋਈ ਜ਼ਖਮੀ ਨਹੀਂ ਹੋਇਆ ਸੀ ਪਰ ਨੇੜੇ ਹੀ ਇੱਕ ਖੜੀ ਕਾਰ ਦੀ ਇੱਕ ਖਿੜਕੀ ਵਿੱਚ ਗੋਲੀ ਜ਼ਰੂਰ ਲੱਗੀ ਜਿਸਦੇ ਸ਼ੀਸੇ ਟੱਟ ਗਏ। ਗੁਰਦੁਆਰਾ ਸਾਹਿਬ ਵਿੱਚ ਸਭ ਕੁਝ ਬੰਦ ਹੋਣ ਕਰਕੇ ਸੰਗਤ ਦੀ ਭੀੜ ਨਹੀਂ ਸੀ। ਸਥਾਨਕ ਗੁਰਦੁਆਰਾ ਦੇ ਪ੍ਰਬੰਧਕਾਂ ਨੇ ਵੀ ਦੱਸਿਆ ਕਿ ਗੁਰਦੁਆਰਾ ਸਾਹਿਬ ਦਾ ਕੋਈ ਜਾਨੀ ਤੇ ਮਾਲੀ ਨੁਕਸਾਨ ਨਹੀਂ ਹੋਇਆ।




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਅਮਰੀਕਾ ਵਿਚ ਬਹੁਤੀਆਂ ਨਰਸਾਂ ਹੋਈਆਂ ਬੇਰੁਜ਼ਗਾਰ

**ਨਿਊਯਾਰਕ/ਏ.ਟੀ.ਨਿਊਜ਼:** ਕੋਰੋਨਾ ਸੰਕਟ ਸਮੇਂ ਵਿੱਚ ਜਦੋਂ ਮੈਡੀਕਲ ਪੇਸ਼ੇਵਰ ਆਪਣਾ ਜੀਵਨ ਖ਼ਤਰੇ ਵਿੱਚ ਪਾ ਰਹੇ ਹਨ, ਉਦੋਂ ਅਮਰੀਕਾ ਵਿੱਚ ਹਜ਼ਾਰਾਂ ਡਾਕਟਰਾਂ ਦੀ ਤਨਖ਼ਾਹ ਵਿੱਚ ਵੱਡੀ ਕਟੌਤੀ ਕੀਤੀ ਜਾ ਰਹੀ ਹੈ। ਅਮਰੀਕਾ ਦੇ ਕੁਝ ਹਿੱਸਿਆਂ ਵਿੱਚ ਜਿੱਥੇ ਨਰਸਿੰਗ ਸਟਾਫ਼ ਦੀ ਘਾਟ ਦੀ ਗੱਲ ਹੋ ਰਹੀ ਹੈ, ਉੱਥੇ ਹੀ ਅਮਰੀਕਾ ਵਿੱਚ ਕਈ ਨਰਸਾਂ ਨੂੰ ਬਿਨਾਂ ਤਨਖ਼ਾਹ ਦੇ ਘਰਾਂ ਵਿੱਚ ਰਹਿਣ ਲਈ ਕਿਹਾ ਜਾ ਰਿਹਾ ਹੈ। ਅਜਿਹਾ ਇਸ ਲਈ ਹੈ ਕਿਉਂਕਿ ਕੋਰੋਨਾਵਾਇਰਸ ਸੰਕਟ ਦੌਰਾਨ ਮਾਲੀਆ ਪੈਦਾ ਕਰਨ ਲਈ ਅਮਰੀਕੀ ਸਿਹਤ ਸੇਵਾ ਕੰਪਨੀਆਂ ਲਾਗਤ ਵਿੱਚ ਕਟੌਤੀ ਕਰ ਰਹੀਆਂ ਹਨ।



ਬੁਰੀ ਤਰਾਂ ਨਿਰਾਸ਼ ਹੋਈ ਮਾਰੀਆ ਬਕਸਟਨ ਕਹਿੰਦੀ ਹੈ, "ਨਰਸਾਂ ਨੂੰ ਨਾਇਕ ਕਿਹਾ ਜਾ ਰਿਹਾ ਹੈ, ਪਰ ਅਸਲ ਵਿੱਚ ਮੈਂ ਨਾਇਕ ਦੀ ਤਰਾਂ ਮਹਿਸੂਸ ਨਹੀਂ ਕਰ ਰਹੀ, ਕਿਉਂਕਿ ਮੈਂ ਆਪਣੇ ਹਿੱਸੇ ਦਾ ਕੰਮ ਨਹੀਂ ਕਰ ਰਹੀ ਹਾਂ।" ਬਕਸਟਨ ਸੇਂਟ ਪਾਲ, ਮਿਨੀਸੋਟਾ ਵਿੱਚ ਇੱਕ ਬੱਚਿਆਂ ਦੇ ਹਸਪਤਾਲ ਦੀ ਨਰਸ ਹੈ, ਪਰ ਉਸ ਨੂੰ ਘਰ ਭੇਜ ਦਿੱਤਾ ਗਿਆ ਹੈ। ਜਿਸ ਯੂਨਿਟ ਵਿੱਚ ਬਕਸਟਨ ਨੇ ਕੰਮ ਕੀਤਾ, ਜ਼ਿਆਦਾਤਰ ਦੇਸ਼ਾਂ ਦੇ ਹਸਪਤਾਲਾਂ ਵਿੱਚ ਅਜਿਹੀ ਮੈਡੀਕਲ ਪ੍ਰਕਿਰਿਆ ਨੂੰ ਹੁਣ ਲਾਜ਼ਮੀ ਨਹੀਂ ਮੰਨਿਆ ਜਾਂਦਾ, ਇਸ ਲਈ ਇਨਾਂ ਨੂੰ ਬੰਦ ਕਰ ਦਿੱਤਾ ਹੈ। ਇਸ ਨਾਲ ਉੱਥੇ ਕੰਮ ਕਰਨ ਵਾਲਿਆਂ ਦੀ ਆਮਦਨੀ 'ਤੇ ਅਸਰ ਪਿਆ ਹੈ।

ਡਾ. ਸਾਇਨਾ ਪਾਰਕਸ ਦਾ ਕਹਿਣਾ ਹੈ, "ਅਪ੍ਰੈਲ ਮਹੀਨੇ ਵਿੱਚ ਮੇਰੇ ਲਈ 120 ਘੰਟੇ ਕੰਮ ਕਰਨ ਲਈ ਨਿਰਧਾਰਤ ਕੀਤੇ ਗਏ ਸਨ, ਪਰ ਮਾਰਚ ਦੇ ਅੱਧ ਵਿਚਕਾਰ ਮੈਂ ਸ਼ਡਿਊਲ ਦੇਖਿਆ ਤਾਂ ਮੇਰੇ ਸਾਰੇ ਕੰਮ ਕਰਨ ਦੇ ਘੰਟੇ ਕੱਟ ਦਿੱਤੇ ਗਏ ਸਨ। ਉਹ ਦੱਸਦੀ ਹੈ, "ਮੈਨੂੰ ਇਸ ਬਾਰੇ ਫੋਨ ਜਾਂ ਈਮੇਲ ਰਾਹੀਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਬਸ ਐਕਸ਼ਨ ਲੈ ਲਿਆ ਗਿਆ, ਇਹ ਇੱਕ ਬਹੁਤ ਹੀ ਅਸਹਿਜ ਅਹਿਸਾਸ ਸੀ।" ਅਮਰੀਕਾ ਦੇ ਕੁਝ ਹਿੱਸਿਆਂ ਵਿੱਚ ਜਿੱਥੇ ਨਰਸਿੰਗ ਸਟਾਫ਼ ਦੀ ਘਾਟ ਦੀ ਗੱਲ ਹੋ ਰਹੀ ਹੈ, ਉੱਥੇ ਹੀ ਦੇਸ਼ ਵਿੱਚ ਕਈ ਨਰਸਾਂ ਨੂੰ ਬਿਨਾਂ ਤਨਖ਼ਾਹ ਦੇ ਘਰਾਂ ਵਿੱਚ ਰਹਿਣ ਲਈ ਕਿਹਾ ਜਾ ਰਿਹਾ ਹੈ। ਡਾ. ਪਾਰਕਸ ਮਿਸ਼ੀਗਨ ਵਿੱਚ ਸਥਿਤ ਐਮਰਜੈਂਸੀ ਮੈਡੀਸਨ ਵਿੱਚ ਇੱਕ ਮਾਹਿਰ ਹੈ, ਪਰ ਉਹ ਓਹਾਈਓ ਅਤੇ ਔਕਲਾਹੋਮਾ ਦੇ ਹਸਪਤਾਲਾਂ ਵਿੱਚ ਕੰਮ ਕਰਦੀ ਹੈ। ਉਹ ਜਿਹੜੇ ਵਿਭਾਗਾਂ ਵਿੱਚ ਕੰਮ ਕਰਦੀ ਹੈ, ਉਹ ਅਜੇ ਵੀ ਖੁੱਲੇ ਹਨ, ਪਰ ਮਰੀਜ਼ ਨਹੀਂ ਆ ਰਹੇ। ਡਾ. ਪਾਰਕਸ ਨੇ ਕਿਹਾ, "ਮੈਂ ਆਪਣੀ ਖੁੱਸੀ ਹੋਈ ਆਮਦਨੀ ਨੂੰ ਪੂਰਾ ਕਰਨ ਲਈ ਪਿਛਲੇ ਮਹੀਨੇ ਟੈਲੀਮੈਡੀਸਨ ਜ਼ਰੀਏ ਥੋੜੀ ਜਿਹੀ ਕਮਾਈ ਕੀਤੀ ਹੈ।"

"ਮੈਂ ਲਗਭਗ ਹਰੇਕ ਮਰੀਜ਼ ਤੋਂ ਇਹ ਸੁਣ ਰਹੀ ਹਾਂ ਕਿ ਉਹ ਅਸਲ ਵਿੱਚ ਹਸਪਤਾਲਾਂ ਵਿੱਚ ਜਾਣਾ ਹੀ ਨਹੀਂ ਚਾਹੁੰਦੇ, ਕਿਉਂਕਿ ਉਹ ਕੋਰੋਨਾਵਾਇਰਸ ਤੋਂ ਡਰਦੇ ਹਨ।"

ਇਸ ਭਾਵਨਾ ਨੇ ਦੇਸ਼ ਭਰ ਦੇ ਐਮਰਜੈਂਸੀ ਵਿਭਾਗਾਂ ਨੂੰ ਆਮ ਨਾਲੋਂ ਕਿਤੇ ਜ਼ਿਆਦਾ ਸ਼ਾਂਤ ਕਰ ਦਿੱਤਾ ਹੈ। ਜੇਕਰ ਅਸੀਂ ਮਰੀਜ਼ਾਂ ਨੂੰ ਨਹੀਂ ਦੇਖ ਰਹੇ ਹਾਂ ਤਾਂ ਅਸੀਂ ਮਾਲੀਆ ਵੀ ਨਹੀਂ ਪੈਦਾ ਕਰ ਪਾ ਰਹੇ। ਸਾਨੂੰ ਪ੍ਰਤੀ ਘੰਟਾ ਭੁਗਤਾਨ ਕੀਤਾ ਜਾਂਦਾ ਹੈ,ਅਸੀਂ ਉਨਾਂ ਮਰੀਜ਼ਾਂ ਦੀ ਗਿਣਤੀ ਤੋਂ ਵੀ ਪੈਸਾ ਕਮਾਉਂਦੇ ਹਾਂ ਜਿਨਾਂ ਨੂੰ ਅਸੀਂ ਪ੍ਰਤੀ ਘੰਟਾ ਦੇਖਦੇ ਹਾਂ।"

ਡਾ. ਫੋਰਟ ਕਹਿੰਦੇ ਹਨ, "ਮੈਨੂੰ ਲੱਗਦਾ ਕਿ ਦੇਸ਼ ਵਿੱਚ ਕੋਈ ਅਜਿਹਾ ਹਸਪਤਾਲ ਨਹੀਂ ਹੈ ਜੋ ਇਸ ਹਾਲਾਤ ਵਿੱਚੋਂ ਨਹੀਂ ਲੰਘ ਰਿਹਾ, ਉਸ ਵਿੱਚ ਬਚੇ ਰਹਿਣ ਲਈ ਉਨਾਂ ਨੂੰ ਆਪਣੇ ਖ਼ਰਚ ਘਟਾਉਣ ਲਈ ਤੇ ਨਕਦੀ ਪ੍ਰਵਾਹ ਨੂੰ ਸੁਰੱਖਿਅਤ ਰੱਖਣ ਲਈ ਕੀ ਸਖ਼ਤ ਕਦਮ ਚੁੱਕਣ ਦੀ ਲੋੜ ਹੈ।"

ਉਨਾਂ ਦੇ ਹਸਪਤਾਲ ਨੂੰ ਇਸ ਸੰਕਟ ਦੌਰਾਨ ਸਰਕਾਰ ਤੋਂ ਲਗਭਗ 5.4 ਮਿਲੀਅਨ ਡਾਲਰ ਪ੍ਰਾਪਤ ਹੋਇਆ ਹੈ, ਪਰ ਇੱਥੇ ਅਜੇ ਵੀ ਵੱਡੀ ਘਾਟ ਹੈ ਅਤੇ ਹਸਪਤਾਲ ਇਸ ਗੱਲੋਂ ਨਿਸ਼ਚਤ ਨਹੀਂ ਹੈ ਕਿ ਅੱਗੇ ਆਉਣ ਵਾਲੇ ਮਹੀਨਿਆਂ ਵਿੱਚ ਸਰਕਾਰ ਵੱਲੋਂ ਹੋਰ ਕੀ ਮਦਦ ਕੀਤੀ ਜਾ ਸਕਦੀ ਹੈ। ਇੱਕ ਸਥਾਈ ਪ੍ਰਭਾਵ ਦੀ ਸੰਭਾਵਨਾ ਤੋਂ ਡਰਦੇ ਹੋਏ ਫੋਰਟ ਕਹਿੰਦੇ ਹਨ, "ਇਹ ਇੱਕ ਅਣਕਿਆਸੀ ਸਥਿਤੀ ਹੈ। ਉਨਾਂ ਨੇ ਕਿਹਾ, "ਜਦੋਂ ਇਹ ਸਭ ਖ਼ਤਮ ਹੋ ਜਾਵੇਗਾ ਤਾਂ ਅਸੀਂ ਸਾਰਿਆਂ ਨੂੰ ਸੰਪੂਰਨ ਰੁਜ਼ਗਾਰ ਵਿੱਚ ਵਾਪਸ ਲਿਆਉਣ ਦੀ ਆਸ ਕਰਦੇ ਹਾਂ। ਪਰ ਅਸੀਂ ਇਹ ਨਹੀਂ ਜਾਣਦੇ ਕਿ ਅੱਗੇ ਕਿ ਅਸੀਂ ਲੋਕਾਂ ਲਈ ਸੇਵਾਵਾਂ ਜੀ ਰੱਖਣ ਦੇ ਕਿੰਨਾ ਸਮਰੱਥ ਹੋਵਾਂਗੇ।"

ਡਾ. ਜੇਨ ਜੇਨਬ ਕਹਿੰਦੀ ਹੈ, "ਇਹ ਅਪਰਾਧਕ ਵਰਤਾਰਾ ਹੈ ਕਿ ਇਹ ਲੋਕ ਆਪਣਾ ਸਮਾਂ ਦੇ ਰਹੇ ਹਨ ਅਤੇ ਉਨਾਂ ਦੀ ਤਨਖਾਹ ਵਿੱਚ ਕਟੌਤੀ ਅਜਿਹੇ ਸਮੇਂ ਕੀਤੀ ਜਾ ਰਹੀ ਹੈ ਜਦੋਂ ਉਹ ਆਪਣੀ ਜਾਨ ਸੰਕਟ ਵਿੱਚ ਪਾ ਰਹੇ ਹਨ, ਇਹ ਸਾਡੇ ਕਰੀਅਰ ਦਾ ਸਭ ਤੋਂ ਖਤਰਨਾਕ ਸਮਾਂ ਹੈ ਕਿ ਅਸੀਂ ਰੋਜ਼ਾਨਾ ਕੰਮ ਕਰਨ ਲਈ ਆ ਰਹੇ ਹਾਂ, ਪਰ ਤਨਖਾਹ ਵਿੱਚ ਕਟੌਤੀ ਕੀਤੀ ਜਾ ਰਹੀ ਹੈ।" ਡਾ. ਜੇਨਬ ਡੇਨਵਰ, ਕੋਲਾਰਾਡੋ ਵਿੱਚ ਐਮਰਜੈਂਸੀ ਮੈਡੀਸਨ ਵਿੱਚ ਡਾਕਟਰ ਹਨ।

ਡਾ. ਜੇਨਬ ਕਹਿੰਦੀ ਹੈ, "ਅੱਜ ਅਮਰੀਕਾ ਵਿੱਚ ਇਹ ਮੈਡੀਕਲ ਸਹੂਲਤਾਂ ਸਭ ਤੋਂ ਵੱਡੇ ਮੁੱਦਿਆਂ ਵਿੱਚੋਂ ਇੱਕ ਹੈ, ਇਹ ਇੱਕ ਬਿਜ਼ਨਸ ਬਣ ਗਈ ਹੈ। ਪਹਿਲਾਂ ਅਜਿਹਾ ਨਹੀਂ ਸੀ। ਉਨਾਂ ਕਿਹਾ, "ਕਾਰਪੋਰੇਟ ਦਾ ਬੋਲਬਾਲਾ ਹੈ, ਜੇਕਰ ਇਮਾਨਦਾਰੀ ਨਾਲ ਕਹੀਏ ਤਾਂ ਹਸਪਤਾਲ ਮਰੀਜ਼ਾਂ ਦੀ ਤੁਲਨਾ ਵਿੱਚ ਲਾਭ ਬਾਰੇ ਜ਼ਿਆਦਾ ਚਿੰਤਤ ਹਨ।"

# 45 ਲੱਖ ਅਮਰੀਕੀਆਂ ਨੇ ਬੇਰੁਜ਼ਗਾਰੀ ਰਾਹਤ ਲਈ ਦਿੱਤੀਆਂ ਦਰਖਾਸਤਾਂ



**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਕੋਰੋਨਾਵਾਇਰਸ ਕਾਰਨ ਲੱਖਾਂ ਕਾਰੋਬਾਰੀਆਂ ਨੂੰ ਆਪਣੇ ਕੰਮ ਧੰਦੇ ਬੰਦ ਕਰਨ ਲਈ ਮਜਬੂਰ ਕਰ ਦੇਣ ਉਪਰੰਤ ਪਿਛਲੇ 5 ਹਫ਼ਤਿਆਂ ਦੌਰਾਨ 2 ਕਰੋੜ 60 ਲੱਖ ਅਮਰੀਕੀਆਂ ਨੇ ਬੇਰੁਜ਼ਗਾਰੀ ਰਾਹਤ ਲੈਣ ਲਈ ਦਰਖਾਸਤਾਂ ਦਿੱਤੀਆਂ ਹਨ। ਪਿਛਲੇ ਹਫ਼ਤੇ 45 ਲੱਖ ਨਵੇਂ ਬੇਰੁਜ਼ਗਾਰ ਸਾਹਮਣੇ ਆਏ ਹਨ ਤੇ ਉਨਾਂ ਨੇ ਰਾਹਤ ਲਈ ਅਰਜੀਆਂ ਦਿੱਤੀਆਂ ਹਨ। ਅੱਧ ਮਾਰਚ ਤੋਂ ਬਾਅਦ 6 ਵਿਚੋਂ ਇਕ ਅਮਰੀਕੀ ਦੀ ਨੌਕਰੀ ਜਾਂਦੀ ਰਹੀ ਹੈ। ਆਰਥਕ ਮਾਹਿਰਾਂ ਨੇ ਭਵਿੱਖਬਾਣੀ ਕੀਤੀ ਹੈ ਕਿ ਮਈ ਵਿਚ ਬੇਰੁਜ਼ਗਾਰੀ ਦਰ 20% ਹੋ ਸਕਦੀ ਹੈ। ਕੋਰੋਨਾਵਾਇਰਸ ਨੇ ਇਸ ਸਮੇ ਅਮਰੀਕੀ ਅਰਥ ਵਿਵਸਥਾ ਲਈ ਬਹੁਤ ਗੰਭੀਰ ਆਰਥਕ ਸੰਕਟ ਖੜਾ ਕਰ ਦਿੱਤਾ ਹੈ। ਕੁਝ ਮਾਹਿਰਾਂ ਅਨੁਸਾਰ ਭਿਆਨਕ ਮੰਦਾ ਜੋ 2009 ਵਿਚ ਖਤਮ ਹੋਇਆ ਸੀ ਨਾਲੋਂ ਦੋ ਗੁਣਾ ਉਤਪਾਦਨ ਘਟ ਸਕਦਾ ਹੈ। ਆਰਥਕ ਮੰਦਹਾਲੀ ਕਾਰਨ ਬਹੁਤ ਸਾਰੇ ਰਾਜਾਂ ਦੀਆਂ ਰਾਜਧਾਨੀਆਂ ਵਿਚ ਲੋਕਾਂ ਵੱਲੋਂ ਕਾਰੋਬਾਰ ਮੁੜ ਖੋਲਣ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤੇ ਗਏ ਹਨ। ਹਾਲਾਂ ਕਿ ਸਿਹਤ ਅਧਿਕਾਰੀਆਂ ਦੀਆਂ ਚਿਤਾਵਨੀਆਂ ਦੇ ਬਾਵਜੂਦ ਕੁਝ ਰਾਜਪਾਲਾਂ ਨੇ ਪਾਬੰਦੀਆਂ ਵਿਚ ਰਾਹਤ ਦੇਣੀ ਸ਼ੁਰੂ ਕਰ ਦਿੱਤੀ ਹੈ ਪਰ ਜਿਆਦਾਤਰ ਰਾਜਾਂ ਵਿਚ ਅਜੇ ਕਾਰੋਬਾਰੀ ਸਰਗਰਮੀਆਂ ਠੱਪ ਹਨ।

# ਸਾਜਿਦ ਤਰਾਰ ਨੇ ਪਾਕਿਸਤਾਨ ਰਾਹਤ ਫੰਡ 'ਚ ਭੇਜੇ 5 ਲੱਖ ਰੁਪਏ



**ਵਾਸ਼ਿੰਗਟਨ ਡੀ. ਸੀ./ਰਾਜ ਗੋਗਨਾ:** ਅਮਰੀਕਾ ਦੀ ਉੱਘੀ ਸਖਸ਼ੀਅਤ ਸਾਜਿਦ ਤਰਾਰ ਜੋ ਕਿ ਅਮਰੀਕਾ 'ਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਐਡਵਾਈਜ਼ਰ ਅਤੇ ਮੁਸਲਿਮ ਫਾਰ ਟਰੰਪ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਸਾਜਿਦ ਤਰਾਰ ਵਲੋਂ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਰਾਹਤ ਫੰਡ ਵਿੱਚ ਪੰਜ ਲੱਖ ਰੁਪਏ ਭੇਜੇ ਹਨ। ਇਸ ਮੌਕੇ ਉਨ੍ਹਾਂ ਇਮਰਾਨ ਖਾਨ ਦੀ ਤਾਰੀਫ ਕਰਦਿਆਂ ਕਿਹਾ ਕਿ ਇਮਰਾਨ ਖਾਨ ਪਾਕਿਸਤਾਨ ਦੀ ਅਵਾਮ ਨਾਲ ਹਰ ਦੁੱਖ ਸੁੱਖ ਦੀ ਘੜੀ ਵਿੱਚ ਖੜ੍ਹੇ ਹਨ। ਉਹਨਾਂ ਦੀਆਂ ਸੁੱਖ ਸਹੂਲਤਾਂ ਨੂੰ ਯਕੀਨੀ ਬਣਾਉਣ ਵਾਸਤੇ ਇੱਕ ਵੈੱਬ ਪੋਰਟਲ ਵੀ ਲਾਂਚ ਕੀਤਾ ਹੈ ਜਿਸ ਤਹਿਤ ਲੋਕ ਕੈਸ਼ ਸਹੂਲਤ ਦਾ ਲਾਹਾ ਲੈ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸ ਸੰਸਾਰ ਪੱਧਰੀ ਮਹਾਂਮਾਰੀ ਤੋਂ ਅਸੀਂ ਇੱਕ ਦੂਜੇ ਦੀ ਸਹਾਇਤਾ ਕਰਕੇ ਹੀ ਬਾਹਰ ਨਿਕਲ ਸਕਦੇ ਹਾਂ। ਸਾਨੂੰ ਵੱਧ ਤੋਂ ਵੱਧ ਗਰੀਬ ਪਰਿਵਾਰਾਂ ਦਾ ਸਹਿਯੋਗ ਕਰਨਾ ਚਾਹੀਦਾ ਹੈ। ਸਾਜਿਦ ਤਰਾਰ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਇਸ ਨੇਕ ਕੰਮ ਲਈ ਬਹੁਤ ਸ਼ਲਾਘਾ ਕੀਤੀ ਤੇ ਉਨ੍ਹਾਂ ਨਾਲ ਹਰ ਪੱਖੋਂ ਨਾਲ ਖੜ੍ਹਨ ਦਾ ਤਹੱਈਆ ਕੀਤਾ।

# ਚੜ੍ਹਦੀ ਕਲਾ ਵਾਲੀਆਂ ਥਾਣੇਦਾਰ ਸਿੱਖ ਬੀਬੀਆਂ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਪੰਜਾਬ ਪੁਲਿਸ ਵਿਚ ਕੰਮ ਕਰਦੀਆਂ ਤਿੰਨ ਅੰਮ੍ਰਿਤਧਾਰੀ ਲੜਕੀਆਂ ਤਿੰਨ ਸਬ ਇੰਸਪੈਕਟਰ ਲੜਕੀਆਂ ਜੋ ਪੁਲਿਸ ਵਰਦੀ ਪਹਿਨ ਕੇ ਦਸਤਾਰ ਸਜਾਉਂਦੀਆਂ ਹਨ। ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਜ਼ਦੀਕ ਪਿੰਡ ਚੱਕ ਮਿਸ਼ਰੀ ਖਾਂ ਵਿਚ ਮਾਤਾ ਹਰਜੀਤ ਕੌਰ ਤੇ ਪਿਤਾ ਲਾਲ ਸਿੰਘ ਦੇ ਘਰ ਜਨਮੀ ਗੁਰਵਿੰਦਰ ਕੌਰ ਨੂੰ ਗੁਰਮਤਿ ਸਭਿਆਚਾਰ ਦੀ ਗੁੜਤੀ ਪਰਿਵਾਰ ਵਿਚੋਂ ਹੀ ਮਿਲੀ। ਉਸ ਦੇ ਮਾਤਾ-ਪਿਤਾ ਦੋਵੇਂ ਅੰਮ੍ਰਿਤਧਾਰੀ ਹੋਣ ਕਾਰਨ ਉਸ ਨੂੰ ਸ਼ੁਰੂ ਤੋਂ ਹੀ ਧਰਮ ਦੀ ਸਿੱਖਿਆ ਮਿਲਦੀ ਰਹੀ। ਸੋ, ਕਾਲਜ ਦੀ ਪੜਾਈ ਦੌਰਾਨ ਗੁਰਵਿੰਦਰ ਨੇ ਅੰਮ੍ਰਿਤਪਾਨ ਕਰ ਲਿਆ ਅਤੇ ਆਪਣੀ ਸਾਥਣ ਰਜਵੰਤ ਕੌਰ ਨਾਲ ਮਿਲ ਕੇ ਦਸਤਾਰ ਸਜਾਉਣੀ ਸ਼ੁਰੂ ਕਰ ਦਿੱਤੀ। ਗੁਰਵਿੰਦਰ ਕੌਰ ਦਾ ਕਹਿਣਾ ਹੈ ਕਿ ਉਸ ਨੇ ਗੁਰੂ ਦੀ ਕਿਰਪਾ ਨਾਲ ਨਿਤਨੇਮ ਦਾ ਪਾਠ ਕਦੇ ਨਹੀਂ ਖੁੰਝਾਇਆ। ਕਈ ਵਾਰ ਤਾਂ ਡਿਊਟੀ ਦੌਰਾਨ ਹੀ ਪਾਠ ਕਰਨਾ ਪੈਂਦਾ ਹੈ। ਪਰਿਵਾਰ ਨਾਲ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੈਂਚੀ ਤੋਂ ਸਹਿਜ ਪਾਠ ਸ਼ੁਰੂ ਕਰਨ ਵਾਲੀ ਗੁਰਵਿੰਦਰ ਕੌਰ ਨੇ ਦੱਸਿਆ ਕਿ ਵਾਹਿਗੁਰੂ ਦੀ ਕਿਰਪਾ ਨਾਲ ਉਸ ਦੀ ਦਸਤਾਰ ਬਾਰੇ ਕਦੇ ਕਿੰਤੂ-ਪਰੰਤੂ ਨਹੀਂ ਹੋਇਆ, ਸਗੋਂ ਉਸ ਨੂੰ ਸਤਿਕਾਰ ਦੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ। ਕੈਲੀਗਰਾਫ਼ੀ ਦਾ ਸ਼ੌਕ ਰੱਖਦੀ ਗੁਰਵਿੰਦਰ ਕੌਰ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਦਰਬਾਰ ਸਾਹਿਬ ਦੀ ਉੱਪਰਲੀ ਮੰਜ਼ਿਲ ਉੱਤੇ ਚਿੱਤਰਕਾਰੀ ਪ੍ਰੋਜੈਕਟ ਵਿਚ 7 ਮਹੀਨੇ ਸੇਵਾ ਨਿਭਾਈ। ਘੋੜਸਵਾਰੀ ਦਾ ਸ਼ੌਕ ਉਸ ਨੇ ਪੰਜਾਬ ਪੁਲਿਸ ਵਿਚ ਟ੍ਰੇਨਿੰਗ ਦੌਰਾਨ ਪੂਰਾ ਕਰ ਲਿਆ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐਮ. ਏ. ਧਰਮ ਅਧਿਐਨ ਕਰ ਰਹੀ ਗੁਰਵਿੰਦਰ ਕੌਰ ਸਾਹਿਤ ਨਾਲ ਜੁੜੀ ਹੋਈ ਹੈ।



ਗੁਰਵਿੰਦਰ ਕੌਰ — ਰਜਿੰਦਰ ਕੌਰ — ਸਿਮਰਨ ਕੌਰ

ਮਾਤਾ ਲਖਵਿੰਦਰ ਕੌਰ ਅਤੇ ਪਿਤਾ ਸੁਖਵਿੰਦਰ ਸਿੰਘ ਦੇ ਘਰ ਬਟਾਲਾ ਵਿਖੇ ਜਨਮੀ ਸਿਮਰਨ ਕੌਰ ਨੂੰ ਵੀ ਗੁਰਬਾਣੀ ਦੀ ਗੁੜਤੀ ਉਸ ਦੇ ਘਰੋਂ ਹੀ ਮਿਲੀ ਹੈ। ਭਾਰਤੀ ਫ਼ੌਜ ਵਿਚ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ (ਹੁਣ ਸੇਵਾ ਮੁਕਤ ਸੂਬੇਦਾਰ) ਸੁਖਵਿੰਦਰ ਸਿੰਘ ਨੇ ਆਪਣੀ ਲਾਡਲੀ ਬੇਟੀ ਸਿਮਰਨ ਨੂੰ ਗੁਰਮਤਿ ਨਾਲ ਬਚਪਨ ਤੋਂ ਜੋੜ ਲਿਆ ਸੀ ਅਤੇ ਮਾਤਾ ਲਖਵਿੰਦਰ ਕੌਰ ਵਲੋਂ ਹੱਲਾਸ਼ੇਰੀ ਮਿਲਦੀ ਰਹੀ। ਸਿਮਰਨ ਕੌਰ ਬਚਪਨ ਤੋਂ ਹੀ ਅੰਮ੍ਰਿਤਪਾਨ ਕਰਨ ਪਿੱਛੋਂ ਦੁਮਾਲਾ ਸਜਾਉਣ ਲੱਗ ਪਈ ਸੀ ਪਰ ਪੰਜਾਬ ਪੁਲਿਸ ਵਿਚ ਭਰਤੀ ਹੋਣ ਪਿੱਛੋਂ ਉਸ ਨੇ ਦਸਤਾਰ ਸਜਾਉਣੀ ਸ਼ੁਰੂ ਕਰ ਦਿੱਤੀ। ਸਿਮਰਨ ਕੌਰ ਬੜੇ ਮਾਣ ਨਾਲ ਦੱਸਦੀ ਹੈ ਕਿ ਡਿਊਟੀ ਸਖ਼ਤ ਹੋਣ ਦੇ ਬਾਵਜੂਦ ਗੁਰੂ ਦੀ ਕਿਰਪਾ ਨਾਲ ਨਿਤਨੇਮ ਵਿਚ ਕਦੇ ਨਾਗਾ ਨਹੀਂ ਪਿਆ। ਗੁਰਦਾਸਪੁਰ ਦੇ ਮਾਤਾ ਹਰਜਿੰਦਰ ਕੌਰ ਅਤੇ ਪਿਤਾ ਸੁਰਜੀਤ ਸਿੰਘ ਦੇ ਘਰ ਜਨਮੀ ਰਜਿੰਦਰ ਕੌਰ ਨੂੰ ਅੰਮ੍ਰਿਤਪਾਨ ਕਰਨ ਦੀ ਪ੍ਰੇਰਨਾ ਮਾਤਾ-ਪਿਤਾ ਤੋਂ ਮਿਲੀ ਕਿਉਂਕਿ ਸਾਰਾ ਪਰਿਵਾਰ ਅੰਮ੍ਰਿਤਧਾਰੀ ਹੈ। ਰਜਿੰਦਰ ਕੌਰ ਨੇ ਜਦ ਦਸਤਾਰਧਾਰੀ ਬੀਬੀਆਂ ਨੂੰ ਵੇਖਿਆ ਕਰਨਾ ਤਾਂ ਮਨ ਵਿਚ ਦਸਤਾਰਧਾਰੀ ਸਜਾਉਣ ਦਾ ਜਜ਼ਬਾ ਪੈਦਾ ਹੋਣ ਲੱਗਾ। ਜੀਵਨ ਜਾਚ ਨਾਲ ਸਬੰਧਿਤ ਸਾਹਿਤ, ਤਬਲਾ ਅਤੇ ਗਤਕਾ ਦਾ ਸ਼ੌਕ ਰੱਖਣ ਵਾਲੀ ਰਜਿੰਦਰ ਕੌਰ ਬੜੇ ਮਾਣ ਨਾਲ ਦਸਦੀ ਹੈ ਕਿ ਗੁਰੂ ਨੇ ਐਸੀ ਕਿਰਪਾ ਕਰ ਰੱਖੀ ਹੈ ਕਿ ਨਿਤਨੇਮ ਵਿਚ ਕਦੇ ਵਿਘਨ ਨਹੀਂ ਪਿਆ। ਰਜਿੰਦਰ ਕੌਰ ਦਾ ਕਹਿਣਾ ਹੈ ਕਿ ਗੁਰਦਾਸਪੁਰ ਤੋਂ ਡਾਕਟਰ ਸ਼ਿਵ ਸਿੰਘ ਦੀ ਪ੍ਰੇਰਨਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਹਾਸਲ ਕੀਤੀ ਅਤੇ ਹੁਣ ਪਾਠ ਕਰਨ ਵਿਚ ਅਨੰਦ ਮਹਿਸੂਸ ਕਰਦੀ ਹਾਂ। ਉਸ ਨੇ ਦੱਸਿਆ ਕਿ ਵਰਦੀ ਨਾਲ ਦਸਤਾਰ ਸਜਾਉਣ ਬਾਰੇ ਕਿਸੇ ਕਿੰਤੂ ਪਰੰਤੂ ਦੀ ਥਾਂ ਪ੍ਰਸੰਸਾ ਅਤੇ ਸਤਿਕਾਰ ਹਾਸਲ ਹੋ ਰਿਹਾ ਹੈ।

# ਪੰਜਾਬ ਤੋਂ ਮਜ਼ਦੂਰਾਂ ਦਾ ਪਰਵਾਸ

**ਜਲੰਧਰ/ਏ.ਟੀ.ਨਿਊਜ਼:** ਲੌਕਡਾਊਨ ਤੇ ਕਰਫ਼ਿਊ ਕਾਰਨ ਫਸੇ ਪਰਵਾਸੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਸੂਬਿਆਂ ਵਿੱਚ ਵਾਪਸ ਪਹੁੰਚਾਉਣ ਲਈ ਅੱਜ ਇੱਥੋਂ ਦੇ ਰੇਲਵੇ ਸਟੇਸ਼ਨ ਤੋਂ ਸ਼੍ਰਮਿਕ ਐਕਸਪ੍ਰੈੱਸ ਰੇਲਗੱਡੀ ਮਜ਼ਦੂਰਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਲੈ ਕੇ ਝਾਰਖੰਡ ਲਈ ਰਵਾਨਾ ਹੋਈ। ਇਸ ਗੱਡੀ ਵਿੱਚ ਕਰੀਬ 1200 ਪਰਵਾਸੀ ਮਜ਼ਦੂਰ ਸਵਾਰ ਸਨ। ਉਨ੍ਹਾਂ ਦੇ 7.12 ਲੱਖ ਰੁਪਏ ਦੇ ਬਣਦੇ ਕਿਰਾਏ ਦਾ ਭੁਗਤਾਨ ਪੰਜਾਬ ਸਰਕਾਰ ਨੇ ਰੇਲਵੇ ਨੂੰ ਅਦਾ ਕੀਤਾ ਹੈ। ਪੰਜਾਬ ਪਹਿਲਾ ਅਜਿਹਾ ਸੂਬਾ ਹੈ, ਜਿੱਥੋਂ ਗਏ ਪਰਵਾਸੀ ਮਜ਼ਦੂਰਾਂ ਦਾ ਕਿਰਾਇਆ ਸੂਬਾ ਸਰਕਾਰ ਨੇ ਭਰਿਆ ਹੈ। ਕਾਂਗਰਸ ਦੀ ਕੁੱਲ ਹਿੰਦ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ ਇਹ ਐਲਾਨ ਕੀਤਾ ਸੀ ਕਿ ਕਾਂਗਰਸ ਪਾਰਟੀ ਦੇਸ਼ ਅੰਦਰ ਆਪਣੇ ਸੂਬਿਆਂ ਨੂੰ ਜਾਣ ਵਾਲੇ ਮਜ਼ਦੂਰਾਂ ਦਾ ਕਿਰਾਇਆ ਦੇਵੇਗੀ।

ਇਸ ਰੇਲ ਗੱਡੀ ਦੇ ਰਵਾਨਾ ਹੋਣ ਦਾ ਸਮਾਂ ਸਵੇਰੇ ਸਾਢੇ 11 ਵਜੇ ਮਿਥਿਆ ਗਿਆ ਸੀ ਪਰ ਕਈ ਪਰਵਾਸੀ ਮਜ਼ਦੂਰ ਮੈਡੀਕਲ ਜਾਂਚ ਕੈਂਪਾਂ ਤੋਂ ਪੈਦਲ ਤੁਰ ਕੇ ਆਏ, ਜਿਸ ਕਾਰਨ ਗੱਡੀ ਕਰੀਬ ਡੇਢ ਵਜੇ ਰਵਾਨਾ ਹੋਈ। ਮਜ਼ਦੂਰਾਂ ਨੂੰ ਰੇਲ ਸਫ਼ਰ ਦੌਰਾਨ ਖਾਣੇ ਦੇ ਪੈਕੇਟ ਡੇਰਾ ਰਾਧਾ ਸੁਆਮੀ ਵੱਲੋਂ ਦਿੱਤੇ ਗਏ। ਰੇਲਵੇ ਸਟੇਸ਼ਨ ਤੋਂ ਇਸ ਵਿਸ਼ੇਸ਼ ਗੱਡੀ ਨੂੰ ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਅਤੇ ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਦੀ ਦੇਖ-ਰੇਖ ਵਿੱਚ ਰਵਾਨਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ 600 ਪਰਵਾਸੀ ਮਜ਼ਦੂਰਾਂ ਨੂੰ ਪਠਾਨਕੋਟ ਚੌਕ ਨੇੜੇ ਬੱਲੇ-ਬੱਲੇ ਫਾਰਮ, 300 ਮਜ਼ਦੂਰਾਂ ਨੂੰ ਖਾਲਸਾ ਸਕੂਲ ਨਕੋਦਰ ਰੋਡ ਅਤੇ 300 ਮਜ਼ਦੂਰਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਨਹਿਰੂ ਗਾਰਡਨ ਰੋਡ ਤੋਂ ਲਿਆਂਦਾਗਿਆ ਸੀ। ਮੈਡੀਕਲ ਸਕਰੀਨਿੰਗ ਤੋਂ ਬਾਅਦ ਇਨ੍ਹਾਂ ਪਰਵਾਸੀ ਮਜ਼ਦੂਰਾਂ ਨੂੰ ਪੰਜਾਬ ਸਰਕਾਰ ਵਲੋਂ ਮੁਹੱਈਆ ਕਰਵਾਈਆਂ ਗਈਆਂ 20 ਬੱਸਾਂ ਰਾਹੀਂ ਰੇਲਵੇ ਸਟੇਸ਼ਨ ਲਿਆਂਦਾ ਗਿਆ। ਰੇਲਵੇ ਸਟੇਸ਼ਨ 'ਤੇ ਕਈ ਪਰਵਾਸੀ ਮਜ਼ਦੂਰਾਂ ਨੇ ਗਿਲਾ ਕੀਤਾ ਕਿ ਉਹ ਮੈਡੀਕਲ ਚੈਕਅੱਪ ਕਰਵਾਉਣ ਲਈ ਤੜਕੇ ਚਾਰ ਵਜੇ ਮਿਥੀ ਥਾਂ 'ਤੇ ਆ ਗਏ ਸਨ ਪਰ ਉਨ੍ਹਾਂ ਲਈ ਖਾਣੇ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਸੀ ਤੇ ਨਾ ਹੀ ਉਥੇ ਪੀਣ ਵਾਲਾ ਪਾਣੀ ਮਿਲਿਆ। ਕਈ ਮਜ਼ਦੂਰਾਂ ਨੇ ਕਿਹਾ ਕਿ ਜਦੋਂ ਹਾਲਾਤ ਸੁਧਰਨਗੇ, ਉਹ ਉਦੋਂ ਪੰਜਾਬ ਵਾਪਸ ਆਉਣਗੇ। ਉਦੋਂ ਤੱਕ ਉਹ ਉਥੇ ਆਪਣੇ ਪਰਿਵਾਰਾਂ ਵਿੱਚ ਰਹਿ ਕੇ ਹੀ ਕੰਮ ਕਰਨਗੇ। ਕਈ ਔਰਤਾਂ ਨੇ ਗੋਦੀ ਵਿੱਚ ਨਵਜਾਤ ਬੱਚੇ ਚੁੱਕੇ ਹੋਏ ਸਨ, ਜਿਹੜੇ ਲੌਕਡਾਊਨ ਦੇ ਸਮੇਂ ਦੌਰਾਨ ਹੀ ਜਨਮੇ ਹਨ। ਮੈਡੀਕਲ ਸਕਰੀਨਿੰਗ ਤੋਂ ਲੈ ਕੇ ਰੇਲ ਗੱਡੀ ਵਿੱਚ ਚੜ੍ਹਾਉਣ ਤੱਕ ਪਰਵਾਸੀ ਮਜ਼ਦੂਰਾਂ ਵਿੱਚ ਸਮਾਜਿਕ ਦੂਰੀ ਨੂੰ ਬਰਕਰਾਰ ਰੱਖਣ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਸਨ। ਪਰਵਾਸੀ ਮਜ਼ਦੂਰਾਂ ਨੂੰ ਸਹੂਲਤਾਂ ਮੁਹੱਈਆ ਕਰਵਾਉਣ ਲਈ ਉਚ ਪੱਧਰੀ ਟੀਮ ਵਲੋਂ ਪੁਖਤਾ ਪ੍ਰਬੰਧ ਕੀਤੇ ਗਏ ਸਨ। ਇਸ ਟੀਮ ਵਿੱਚ ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ, ਵਧੀਕ ਕਮਿਸ਼ਨਰ ਨਗਰ ਨਿਗਮ ਬਬੀਤਾ ਕਲੇਰ, ਡਿਪਟੀ ਕਮਿਸ਼ਨਰ ਪੁਲੀਸ ਗੁਰਮੀਤ ਸਿੰਘ ਅਤੇ ਬਲਕਾਰ ਸਿੰਘ, ਵਧੀਕ ਡਿਪਟੀ ਕਮਿਸ਼ਨਰ ਪੁਲੀਸ ਡੀ. ਸੁਡਰਵਿਜ਼ੀ ਅਤੇ ਪੀਐੱਸ. ਭੰਡਾਰ, ਐੱਸਪੀ ਆਰਪੀਐੱਸ ਸੰਧੂ, ਉਪ ਮੰਡਲ ਮੈਜਿਸਟ੍ਰੇਟ ਰਾਹੁਲ ਸਿੰਧੂ ਅਤੇ ਡਾ. ਜੈ ਇੰਦਰ ਸਿੰਘ, ਸਕੱਤਰ ਆਰਟੀਏ ਬਰਜਿੰਦਰ ਸਿੰਘ ਅਤੇ ਹੋਰ ਸ਼ਾਮਲ ਹਨ।

# ਕੌਣ ਬਣਿਆ ਪੰਜਾਬ ’ਚ ਕਰੋਨਾ ਦਾ ਕੌਰੀਅਰ ?

## ਸਰਕਾਰੀ ਬੱਸਾਂ ਵਿਚ ਸ਼ਰਧਾਲੂ ਹੀ ਨਹੀਂ ਦੂਜੇ ਰਾਜਾਂ ’ਚ ਕੰਮ ਕਰਦੇ ਕਾਰੀਗਰ ਵੀ ਪਰਤੇ ਪੰਜਾਬ

**ਸ੍ਰੀ ਅੰਮ੍ਰਿਤਸਰ/ਨਰਿੰਦਰਪਾਲ ਸਿੰਘ:** ਪੰਜਾਬ ਵਿੱਚ ਅਚਨਚੇਤ ਹੀ ਕਰੋਨਾ ਵਾਇਰਸ ਦੇ ਮਰੀਜਾਂ ਦੀ ਗਿਣਤੀ ਵਿੱਚ ਬੇਹਿਸਾਬ ਵਾਧਾ ਕਿਵੇਂ ਹੋ ਗਿਆ? ਤਖਤ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਦੇ ਦਰਸ਼ਨਾਂ ਕਾਰਣ ਉਥੇ ਫਸ ਗਈਆਂ ਸੰਗਤਾਂ ਦੀ ਪੰਜਾਬ ਵਾਪਸੀ ਨੂੰ ਵੇਖਦਿਆਂ ਹਰ ਧਿਰ (ਉਹ ਸਰਕਾਰੀ ਹੋਵੇ ਜਾਂ ਮੀਡੀਆ) ਇਸਦਾ ਠੀਕਰਾ ਸਿੱਖ ਯਾਤਰੂਆਂ ਸਿਰ ਭੰਨਣਾ ਸ਼ੁਰੂ ਕਰ ਦਿੱਤਾ। ਗੁ: ਲੰਗਰ ਸਾਹਿਬ ਨੰਦੇੜ ਦੇ ਮੁਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ, ਬਾਬਾ ਨਰਿੰਦਰ ਸਿੰਘ ਬਾਰ ਬਾਰ ਕਹਿ ਰਹੇ ਸਨ ਕਿ ਨੰਦੇੜ ਵਿਖੇ ਰੁਕੀ ਸੰਗਤ ਦੀ ਸਕਰੀਨਿੰਗ ਕਰਵਾਈ ਗਈ ਸੀ। ਇਸਦੇ ਬਾਵਜੂਦ ਪੰਜਾਬ ਦੇ ਵੱਖ ਵੱਖ ਸ਼ਹਿਰਾਂ, ਪਿੰਡਾਂ ਤੇ ਕਸਬਿਆਂ ਵਿੱਚ ਕਰੋਨਾ ਵਾਇਰਸ ਤੋਂ ਪੀੜਤਾਂ ਦੀ ਗਿਣਤੀ ਰੁਕਣ ਦਾ ਨਾਮ ਨਹੀ ਲੈ ਰਹੀ।

ਮਾਮਲੇ ਦੀ ਗੰਭੀਰਤਾ ਨੂੰ ਲੈਕੇ ਜਦੋਂ ਮਹਾਂਰਾਸ਼ਟਰ ਸਰਕਾਰ ਨੇ ਗੁਰਦੁਆਰਾ ਲੰਗਰ ਸਾਹਿਬ ਹੀ ਸੀਲ ਕਰਨ ਦਿੱਤਾ ਤਾਂ ਕੁਝ ਸੰਜੀਦਾ ਧਿਰਾਂ ਨੇ ਨੰਦੇੜ ਤੋਂ ਵੱਖ ਵੱਖ ਬੱਸਾਂ ਰਾਹੀਂ ਪੰਜਾਬ ਲਿਆਂਦੇ ਗਏ ਯਾਤਰੂਆਂ ਦਾ ਵਰਗੀਕਰਣ ਕਰਨਾ ਸ਼ੁਰੂ ਕਰ ਦਿੱਤਾ। ਐਸਾ ਕਰਦਿਆਂ ਹੀ ਜੋ ਗੱਲ ਉਭਰ ਕੇ ਸਾਹਮਣੇ ਆਈ ਉਹ ਇਹੀ ਹੈ ਕਿ ਨੰਦੇੜ ਤੋਂ ਲਿਆਂਦੇ ਗਏ ਸਾਰੇ ਹੀ ਲੋਕ ਸ਼ਰਧਾਲੂ ਨਹੀ ਬਲਕਿ ਉਨ੍ਹਾਂ ਉਹ ਲੋਕ ਸਨ ਜੋ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਚੋਂ ਮਹਾਂਰਾਸ਼ਰਟਰ, ਗੁਜਰਾਤ, ਕਰਨਾਟਕ, ਤਾਮਿਲ ਨਾਡੂ, ਉੜੀਸਾ ਤੇ ਕੇਰਲਾ ਸੁਬਿਆਂ ਵਿੱਚ ਵੱਖ-ਵੱਖ ਕਪਾਹ ਉਤਾਪਦਨ ਨਾਲ ਜੁੜੀਆਂ ਫੈਕਟਰੀਆਂ ਵਿੱਚ ਕੰਮ ਕਰਨ ਗਏ ਹੋਏ ਸਨ।

ਹੁਸ਼ਿਆਰਪੁਰ ਖੇਤਰ ਨਾਲ ਜੁੜੇ ਇੱਕ ਸੇਵਾ ਮੁਕਤ ਬ੍ਰਿਗੇਡੀਅਰ ਰਾਜ ਕੁਮਾਰ, ਜੋ ਕਿ ਬਲਾਚੌਰ ਦੇ ਹਲਕਾ ਇੰਚਾਰਜ ਵਾਂਗੂੰ ਵਿਚਰਦੇ ਹਨ, ਦੁਆਰਾ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਲਿਖੀ ਦੱਸੀ ਜਾਂਦੀ ਇੱਕ ਪਤਰਿਕਾ ਨੇ ਨੰਦੇੜ ਤੋਂ ਆਏ ਸ਼ਰਧਾਲੂਆਂ ਤੇ ਦੂਸਰੇ ਕੰਮਕਾਜੀ ਯਾਤਰੂਆਂ ਬਾਰੇ ਅੰਕੜੇ ਹੀ ਸਾਫ ਕਰ ਦਿੱਤੇ ਹਨ।



ਬ੍ਰਿਗੇਡੀਅਰ ਸਾਹਿਬ ਦੁਆਰਾ ਬੀਬਾ ਹਰਸਿਮਰਤ ਬਾਦਲ ਨੂੰ ਲਿਖੀ 24 ਅਪ੍ਰੈਲ 2020 ਦੀ ਚਿੱਠੀ ਕਪਾਹ ਉਤਪਾਦਨ ਨਾਲ ਜੁੜੀਆਂ ਫੈਕਟਰੀਆਂ ਵਿੱਚ ਕੰਮ ਕਰਦੇ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਲਾਕਡਾਉਨ ਕਾਰਣ ਉਥੇ ਫਸੇ ਲੋਕਾਂ ਦਾ ਦਰਦ ਬਿਆਨ ਰਹੀ ਹੈ।

‘ਦੀ ਐਕਸ ਸਰਵਿਸਮੈਨ ਵੈਲਫੇਅਰ ਸੁਸਾਇਟੀ (ਰਜਿਟਡ) ’ ਦੇ ਲੈਟਰ ਪੈਡ ਤੇ ਲਿਖੀ ਪੱਤਰਿਕਾ ਇਹ ਵੀ ਜਾਹਰ ਕਰ ਦਿੰਦੀ ਹੈ ਕਿ ਸੇਵਾ ਮੁਕਤ ਬ੍ਰਿਗੇਡੀਅਰ ਸਾਹਿਬ ਅਕਾਲੀ ਦਲ ਦੀ ਟੀਮ ਦੇ ਹੀ ਮੈਂਬਰ ਹਨ। ਸ਼ਾਇਦ ਬ੍ਰਿਗੇਡੀਅਰ ਸਾਹਿਬ ਦੀ ਇਹ ਪੱਤਰਿਕਾ ਹੀ ਕਾਫੀ ਨਾ ਹੁੰਦੀ ਜੇਕਰ ਉਨ੍ਹਾਂ ਦੇ ਫੇਸਬੁੱਕ ਖਾਤੇ ਉਪਰ ਦਰਜ ਇਹ ਇਬਾਰਤ ਜਿਹੜੇ ਸਾਡੇ ਸਾਥੀ ਬਲਾਚੌਰ ਤੋਂ ਮਹਾਂਰਾਸ਼ਟਰ ਯਾ ਉਥੇ ਨਾਲ ਦੇ ਸੂਬਿਆਂ ਵਿੱਚ ਕਾਟਨ ਵਗੈਰਾ ਦਾ ਕੰਮ ਕਰਕੇ ਫਸੇ ਹੋਏ ਨੇ ,ਉਨ੍ਹਾਂ ਨੂੰ ਮੈਂ ਦੁਬਾਰਾ ਅਪੀਲ ਕਰਦਾਂ ਕਿ ਗੁਰਦੁਆਰਾ ਹਜ਼ੂਰ ਸਾਹਿਬ ਨੰਦੇੜ ਪਹੁੰਚ ਜਾਣ। ਮੰਜ਼ੂਰੀ ਮਿਲ ਚੁੱਕੀ ਹੈ। ਜਲਦੀ ਪੰਜਾਬ ਪਹੁੰਚਾਨ ਦੇ ਬੰਦੋਬਸਤ ਹੋ ਰਹੇ ਹਨ। ਇੱਕ ਸੁਨੇਹਾ ਨਜਰ ਆ ਰਹੀ ਹੈ ਫਸੇ ਹੋਏ ਲੋਕਾਂ ਲਈ ਬ੍ਰਿਗੇਡੀਅਰ ਸਾਹਿਬ ਨੇ ਇਹ ਫੇਸਬੁੱਕ ਪੋਸਟ 22 ਅਪਰੈਲ ਰਾਤ 10:21 ਤੇ ਪਾਈ ਸੀ। ਸ਼ਾਇਦ ਇਹੀ ਕਾਰਣ ਸੀ ਕਿ ਸੇਵਾ ਮੁਕਤ ਬ੍ਰਿਗੇਡੀਅਰ ਸਾਹਿਬ ਨੇ ਇੱਕ ਅਖਬਾਰੀ ਬਿਆਨ ਰਾਹੀਂ ਤਖਤ ਸ੍ਰੀ ਹਜ਼ੂਰ ਸਾਹਿਬ ਤੋਂ ਸੰਗਤਾਂ ਨੂੰ ਵਾਪਿਸ ਪੰਜਾਬ ਲਿਆਉਣ ਲਈ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦਾ ਧੰਨਵਾਦ ਵੀ ਕੀਤਾ ।27 ਅਪ੍ਰੈਲ ਦੀ ਇੱਕ ਅਖਬਾਰ ਵਿੱਚ ਛਪੀ ਇਹ ਖਬਰ ਵੀ ਮਹਾਰਾਸ਼ਟਰ, ਗੁਜਰਾਤ ਤੇ ਤੇਲੰਗਾਨਾ ਰਾਜ ਵਿੱਚ ਫਸੇ ਪੰਜਾਬੀਆਂ ਦੀ ਵਾਪਿਸੀ ਦਾ ਜਿਕਰ ਕਰਦੀ ਹੈ। ਕਿਉਂਕਿ ਦੂਸਰੇ ਸੂਬਿਆਂ ਚੋਂ ਵਾਪਿਸ ਲਿਆਂਦੇ ਗਏ ਸਮੁੱਚੇ ਯਾਤਰੂਆਂ ਦੀ ਗੱਲ ਕਰਨ ਦੀ ਬਜਾਏ ਮੀਡੀਆ ਦਾ ਵੱਡਾ ਹਿੱਸਾ,ਪੰਜਾਬ ਵਿੱਚ ਕਰੋਨਾ ਦੇ ਫੈਲਾਅ ਨੂੰ ਬਾਰ ਬਾਰ ਤਖਤ ਹਜ਼ੂਰ ਸਾਹਿਬ ਤੋਂ ਆਏ ਸ਼ਰਧਾਲੂਆਂ ਨਾਲ ਹੀ ਜੋੜ ਰਿਹਾ ਸੀ।

ਨੰਦੇੜ ਤੋਂ ਗੁ:ਪ੍ਰਬੰਧਕ ਅਤੇ ਸਰਕਾਰੀ ਦਸਤਾਵੇਜ ਵੀ ਸਾਫ ਕਰ ਰਹੇ ਸਨ ਕਿ ਨੰਦੇੜ ਵਿਚੱ ਤਾਂ ਕੋਈ ਕਰੋਨਾ ਪੀੜਤ ਹੈ ਹੀ ਨਹੀ ਸੀ। ਤਾਂ ਜਾਗਰੂਕ ਸੰਸਥਾਵਾਂ ਤੇ ਖੋਜੀ ਪੱਤਰਕਾਰ ਪੰਜਾਬ ਵਿੱਚ ਤੇਜੀ ਨਾਲ ਉਭਰੇ ਕਰੋਨਾ ਦੇ ਦੂਸਰੇ ਸਰੋਤ ਤਲਾਸ਼ਣ ਲਈ ਸੁਹਿਰਦ ਹੋਏ। ਅਸੀਂ ਪਹਿਲਾਂ ਵੀ ਸਪਸ਼ਟ ਕਰ ਚੁੱਕੇ ਹਾਂ ਕਿ ਕਰੋਨਾ ਨੂੰ ਕਿਸੇ ਜਾਤ ਮਜਹਬ ਜਾਂ ਧਰਮ ਨਾਲ ਨਾ ਜੋੜਿਆ ਜਾਏ ਪ੍ਰੰਤੂ ਜਦੋਂ ਕੁਝ ਲੋਕ ਬਾਰ ਬਾਰ ਹਰ ਮਾੜੀ ਘਟਨਾ ਨੂੰ ਘੱਟ ਗਿਣਤੀਆਂ ਤੇ ਉਨ੍ਹਾਂ ਦੇ ਧਰਮ ਸਥਾਨਾਂ ਨਾਲ ਜੋੜਨ ਲਈ ਪੱਬਾਂ ਭਾਰ ਰਹਿੰਦੀ ਹੈ ।ਕਿਸੇ ਵੀ ਧਿਰ ਨੇ ਇਸ ਕਰਕੇ ਕਿਸੇ ਦੂਸਰੇ ਸੂਬੇ ਵਿੱਚ ਫਸੇ ਪੰਜਾਬੀ ਦੀ ਵਾਪਸੀ ਲਈ ਯਤਨ ਨਹੀ ਕੀਤੇ ਕਿ ਕਰੋਨਾ ਪੰਜਾਬ ਆ ਜਾਵੇ । ਉਨ੍ਹਾਂ ਤਾਂ ਭਲਾ ਹੀ ਸੋਚਿਆ ਹੋਵੇਗਾ। ਲੇਕਿਨ ਸਿਆਸੀ ਧਿਰਾਂ ਨੇ ਇਸ ਔਖੇ ਸਮੇਂ ਵੀ ਸਿਰਫ ਇੱਕ ਦੂਸਰੇ ਦਾ ਵਿਰੋਧ ਜਿਤਾਉਣ ਲਈ ਹੀ ਦੂਸ਼ਣਬਾਜੀ ਦਾ ਰਾਹ ਅਖਤਿਆਰ ਕੀਤਾ।



# ਕੋਰੋਨਾ ਕਰ ਰਿਹਾ ਸਿੱਖ ਡਾਕਟਰਾਂ ਨੂੰ ਦਾੜ੍ਹੀ ਕਟਵਾਉਣ ਲਈ ਮਜਬੂਰ

**ਲੰਡਨ/ਏ.ਟੀ.ਨਿਊਜ਼** :ਬਰਤਾਨੀਆ ਦੇ ਸਿੱਖ ਡਾਕਟਰਾਂ ਨੇ ਜਬਰੀ ਦਾੜ੍ਹੀ ਸਾਫ਼ ਕਰਵਾਉਣ ਦੇ ਕੌਮੀ ਸਿਹਤ ਸੇਵਾ ਦੇ ਫ਼ੈਸਲੇ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਹੈ। ਕੌਮੀ ਸਿਹਤ ਸੇਵਾ ਦੇ ਆਦੇਸ਼ ਅਨੁਸਾਰ ਵੱਖ-ਵੱਖ ਹਸਪਤਾਲਾਂ ਵਿਚ ਕੋਰੋਨਾ ਵਾਇਰਸ ਦਾ ਇਲਾਜ ਕਰ ਰਹੇ ਉਨਾਂ ਡਾਕਟਰਾਂ ਨੂੰ ਫਰੰਟਲਾਈਨ ਡਿਊਟੀ ਤੋਂ ਇਸ ਕਰਕੇ ਹਟਾ ਦਿੱਤਾ ਗਿਆ ਹੈ ਕਿ ਉਨਾਂ ਦਾੜ੍ਹੀ ਸਾਫ਼ ਕਰਨ ਤੋਂ ਇਨਕਾਰ ਕਰ ਦਿੱਤਾ।

ਅਜਿਹਾ ਕੌਮੀ ਸਿਹਤ ਸੇਵਾ ਦੇ ਨਵੇਂ ਕਥਿਤ 'ਫਿੱਟ ਟੈਸਟ' ਦੀ ਸ਼ਰਤ ਨੂੰ ਲੈ ਕੇ ਕੀਤਾ ਗਿਆ ਹੈ। ਸਿੱਖ ਡਾਕਟਰਜ਼ ਐਸੋਸੀਏਸ਼ਨ ਦੇ ਪ੍ਰਧਾਨ ਡਾ. ਸੁਖਦੇਵ ਸਿੰਘ ਨੇ ਦੱਸਿਆ ਕਿ ਇਹ ਪੰਜ ਡਾਕਟਰ ਸਾਡੇ ਸੰਪਰਕ ਵਿਚ ਹਨ ਤੇ ਮੁੱਖ ਡਿਊਟੀ ਤੋਂ ਲਾਂਭੇ ਕਰਨ 'ਤੇ ਤਣਾਅ ਵਿਚ ਹਨ। ਡਾ. ਸੁਖਦੇਵ ਸਿੰਘ ਨੇ ਦੱਸਿਆ ਕਿ ਇਹ ਸਮੱਸਿਆ ਵਿਸ਼ੇਸ਼ 'ਫੇਸੀਅਲ ਪ੍ਰੋਟੈਕਟਿਵ ਮਾਸਕ' ਦੀ ਕਮੀ ਕਾਰਨ ਆਈ ਹੈ ਜੋ ਕਿ ਆਈਸੀਯੂ ਵਿਚ ਵਰਤੇ ਜਾਂਦੇ ਹਨ। ਉਨਾਂ ਦੱਸਿਆ ਕਿ ਇਨਾਂ ਪੰਜਾਂ ਡਾਕਟਰਾਂ ਦੀ ਸਮੱਸਿਆ ਦਾ ਹੱਲ ਮਹਿੰਗੀ ਪੇਪਰਜ਼ ਕਿੱਟ ਨਾਲ ਕੀਤਾ ਜਾ ਰਿਹਾ ਹੈ ਕਿ ਜੋ ਕਿ 1000 ਪੌਂਡ ਵਿਚ ਮਿਲਦੀ ਹੈ ਤੇ ਦੁਬਾਰਾ ਵਰਤੀ ਜਾ ਸਕਦੀ ਹੈ। ਡਾ. ਸੁਖਦੇਵ ਸਿੰਘ ਨੇ ਦੱਸਿਆ ਕਿ ਉਨਾਂ ਦੀ ਐਸੋਸੀਏਸ਼ਨ ਕੌਮੀ ਸਿਹਤ ਸੇਵਾ ਨਾਲ ਤਾਲਮੇਲ ਕਰ ਕੇ ਅਜਿਹੀਆਂ ਮਹਿੰਗੀਆਂ ਕਿੱਟਾਂ ਮੁਹੱਈਆ ਕਰਵਾਉਣ 'ਤੇ ਜ਼ੋਰ ਦੇ ਰਹੀ ਹੈ। ਜੇ ਟਰੱਸਟ ਅਸਲ ਵਿੱਚ ਆਪਣੀ ਕਾਰਜ ਸ਼ਕਤੀ ਨੂੰ ਜਾਣਦੇ ਹੁੰਦੇ ਤੇ ਦਾੜ੍ਹੀ ਨੂੰ ਕਵਰ ਕਰਨ ਵਾਲੇ ਸਿੱਖਾਂ ਅਤੇ ਮੁਸਲਮਾਨਾਂ ਲਈ ਕੁਝ ਪੀਪੀਈ ਮਹੱਤਵਪੂਰਣ ਦਾ ਇੰਤਜ਼ਾਮ ਕਰ ਲੈਂਦੇ ਤਾਂ ਇਹ ਸਮਸਿਆ ਨਹੀਂ ਆਉਣੀ ਸੀ।

ਪੱਤਰ ਦੇ ਜਵਾਬ ਵਿਚ ਨੈਸ਼ਨਲ ਮੈਡੀਕਲ



ਡਾਇਰੈਕਟਰ, ਪ੍ਰੋਫੈਸਰ ਸਟੀਫਨ ਪੋਵਿਸ ਨੇ ਕਿਹਾ ਕਿ ਉਹ ਇਸ ਗੱਲ ਨਾਲ ਸਹਿਮਤ ਹਨ ਕਿ "ਇਸ ਖੇਤਰ ਵਿਚ ਮੈਨੇਜਮੈਂਟ ਵੱਲੋਂ ਦੁਆਰਾ ਯੋਗ ਪਰਬੰਧ ਕੀਤਾ ਜਾਣਾ ਚਾਹੀਦਾ ਹੈ" ਅਤੇ ਐਨਐਚਐਸ ਟਰੱਸਟ ਦੇ ਮੈਡੀਕਲ ਡਾਇਰੈਕਟਰਾਂ ਅਤੇ ਮੁੱਖ ਨਰਸਾਂ ਨੂੰ ਇਸ ਤੱਥ ਬਾਰੇ ਜਾਣੂ ਕਰਵਾਉਣਗੇ।

ਸਿੱਖ ਕੌਂਸਲ ਯੂਕੇ, ਸਿੱਖ ਡਾਕਟਰਜ਼ ਐਸੋਸੀਏਸ਼ਨ ਨਾਲ ਮਿਲ ਕੇ ਕੌਮੀ ਸਿਹਤ ਸੇਵਾ ਦੇ ਚੀਫ ਐਗਜ਼ੈਕਟਿਵ ਅਫਸਰ ਸਰ ਸਿਮੋਨ ਸਟੀਵਨਜ਼ ਨਾਲ ਸੰਪਰਕ ਕਰ ਰਹੀ ਹੈ ਤਾਂ ਕਿ ਭਵਿੱਖ ਵਿਚ ਵਿਸ਼ੇਸ਼ ਕਿੱਟਾਂ ਦੀ ਵੱਡੀ ਮਾਤਰਾ ਵਿਚ ਖ਼ਰੀਦ ਕੀਤੀ ਜਾਵੇ ਤੇ ਸਿੱਖ ਡਾਕਟਰਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ। ਦੱਸਣਯੋਗ ਹੈ ਕਿ ਕੋਰੋਨਾ ਵਾਇਰਸ ਮਹਾਮਾਰੀ ਦੌਰਾਨ ਬ੍ਰਿਟੇਨ ਦੀ ਕੌਮੀ ਸਿਹਤ ਸੇਵਾ ਫਰੰਟਲਾਈਨ 'ਤੇ ਕੰਮ ਕਰਦੇ ਡਾਕਟਰਾਂ ਨੂੰ 'ਫਿਟ ਟੈਸਟ' ਦੇ ਨਾਂ 'ਤੇ ਚਿਹਰੇ ਦੇ ਵਾਲ ਸਾਫ਼ ਕਰਵਾਉਣ ਲਈ ਕਹਿ ਰਹੀ ਹੈ। ਵਿਭਾਗ ਦਾ ਤਰਕ ਹੈ ਕਿ ਸਿੱਖਾਂ ਦੀ ਦਾੜ੍ਹੀ ਕਾਰਨ ਚਿਹਰੇ 'ਤੇ ਕਾਫੀ ਵਾਲ ਹੁੰਦੇ ਹਨ ਜੋ ਸੁਰੱਖਿਆ ਮਾਸਕ ਨੂੰ ਪੂਰੀ ਤਰਾਂ ਨਾਲ ਫਿਟ ਨਹੀਂ ਹੋਣ ਦਿੰਦੇ। ਇਸ ਕਰਕੇ ਸਿੱਖ ਡਾਕਟਰਾਂ ਨੂੰ ਕੋਰੋਨਾ ਵਾਇਰਸ ਪੀੜਤਾਂ ਦਾ ਇਲਾਜ ਨਹੀਂ ਕਰਨ ਦਿੱਤਾ ਜਾ ਰਿਹਾ ਹੈ।

ਸਿੱਖ ਕੌਂਸਲ ਦਾ ਕਹਿਣਾ ਹੈ ਕਿ ਦਾੜ੍ਹੀ ਰੱਖਣਾ ਸਿੱਖ ਧਰਮ ਦੀ ਮਰਿਆਦਾ ਨਾਲ ਜੁੜਿਆ ਮੁੱਦਾ ਹੈ ਤੇ ਸਰਕਾਰ 'ਫਿੱਟ ਟੈਸਟ' ਦੇ ਨਾਂ 'ਤੇ ਕਿਸੇ ਸਿੱਖ ਡਾਕਟਰ ਨੂੰ ਦਾੜ੍ਹੀ ਦੇ ਵਾਲ ਸਾਫ਼ ਕਰਵਾਉਣ ਲਈ ਮਜਬੂਰ ਨਹੀਂ ਕਰ ਸਕਦੀ। ਕੌਮੀ ਸਿਹਤ ਸੇਵਾ ਨੇ ਇਸ ਦੌਰਾਨ ਕਿਹਾ ਹੈ ਕਿ ਉਹ ਇਸ ਮਾਮਲੇ ਵਿਚ ਢੁਕਵੇਂ ਕਦਮ ਚੁੱਕ ਰਹੀ ਹੈ। ਬ੍ਰਿਟੇਨ ਵਿਚ ਪੀਪੀਈ ਕਿੱਟਾਂ ਦੀ ਕਮੀ ਪਿਛਲੇ ਸਮੇਂ ਤੋਂ ਪਾਈ ਜਾ ਰਹੀ ਹੈ ਤੇ ਕਈ ਐੱਨਜੀਓ ਇਨਾਂ ਦੀ ਪੂਰਤੀ ਲਈ ਫੰਡ ਵੀ ਇਕੱਠੇ ਕਰ ਰਹੇ ਹਨ।

ਜਿੱਥੇ ਪੂਰੀ ਦੁਨੀਆ ਵਿੱਚ ਕੋਵਿਡ-19 ਮਹਾਮਾਰੀ ਦੌਰਾਨ ਪਾਏ ਜਾ ਰਹੇ ਆਪਣੇ ਯੋਗਦਾਨ ਕਾਰਨ ਸਿੱਖਾਂ ਦੀ ਸ਼ਲਾਘਾ ਹੋ ਰਹੀ ਹੈ, ਉੱਥੇ ਯੂਕੇ ਦੇ ਸਿੱਖ ਡਾਕਟਰ ਇਸ ਵਤੀਰੇ ਤੋਂ ਨਿਰਾਸ਼ ਹਨ। ਸਿੱਖ ਡਾਕਟਰਾਂ ਨੇ ਐੱਨਐੱਚਐੱਸ ਨੂੰ ਬਿਹਤਰ ਸੁਰੱਖਿਆ ਉਪਕਰਣ ਮੁਹੱਈਆ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਉਹ ਵੀ ਸੰਕਟ ਦੇ ਇਸ ਦੌਰ ਵਿਚ ਆਪਣਾ ਯੋਗਦਾਨ ਪਾ ਸਕਣ।

# ਹਜ਼ੂਰ ਸਾਹਿਬ ਤੋਂ ਪਰਤੇ ਸ਼ਰਧਾਲੂਆਂ ਬਾਰੇ ਦੁਸ਼ਪ੍ਰਚਾਰ ਦੀ ਨਿਖੇਧੀ

**ਚੰਡੀਗੜ੍ਹ/ਏ.ਟੀ.ਨਿਊਜ਼:** ਬੁੱਧੀਜੀਵੀਆਂ ਅਤੇ ਸਾਹਿਤਕਾਰਾਂ ਨੇ ਹਜ਼ੂਰ ਸਾਹਿਬ ਤੋਂ ਪਰਤੇ ਸਿੱਖ ਸ਼ਰਧਾਲੂਆਂ ਪ੍ਰਤੀ ਕੁਝ ਸਿਆਸੀ ਧਿਰਾਂ ਅਤੇ ਮੀਡੀਆ ਵਲੋਂ ਕੀਤੇ ਜਾ ਰਹੇ ਗਲਤ ਪ੍ਰਚਾਰ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸਮੁੱਚੀ ਲੋਕਾਈ ਇਸ ਵੇਲੇ ਅਣਕਿਆਸੀ ਮੁਸੀਬਤ ਦਾ ਸਾਹਮਣਾ ਕਰ ਰਹੀ ਹੈ। ਇਸ ਮੌਕੇ ਏਕਤਾ ਦਾ ਪ੍ਰਗਟਾਵਾ ਕਰਦਿਆਂ ਅਤੇ ਇੱਕ ਦੂਜੇ ਦੀ ਮਦਦ ਕਰਕੇ ਹੀ ਅਸੀਂ ਇਸ ਮਹਾਂਮਾਰੀ ਵੱਲੋਂ ਦਿੱਤੀਆਂ ਗਈਆਂ ਚੁਣੌਤੀਆਂ ਦਾ ਮੁਕਾਬਲਾ ਕਰਦਿਆਂ ਆਪਣਾ ਬਚਾਅ ਕਰਕੇ ਇਨਾਂ ਚੁਣੌਤੀਆਂ ਨੂੰ ਸਰ ਕਰ ਸਕਦੇ ਹਾਂ। ਸਿੱਖ ਸਰਬੱਤ ਦੇ ਭਲੇ ਦੇ ਆਸ਼ੇ ਨੂੰ ਸੱਚੇ ਮਨੋਂ ਲਾਗੂ ਕਰਦਿਆਂ ਬਿਨਾ ਕਿਸੇ ਜਾਤ, ਨਸਲ, ਰੰਗ ਆਦਿ ਦੇ ਭੇਦ-ਭਾਵ ਦੇ ਮਦਦ ਕਰਦਿਆਂ ਲੰਗਰ, ਸੁੱਕਾ ਰਾਸ਼ਨ, ਰੋਜਾਨਾ ਵਰਤੋਂ ਦੀਆਂ ਹੋਰ ਚੀਜਾਂ ਅਤੇ ਬਿਮਾਰੀ ਤੋਂ ਬਚਾਅ ਲਈ ਮਾਸਕ ਆਦਿ ਲੋੜਵੰਦਾਂ ਦੇ ਦਰਾਂ ਉੱਤੇ ਪਹੁੰਚਾ ਰਹੇ ਹਨ। ਸਿੱਖ ਧਾਰਮਿਕ ਅਦਾਰਿਆਂ ਨੇ ਪਹਿਲਕਦਮੀ ਕਰਕੇ ਆਪਣੀਆਂ ਇਮਾਰਤਾਂ ਦੇ ਬੂਹੇ ਡਾਕਟਰਾਂ, ਨਰਸਾਂ ਦੇ ਰਹਿਣ ਲਈ ਅਤੇ ਏਕਾਂਤਵਾਸ ਕੇਂਦਰ ਬਣਾਉਣ ਲਈ ਖੋਲ ਦਿੱਤੇ ਹਨ।

ਇਨਾਂ ਬਿਖੜੇ ਸਮਿਆਂ ਵਿਚ ਜਿਥੇ ਮਨੁੱਖਤਾ ਨੂੰ ਆਪਸੀ ਭਾਈਚਾਰੇ ਅਤੇ ਇਕ-ਦੂਜੇ ਦੀ ਮਦਦ ਕਰਨ ਦੀਆਂ ਮਿਸਾਲਾਂ ਕਾਇਮ ਕਰ ਵਿਖਾਉਣ ਦੀ ਲੋੜ ਹੈ, ਉੱਥੇ ਇਸਦੇ ਉਲਟ ਅਸੀਂ ਵੇਖ ਰਹੇ ਹਾਂ ਕਿ ਖਬਰਖਾਨੇ ਦਾ ਵੱਡਾ ਹਿੱਸਾ ਸਰਕਾਰੀ ਮਹਿਕਮਿਆਂ ਦੇ ਗੈਰ ਜ਼ਿੰਮੇਦਾਰਾਨਾ ਬਿਆਨ ਵਿਖਾ ਕੇ ਗੁਮਰਾਹਕੁਨ ਤੇ ਗੁਨਾਹਕੁਨ ਪੱਤਰਕਾਰੀ ਦਾ ਝੱਖੜ ਝੁਲਾ ਰਿਹਾ ਹੈ ਜਿਸ ਰਾਹੀਂ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਉਨਾਂ ਨੂੰ ਸਮਾਜ ਲਈ ਨੁਕਸਾਨਦੇਹ ਗਰਦਾਨਿਆ ਜਾ ਰਿਹਾ ਹੈ। ਮਹਾਂਮਾਰੀ ਵੱਲੋਂ ਪੈਦਾ ਕੀਤੇ ਡਰ ਅਤੇ ਸਹਿਮ ਨੂੰ ਘੱਟਗਿਣਤੀਆਂ ਨੂੰ ਹਾਸ਼ੀਏ ਉੱਤੇ ਧੱਕਣ ਲਈ ਵਰਤਿਆ ਜਾ ਰਿਹਾ ਹੈ।

ਖਬਰਖਾਨੇ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਪੰਜਾਬ ਪਰਤੇ ਸ਼ਰਧਾਲੂਆਂ ਬਾਰੇ ਕੀਤੀ ਜਾ ਰਹੀ ਪੱਤਰਕਾਰੀ ਤੇ ਪੰਜਾਬ ਦੇ ਸਿਹਤ ਮੰਤਰੀ ਦਾ ਬਿਆਨ ਉਸੇ ਕੜੀ ਦਾ ਹਿੱਸਾ ਨੇ ਜਿਹਦੇ ਤਹਿਤ ਐੱਨ.ਆਰ.ਆਈ. ਬਲਦੇਵ ਸਿੰਘ ਦਾ ਨਾਂ ਲੈ ਕੇ ਸਿਖਾਂ ਦੀ ਕਿਰਦਾਰਕੁਸ਼ੀ ਕੀਤੀ ਗਈ ਅਤੇ ਉਸ ਨੂੰ 'ਸੁਪਰ-ਸਪਰੈਡਰ' ਕਹਿ ਕੇ ਭੰਡਿਆ ਗਿਆ। ਇੱਥੋਂ ਤੱਕ ਕਿ ਪੰਜਾਬ ਪੁਲਿਸ ਵੱਲੋਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੀ ਉਸ ਵਿਚਾਰੀ ਰੂਹ ਨੂੰ ਨਿਸ਼ਾਨੇ ਉੱਤੇ ਰੱਖ ਕੇ ਬਣਾਇਆ ਗਿਆ ਗੀਤ ਜਾਰੀ ਕਰਨ ਦੀ ਹਰਕਤ ਵੀ ਕੀਤੀ ਗਈ। ਹੁਣ ਫੇਰ ਓਸੇ ਤਰਾਂ ਨਫਰਤ ਦੀ ਮੁਹਿਮ ਚਲਾ ਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਪਰਤੀ ਸੰਗਤ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਸੀਂ ਖਬਰਖਾਨੇ (ਮੀਡੀਏ) ਅਤੇ ਸੂਬੇ ਦੇ ਸਿਹਤ ਮੰਤਰੀ ਵੱਲੋਂ ਕੀਤੇ ਜਾ ਰਹੇ ਦੁਸ਼ਪ੍ਰਚਾਰ ਦੀ ਨਿਖੇਧੀ ਕਰਦੇ ਹਾਂ।

ਇਹ ਘਟੀਆ ਦੁਸ਼ਪ੍ਰਚਾਰ ਫੌਰੀ ਤੌਰ ਉੱਤੇ ਬੰਦ ਕੀਤਾ ਜਾਵੇ ਤਾਂ ਕਿ ਪੰਜਾਬ ਵਿਚਲੀ ਸਮਾਜਿਕ ਸਦਭਾਵਨਾ ਨੂੰ ਇਸ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕੇ। ਸਰਕਾਰਾਂ, ਸਮਾਜ ਅਤੇ ਅਦਾਰਿਆਂ ਲਈ ਇਹ ਵੇਲਾ ਪੂਰੀ ਵਾਹ ਲਾ ਕੇ ਸਿਹਤ ਸੇਵਾਵਾਂ ਅਤੇ ਰਾਹਤ ਯਕੀਨੀ ਬਣਾਉਣ ਦਾ ਹੈ ਨਾ ਕਿ ਜਾਤ, ਰੰਗ, ਨਸਲ, ਧਰਮ ਆਦਿ ਦੇ ਅਧਾਰ ਉੱਤੇ ਵਿਤਕਰੇਬਾਜੀ ਕਰਨ ਤੇ ਫੁੱਟ ਪਾਉਣ ਦਾ।

ਬਾਕੀ ਸਫ਼ਾ 29 'ਤੇ

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630
3096 Farrar Ave Modesto, CA 95354
TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375





# ਕੋਰੋਨਾ ਯੋਧਿਆਂ ਨੂੰ ਸਨਮਾਨਿਤ ਲਈ ਹਵਾਈ ਫੌਜ ਨੇ ਕੀਤੀ ਫੁੱਲਾਂ ਦੀ ਵਰਖਾ

**ਨਵੀਂ ਦਿੱਲੀ/ ਏ.ਟੀ.ਨਿਊਜ਼ :** ਬੀਤੇ ਦਿਨੀਂ ਭਾਰਤ ਵਿਚ ਮਹਾਮਾਰੀ ਦਾ ਰੂਪ ਧਾਰਨ ਕਰ ਚੁੱਕੇ ਕਰੋਨਾਵਾਇਰਸ ਖ਼ਿਲਾਫ਼ ਲੜਾਈ ਵਿੱਚ ਆਪਣੀ ਜ਼ਿੰਦਗੀ ਨੂੰ ਖ਼ਤਰੇ ਵਿਚ ਪਾ ਕੇ ਮੂਹਰਲੀ ਕਤਾਰ ਵਿਚ ਹੋ ਕੇ ਲੜ ਰਹੇ ਡਾਕਟਰਾਂ, ਪੈਰਾ ਮੈਡੀਕਲ ਸਟਾਫ਼, ਪੁਲੀਸ ਮੁਲਾਜ਼ਮਾਂ, ਸਫ਼ਾਈ ਕਰਮਚਾਰੀਆਂ ਤੇ ਹੋਰ ਯੋਧਿਆਂ ਦੀ ਬਹਾਦਰੀ ਨੂੰ ਹਥਿਆਰਬੰਦ ਸੈਨਾਵਾਂ ਵੱਲੋਂ ਸਲਾਮ ਕੀਤਾ ਗਿਆ। ਦੇਸ਼ਵਿਆਪੀ ਲੌਕਡਾਊਨ ਨੂੰ ਲਾਗੂ ਕਰਵਾਉਣ ਲਈ ਡਿਊਟੀ ਕਰ ਰਹੇ ਪੁਲੀਸ ਮੁਲਾਜ਼ਮਾਂ ਦੇ ਸਨਮਾਨ ਹਿੱਤ ਸਭ ਤੋਂ ਪਹਿਲਾਂ ਤਿੰਨੋਂ ਸੈਨਾਵਾਂ ਦੇ ਮੁਖੀ ਜਨਰਲ ਬਿਪਿਨ ਰਾਵਤ ਵੱਲੋਂ ਬੀਤੇ ਦਿਨੀਂ ਦਿੱਲੀ ਵਿੱਚ ਸਥਿਤ ਪੁਲੀਸ ਯਾਦਗਾਰ ਵਿਖੇ ਫੁੱਲ ਮਾਲਾਵਾਂ ਭੇਟ ਕੀਤੀਆਂ ਗਈਆਂ। ਉਪਰੰਤ ਦੇਸ਼ ਦੇ ਵੱਖ-ਵੱਖ ਮੁੱਖ ਸ਼ਹਿਰਾਂ ਤੇ ਕਸਬਿਆਂ ਉੱਪਰੋਂ ਭਾਰਤੀ ਹਵਾਈ ਸੈਨਾ ਦੇ ਜੰਗੀ ਤੇ ਢੋਆ-ਢੁਆਈ ਵਾਲੇ ਜਹਾਜ਼ਾਂ ਵੱਲੋਂ ਫਲਾਈ-ਪਾਸਟ ਕੀਤਾ ਗਿਆ ਤੇ ਹਸਪਤਾਲਾਂ 'ਤੇ ਫੁੱਲਾਂ ਦੀ ਵਰਖਾ ਕੀਤੀ ਗਈ। ਇਸੇ ਦੌਰਾਨ ਭਾਰਤੀ ਜਲ ਸੈਨਾ ਦੇ ਅਧਿਕਾਰੀਆਂ ਤੇ ਜਵਾਨਾਂ ਵੱਲੋਂ ਵੀ ਕਰੋਨਾਵਾਇਰਸ ਯੋਧਿਆਂ ਨੂੰ ਸਲਾਮੀ ਦਿੱਤੀ ਗਈ। ਇਸੇ ਤਰਾਂ ਭਾਰਤੀ ਤੱਟ ਰੱਖਿਅਕਾਂ ਵੱਲੋਂ ਵੀ ਸਮੁੰਦਰੀ ਜਹਾਜ਼ਾਂ ਦੀਆਂ ਲਾਈਟਾਂ ਜਗਾਈਆਂ ਗਈਆਂ। ਇਸੇ ਤਰਾਂ ਜੰਮੂ ਖੇਤਰ ਵਿੱਚ ਵੀ ਭਾਰਤੀ ਹਥਿਆਰਬੰਦ ਸੈਨਾਵਾਂ ਵੱਲੋਂ ਪ੍ਰੋਗਰਾਮਾਂ ਦੀ ਲੜੀ ਤਹਿਤ ਕਰੋਨਾਵਾਇਰਸ ਮਹਾਮਾਰੀ ਖ਼ਿਲਾਫ਼ ਲੜ ਰਹੇ ਯੋਧਿਆਂ ਨੂੰ ਸਲਾਮ ਕੀਤਾ ਗਿਆ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਰੋਨਾਵਾਇਰਸ ਖ਼ਿਲਾਫ਼ ਲੜਾਈ ਲੜ ਰਹੇ ਯੋਧਿਆਂ ਦਾ ਧੰਨਵਾਦ ਕਰਨ ਲਈ ਹਥਿਆਰਬੰਦ ਸੈਨਾਵਾਂ ਵੱਲੋਂ ਕੀਤੀਆਂ ਗਈਆਂ ਗਤੀਵਿਧੀਆਂ ਦੀ ਸ਼ਲਾਘਾ ਕੀਤੀ। ਉਨਾਂ ਟਵੀਟ ਕੀਤਾ, "ਕੋਵਿਡ-19 ਖ਼ਿਲਾਫ਼ ਮੂਹਰੇ ਹੋ ਕੇ ਲੜ ਰਹੇ ਯੋਧਿਆਂ ਨੂੰ ਸਲਾਮ। ਸਾਡੀਆਂ ਹਥਿਆਰਬੰਦ ਫ਼ੌਜਾਂ ਦਾ ਚੰਗਾ ਉਪਰਾਲਾ।"

ਪਰ ਸੁਆਲ ਇਹ ਉਠਦਾ ਹੈ ਕਿ ਕੀ ਭਾਰਤ ਕੋਰੋਨਾ ਵਾਇਰਸ ਨਾਲ ਸੱਚਮੁੱਚ ਸ਼ਕਤੀਸ਼ਾਲੀ ਨੀਤੀ ਨਾਲ ਲੜ ਰਿਹਾ ਹੈ ? ਕੀ ਉਸ ਕੋਲ ਕੋਰੋਨਾ ਵਾਇਰਸ ਉੱਪਰ ਕਾਬੂ ਪਾਉਣ ਲਈ ਸਿਹਤ ਸਹੂਲਤਾਂ ਮੌਜੂਦ ਹਨ ? ਲੋਕ ਪੱਖੀ ਰਾਜਨੀਤੀ ਤਾਂ ਮੰਗ ਕਰਦੀ ਹੈ ਕਿ ਇਸ ਔਖੀ ਘੜੀ ਦੌਰਾਨ ਸਾਡੇ ਕੋਲ ਸਿਹਤ ਸਹੂਲਤਾਂ ਦੇ ਚੰਗੇ ਪ੍ਰਬੰਧ ਹੋਣ, ਪਰ ਕਈ ਹਸਪਤਾਲਾਂ ਵਿਚ ਥਰਮਾਮੀਟਰ,



ਮੈਡੀਕਲ ਕਿੱਟਾਂ ਤੇ ਹੋਰ ਪ੍ਰਬੰਧਾਂ ਦੀ ਕਮੀ ਪਾਈ ਜਾ ਰਹੀ ਹੈ। ਇਹ ਗੱਲ ਤਾਂ ਸ਼ੋਭਾ ਦਿੰਦੀ ਹੈ ਜੇਕਰ ਅਸੀਂ ਕੋਰੋਨਾ ਵਾਇਰਸ ਵਿਰੁਧ ਜੰਗ ਜਿੱਤੀ ਹੋਵੇ। ਜੇਕਰ ਮੈਡੀਕਲ ਸਹੂਲਤਾਂ ਦਾ ਯੋਗ ਪ੍ਰਬੰਧ ਕਰਕੇ ਇਹ ਕਾਰਜ ਕੀਤਾ ਜਾਂਦਾ ਤਾਂ ਹੋਰ ਵੀ ਚੰਗਾ ਲੱਗਦਾ। ਮੋਦੀ ਸਰਕਾਰ ਤਾਲਾਬੰਦੀ ਤੀਜੀ ਵਾਰ ਵਧਾ ਚੁੱਕੀ ਹੈ। ਇਸ ਦਾ ਅਰਥ ਹੈ ਇਹੀ ਹੈ ਕਿ ਅਸੀਂ ਕੋਰੋਨਾ ਵਾਇਰਸ ਉੱਪਰ ਕਾਬੂ ਪਾਉਣ ਵਿਚ ਸਫਲ ਨਹੀਂ ਹੋਏ। ਬਹੁਤ ਸਾਰੇ ਦੇਸਾਂ ਵਿਚ ਵੀ ਅਜਿਹਾ ਹਾਲ ਹੈ। ਤਾਲਾਬੰਦੀ ਕਾਰਨ ਜ਼ਰੂਰ ਇਸ ਬਿਮਾਰੀ 'ਤੇ ਕਾਫੀ ਹੱਦ ਤੱਕ ਕਾਬੂ ਪਾਇਆ ਗਿਆ ਹੈ। ਪਰ ਜਦੋਂ ਤਾਲਾਬੰਦੀ ਪੂਰੀ ਤਰਾਂ ਖੁੱਲੀ ਤਾਂ ਫਿਰ ਮੈਡੀਕਲ ਸਹੂਲਤਾਂ ਦੀ ਬਹੁਤ ਜ਼ਿਆਦਾ ਲੋੜ ਹੋਵੇਗੀ। ਲੋੜ ਇਹ ਵੀ ਹੋਵੇਗੀ ਕਿ ਵੱਧ ਤੋਂ ਵੱਧ ਲੋਕਾਂ ਦੇ ਕੋਰੋਨਾ ਟੈਸਟ ਕਰਵਾਏ ਜਾਣ। ਕੋਰੋਨਾ ਨਾਲ ਸੰਕਰਮਿਤ ਮਰੀਜ਼ਾਂ ਦੀ ਗਿਣਤੀ ਦਿਨੋਂ ਦਿਨ ਵੱਧ ਰਹੀ ਹੈ।

ਇਹ ਠੀਕ ਹੈ ਕਿ ਭਾਰਤ ਨੇ ਕੋਰੋਨਾ ਵਾਇਰਸ ਨਾਲ ਸੰਬੰਧਿਤ ਮਰੀਜ਼ਾਂ ਦੇ ਟੈਸਟਾਂ ਦੀ ਗਿਣਤੀ ਵਿਚ ਜ਼ਰੂਰ ਵਾਧਾ ਕੀਤਾ ਹੈ ਪਰ ਇਸ ਦੀ ਵਿਕਾਸ ਗਤੀ ਅਬਾਦੀ ਦੇ ਮੁਤਾਬਕ ਬਹੁਤ ਹੌਲੀ ਹੈ। ਤਾਲਾਬੰਦੀ ਦੇ ਸਮੇਂ ਲੱਖਾਂ ਲੋਕ ਆਪਣੀਆਂ ਨੌਕਰੀਆਂ, ਤਨਖਾਹਾਂ ਗੁਆ ਚੁੱਕੇ ਹਨ। ਉਨਾਂ ਕੋਲ ਟੈਕਸ ਅਦਾ ਕਰਨ ਜਾਂ ਈਐਮਆਈ ਦੇਣ ਲਈ ਪੈਸੇ ਨਹੀਂ ਹਨ। ਸਰਕਾਰੀ ਕਰਮਚਾਰੀਆਂ ਨੂੰ ਵੀ ਕੱਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਪੱਸ਼ਟ ਹੈ ਕਿ ਸਾਡੀ ਆਰਥਿਕ ਸਥਿਤੀ ਮਾੜੀ ਹੈ। ਕੀ ਇਹ ਗੱਲ ਚੰਗੀ ਨਹੀਂ ਹੈ ਕਿ ਅਸੀਂ ਆਪਣੀਆਂ ਇਲਾਜ ਸੰਬੰਧੀ ਤਿਆਰੀਆਂ ਨਾਲ ਦੁਨੀਆ ਨੂੰ ਹੈਰਾਨ ਕਰ ਦੇਈਏ। ਨਿਊਜ਼ੀਲੈਂਡ, ਤਾਈਵਾਨ, ਦੱਖਣੀ ਕੋਰੀਆ, ਕਿਊਬਾ ਦੀ ਤਰਾਂ ਕੋਰੋਨਾ ਨਾਲ ਲੜ ਸਕੀਏ। ਫਿਰ ਫੌਜ ਤੋਂ ਸਲਾਮੀ ਸ਼ੋਭਦੀ ਹੈ।















Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਸੰਗਤਾਂ ਸੋਸ਼ਲ ਮੀਡੀਏ ਤੇ ਕੁਰਬਾਨੀ ਵਾਲੇ ਸਿੰਘਾਂ ਖਿਲਾਫ ਗਲਤ ਪ੍ਰਚਾਰ ਤੋਂ ਸੁਚੇਤ ਰਹਿਣ



**ਲੰਡਨ/ਏ.ਟੀ.ਨਿਊਜ਼ :** ਸਿੱਖ ਸੰਘਰਸ਼ ਵਿੱਚ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਖਿਲਾਫ ਸੋਸ਼ਲ ਮੀਡੀਏ ਤੇ ਭੰਡੀ ਪ੍ਰਚਾਰ ਵੱਡੀ ਪੱਧਰ ਤੇ ਗੁੰਮਨਾਮ ਵਿਅਕਤੀਆਂ ਵਲੋਂ ਕੀਤਾ ਜਾ ਰਿਹਾ ਹੈ। ਜੋ ਕਿ ਬਹੁਤ ਹੀ ਮੰਦਭਾਗਾ ਅਤੇ ਸਿੱਖ ਸੰਘਰਸ਼ ਦੀ ਪਿੱਠ ਵਿੱਚ ਛੁਰਾ ਮਾਰਨ ਵਾਲਾ ਘਟੀਆ ਕੰਮ ਹੈ। ਖਾਲਿਸਤਾਨ ਦੀ ਜੰਗੇ ਅਜਾਦੀ ਦੇ ਸ਼ਹੀਦ ਭਰਾਵਾਂ ਦੀ ਕੁਰਬਾਨੀ ਮਹਾਨ ਹੈ। ਉਹਨਾਂ ਖਿਲਾਫ ਦੋਸ਼ ਲਗਾ ਕੇ ਕੇਵਲ ਭਾਰਤ ਸਰਕਾਰ ਨੂੰ ਖੁਸ਼ ਕੀਤਾ ਜਾ ਸਕਦਾ ਹੈ। ਨਿਰਸੰਦੇਹ ਅਜਿਹੇ ਨਿੰਦਕ ਲੋਕ ਜਾਣੇ ਅਣਜਾਣੇ ਸਿੱਖ ਵਿਰੋਧੀ ਲਾਬੀ ਦੇ ਹਕ ਵਿੱਚ ਭੁਗਤ ਰਹੇ। ਜਿਸ ਵੀ ਸਿੱਖ ਨੇ ਸੰਘਰਸ਼ ਵਿੱਚ ਯੋਗਦਾਨ ਪਾਇਆ ਭਾਵੇਂ ਉਸ ਨੇ ਰੂਪੋਸ਼ ਸਿੰਘਾਂ ਨੂੰ ਪਾਣੀ ਹੀ ਪਿਲਾਇਆ ਹੋਵੇ,ਉਸਦਾ ਯੋਗਦਾਨ ਵੀ ਭੁਲਾਇਆ ਨਹੀਂ ਜਾ ਸਕਦਾ। ਪਰ ਇਹ ਨਕਲੀ ਆਈ,ਡੀਆਂ ਵਾਲੇ ਲੰਬਾ ਸਮਾਂ ਜੇਲਾਂ ਕੱਟਣ,ਪੁਲਿਸ ਤਸ਼ੱਦਦ ਝੱਲਣ ,ਆਪਣੀਆਂ ਜਵਾਨੀਆਂ ਸੰਘਰਸ਼ ਦੇ ਲੇਖੇ ਲਗਾਉਣ ਵਾਲਿਆਂ ਨੂੰ ਵਿਚਾਰਾਂ ਦੀ ਵਿਭਿੰਨਤਾ ਜਾਂ ਈਰਖਾ ਦੀ ਅੱਗ ਕਾਰਨ ਰਾਅ ਦੇ ਏਜੰਟ,ਆਰ,ਆਰ,ਐੱਸ ਏਜੰਟ,ਸਰਕਾਰੀ, ਗੱਦਾਰ ਅਤੇ ਕੈਟ ਆਦਿ ਝੂਠੇ ਦੋਸ਼ ਲਗਾ ਰਹੇ ਹਨ। ਇਸਦਾ ਯੂ,ਕੇ ਅਤੇ ਯੂਰਪ ਦੀਆਂ ਸਿੱਖ ਜਥੇਬੰਦੀਆਂ ਵਲੋਂ ਗੰਭੀਰ ਨੋਟਿਸ ਲੈਂਦਿਆਂ ਇਸ ਸਿੱਖ ਵਿਰੋਧੀ ਦੇ ਕਰਿੰਦਿਆਂ ਨੂੰ ਆਪਣੀਆਂ ਹਰਕਤਾਂ ਤੋਂ ਬਾਜ਼ ਆਉਣ ਲਈ ਆਖਿਆ ਗਿਆ ਹੈ। ਯੂਨਾਈਟਿਡ ਖਾਲਸਾ ਦਲ ਯੂ ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ,ਸਿੱਖ ਫੈਡਰੇਸ਼ਨ ਜਰਮਨੀ ਦੇ ਪ੍ਰਧਾਨ ਭਾਈ ਗੁਰਮੀਤ ਸਿੰਘ ਖਨਿਆਣ, ਭਾਈ ਗੁਰਦਿਆਲ ਸਿੰਘ ਲਾਲੀ, ਸਿੱਖ ਫੈਡਰੇਸ਼ਨ ਫਰਾਂਸ ਦੇ ਭਾਈ ਕਸ਼ਮੀਰ ਸਿੰਘ ਅਤੇ ਭਾਈ ਰਘਬੀਰ ਸਿੰਘ ਕੋਹਾੜ ਨੇ ਸਿੱਖ ਕੌਮ ਨੂੰ ਖਾਲਿਸਤਾਨ ਦੇ ਸ਼ਹੀਦਾਂ ਅਤੇ ਖਾਲਿਸਤਾਨ ਲਈ ਸੰਘਰਸ਼ ਸ਼ੀਲ ਸਿੰਘਾਂ ਖਿਲਾਫ ਇਸ ਗੁੰਮਰਾਹਕੁਨ ਪ੍ਰਚਾਰ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਜਿਕਰਯੋਗ ਹੈ ਕਿ ਖਾਲਿਸਤਾਨ ਦਾ ਸੰਘਰਸ ਆਪਣੇ ਤੇਜ਼, ਮੱਧਮ , ਮੱਠੀ ਰਫ਼ਤਾਰ ਚੱਲਦਾ ਰਿਹਾ ,ਚੱਲ ਰਿਹਾ ਹੈ ਅਤੇ ਚੱਲਦਾ ਹੀ ਰਹੇਗਾ। ਬੀਤੇ ਸਮੇਂ ਚ ਬਹੁਤ ਉਤਰਾਅ ਚੜਾਅ ਵੀ ਆਏ । ਕਈ ਵਾਰੀ ਆਪਸੀ ਵਿਚਾਰਾਂ ਦਾ ਟਕਰਾ ਹੋਇਆ, ਪਰ ਕਈ ਵਾਰੀ ਟਕਰਾ ? ਹੋਣ ਦੇ ਬਾਵਜੂਦ ਵੀ ਪੰਥਕ ਹਿਤਾਂ ਨੂੰ ਮੁੱਖ ਰੱਖ ਜਾਂ ਸਮੇਂ ਦੀ ਮੰਗ ਨੂੰ ਮਹਿਸੂਸ ਕਰਦਿਆਂ ਆਪਸੀ ਉਸ ਤਨਾਓ ਨੂੰ ਘਟਾਉਣ ਦੇ ਯਤਨ ਕੀਤੇ ਗਏ। ਪਰ ਜੋ ਪਿਛਲੇ ਸਮੇਂ ਤੋਂ ਉਹਨਾਂ ਯੋਧਿਆਂ ਤੇ ਜ਼ਿਹਨਾਂ ਨੇ ਇਸ ਸੰਘਰਸ ਨੂੰ ਉਸ ਸਮੇਂ ਸੇਧ ਦਿੱਤੀ ਜਦੋਂ ਭਾਰਤ ਦਾ ਪੱਤਾ ਪੱਤਾ ਸਿੰਘਾਂ ਦਾ ਵੈਰੀ ਹੋਇਆ ਪਿਆਂ ਸੀ ਤੇ ਉਹਨਾਂ ਪੰਥ ਦੇ ਦੋਖੀਆਂ ਨੂੰ ਢੁੱਕਵੀਆਂ ਸਜ਼ਾਵਾਂ ਵੀ ਦਿੱਤੀਆਂ,ਵਾਰੇ ਬਹੁਤ ਕੁੱਝ ਮੰਦੀ ਸ਼ਬਦਾਵਲੀ ਵਰਤ ਉਹਨਾਂ ਦੇ ਅਕਸ ਨੂੰ ਧੁੰਦਲਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਜੋ ਕਿ ਬਹੁਤ ਹੀ ਮੰਦ ਭਾਗੇ ਹਨ। ਇਸ ਵਾਦ-ਵਿਵਾਦ ਨੂੰ ਠੱਲ ਪਾਉਣ ਲਈ ਹਰ ਕੌਮ ਦਰਦੀ ਨੂੰ ਪਹਿਲ ਕਦਮੀ ਕਰਨ ਦੀ ਲੋੜ ਹੈ । ਇਸ ਵਾਦ-ਵਿਵਾਦ ਤੋਂ ਸਾਰੇ ਹੀ ਸਿੰਘਾਂ ਦੇ ਹਿਰਦੇ ਦੁਖੀ ਹਨ ਅੱਜ ਅਚਾਨਕ ਹੀ ਸਾਂਝੇ ਪ੍ਰੋਗਰਾਮ ਚ ਗੱਲ ਹੋ ਗਈ। ਯੁਰਪ, ਇੰਗਲੈਂਡ, ਪੰਜਾਬ, ਕਨੇਡਾ, ਅਮਰੀਕਾ , ਅਟਰੇਲੀਆ ਅਤੇ ਨਿਊਜੀਲੈਂਡ ਦੇ ਸਿੰਘਾਂ ਵੱਲੋਂ ਆਉਣ ਵਾਲੇ ਦੋ ਤਿੰਨ ਦਿਨਾਂ ਚ ਕੋਈ ਸਨੇਹਾ ਸੋਸਲ ਮੀਡੀਏ ਰਾਹੀਂ ਦੇਣ ਦਾ ਯਤਨ ਕੀਤਾ ਜਾਵੇਗਾ। ਵਾਦ-ਵਿਵਾਦ ਕਰਨ ਵਾਲੇ ਸੱਜਣਾਂ ਨੂੰ ਬੇਨਤੀ ਹੈ ਕਿ ਇਸ ਤੋਂ ਗੁਰੇਜ ਕੀਤਾ ਜਾਵੇ। ਆਪਾਂ ਆਪਣੇ ਸਹੀ ਦੁਸ਼ਮਣ ਦੀ ਪਛਾਣ ਕਰ ਸਹੀ ਨਿਸ਼ਾਨੇ ਵੱਲ ਨੂੰ ਤੁਰੀਏ।

## ਬੀਬੀ ਕੈਲਾਸ਼ ਕੌਰ ਛੀਨਾ ਦਾ ਯੂਨੀਅਨ ਸਿਟੀ ਵਿਚ ਦੇਹਾਂਤ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸੁਰ ਸਿੰਘ ਦੀ ਸਤਿਕਾਰਤ ਸ਼ਖ਼ਸੀਅਤ ਸਵਰਗੀ ਜਸਵੰਤ ਸਿੰਘ ਛੀਨਾ ਦੀ ਧਰਮ ਪਤਨੀ ਬੀਬੀ ਕੈਲਾਸ਼ ਕੌਰ (86) ਦਾ ਯੂਨੀਅਨ ਸਿਟੀ ਕੈਲੀਫੋਰਨੀਆ ਵਿਚ ਦਿਹਾਂਤ ਹੋ ਗਿਆ ਜਿਨਾਂ ਦਾ ਸੁਰ ਸਿੰਘ ਨਿਵਾਸੀਆਂ, ਸਨੇਹੀਆਂ ਤੇ ਰਿਸ਼ਤੇਦਾਰਾਂ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਕੈਲੀਫੋਰਨੀਆ ਤੋਂ ਜਸਪਾਲ ਸਿੰਘ ਢਿੱਲੋਂ, ਜਗਦੀਸ਼ ਸਿੰਘ ਢਿੱਲੋਂ, ਅਜੀਤ ਸਿੰਘ ਸੰਧੂ, ਸੁਰ ਸਿੰਘ ਤੋਂ ਪਦਮਸ੍ਰੀ ਕਰਤਾਰ ਸਿੰਘ ਪਹਿਲਵਾਨ, ਡਾ. ਵਰਿਆਮ ਸਿੰਘ ਸੰਧੂ, ਸਾਬਕਾ ਸਰਪੰਚ ਸਵਰਨ ਸਿੰਘ, ਡਾ. ਮਨਜਿੰਦਰ ਸਿੰਘ ਹੀਰਾ ਸਮੇਤ ਸੁਰ ਸਿੰਘ ਨਿਵਾਸੀਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਦੱਸਿਆ ਕਿ ਬੀਬੀ ਕੈਲਾਸ਼ ਕੌਰ ਛੀਨਾ ਬਹੁਤ ਹੀ ਨੇਕ, ਮਿਹਨਤੀ ਤੇ ਮਿਲਣਸਰ ਸਨ ਜਿਨਾਂ ਨੇ ਸਮਾਜ ਸੇਵੀ ਕਾਰਜਾਂ ਵਚ ਵਧ ਚੜ ਕੇ ਯੋਗਦਾਨ ਪਾਇਆ ਸੀ। ਬੀਬੀ ਕੈਲਾਸ਼ ਕੌਰ, ਬਾਬਾ ਅਵਤਾਰ ਸਿੰਘ ਬਿੱਧੀ ਚੰਦੀਏ ਨਾਲ ਪਰਿਵਾਰਕ ਸਬੰਧ ਸਨ ਅਤੇ ਆਪਣੇ ਪਿੱਛੇ 2 ਲੜਕੇ ਪਿੰਕੀ ਅਤੇ ਚੰਨ (ਕੈਲੀਫੋਰਨੀਆ) ਛੱਡ ਗਏ ਹਨ ਜਿਨਾਂ ਦਾ ਅੰਤਿਮ ਸਸਕਾਰ ਸ਼ੁੱਕਰਵਾਰ ਨੂੰ ਕੈਲੀਫੋਰਨੀਆ ਵਿਚ ਕੋਰੋਨਾ ਵਾਇਰਸ ਕਾਰਨ ਸੀਮਤ ਮੈਂਬਰਾਂ ਦੀ ਹਾਜ਼ਰੀ ਵਿਚ ਹੋਵੇਗਾ। ਸੁਰ ਸਿੰਘ ਤੇ ਇਲਾਕੇ ਵਿਚ ਬੀਬੀ ਕੈਲਾਸ਼ ਕੌਰ ਛੀਨਾ ਦੀ ਮੌਤ ਗਹਿਰਾ ਦੁੱਖ ਪ੍ਰਗਟ ਕੀਤਾ ਜਾ ਰਿਹਾ ਹੈ।

## ਬੋਪਾਰਾਏ ਭਰਾਵਾਂ ਨੂੰ ਸਦਮਾ



**ਸੈਕਰਾਮੈਂਟੋ/ਐੱਸ.ਅਸ਼ੋਕ ਭੌਰਾ:** ਅਮਰੀਕਨ ਪੰਜਾਬੀ ਭਾਈਚਾਰੇ ਵਿਚ ਬਹੁਤ ਹੀ ਸਤਿਕਾਰਯੋਗ ਥਾਂ ਰੱਖਣ ਵਾਲੇ ਅਤੇ ਉੱਘੇ ਕਾਰੋਬਾਰੀ ਬੋਪਾਰਾਏ ਭਰਾਵਾਂ ਸ. ਜਸਵਿੰਦਰ ਸਿੰਘ ਬੋਪਾਰਾਏ, ਸ. ਦਲਵੀਰ ਸਿੰਘ ਬੋਪਾਰਾਏ, ਸ. ਮਲਕੀਤ ਸਿੰਘ ਬੋਪਾਰਾਏ ਅਤੇ ਸ. ਗੁਰਦੇਵ ਸਿੰਘ ਬੋਪਾਰਾਏ ਨੂੰ ਅੱਜ ਉਸ ਵਕਤ ਬਹੁਤ ਗਹਿਰਾ ਸਦਮਾ ਲੱਗਾ ਜਦੋਂ ਉਨਾਂ ਦੇ ਪਿਤਾ ਸ. ਚੇਤਨ ਸਿੰਘ ਬੋਪਾਰਾਏ (87) ਅਚਾਨਕ ਸਦੀਵੀ ਵਿਛੋੜਾ ਦੇ ਗਏ। ਸ. ਚੇਤਨ ਸਿੰਘ ਬੋਪਾਰਾਏ ਜਲੰਧਰ ਜ਼ਿਲੇ ਦੇ ਕਾਲਾ ਸੰਘਿਆਂ ਨੇੜੇ ਪੈਂਡੇ ਪਿੰਡ ਤਲਵੰਡੀ ਮਾਧੋ ਦੇ ਜੰਮਪਲ ਸਨ ਅਤੇ ਉਨਾਂ ਨੇ ਮਿਹਨਤੀ ਕਿਰਸਾਨੀ ਜੀਵਨ ਬੜੇ ਮਾਣ ਨਾਲ ਗੁਜ਼ਾਰਿਆ। 1988 ਵਿਚ ਉਹ ਆਪਣੇ ਪੁੱਤਰਾਂ ਕੋਲ ਕੈਲੀਫੋਰਨੀਆਂ (ਅਮਰੀਕਾ) ਆ ਗਏ। ਕੈਲੀਫੋਰਨੀਆਂ ਦੀਆਂ ਸਮਾਜਿਕ, ਧਾਰਮਿਕ ਅਤੇ ਖੇਡ ਸੰਸਥਾਵਾਂ ਤੋਂ ਸਿਵਾ ਬੋਪਾਰਾਏ ਪਰਿਵਾਰ ਨਾਲ ਨਜ਼ਦੀਕੀਆਂ ਰੱਖਣ ਵਾਲੇ ਮਿੱਤਰਾਂ, ਦੋਸਤਾਂ ਵਲੋਂ ਇਸ ਦੁੱਖ ਦੀ ਘੜੀ ਵਿਚ ਬੋਪਾਰਾਏ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ਗਈ ਹੈ। ਖੁਸ਼ਮਿਜ਼ਾਜ਼ ਅਤੇ ਸਿੱਖੀ ਸਿਧਾਂਤਾਂ 'ਤੇ ਚੱਲਣ ਵਾਲੇ ਚੇਤਨ ਸਿੰਘ ਆਪਣੇ ਪਿੱਛੇ ਪਤਨੀ ਸਵਰਨ ਕੌਰ, ਚਾਰ ਪੁੱਤਰਾਂ ਅਤੇ ਧੀ ਜਸਵਿੰਦਰ ਕੌਰ ਸਮੇਤ ਦੋਹਤਿਆਂ ਪੋਤਰਿਆਂ ਵਾਲਾ ਵੱਡਾ ਪਰਿਵਾਰ ਛੱਡ ਗਏ ਹਨ।






ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਕੋਰੋਨਾ ਤੋਂ ਵਧ ਭਿਅੰਕਰ ਬਿਮਾਰੀ ਸੀ ਸਪੈਨਿਸ਼ ਫਲੂ

- ਪ੍ਰੋ. ਬਲਵਿੰਦਰਪਾਲ ਸਿੰਘ

ਹਰ 100 ਸਾਲ ਵਿਚ ਦੁਨੀਆ ਕਿਸੇ ਨਾ ਕਿਸੇ ਭਿਆਨਕ ਮਹਾਂਮਾਰੀ ਦੀ ਸ਼ਿਕਾਰ ਰਹੀ ਹੈ। ਸਾਲ 1720 ਵਿਚ ਪਲੇਗ, 1820 ਵਿਚ ਹੈਜ਼ਾ ਤੇ 1920 ਵਿਚ ਸਪੈਨਿਸ਼ ਫਲੂ ਵਰਗੀਆਂ ਮਹਾਂਮਾਰੀਆਂ ਨੇ ਵਿਸ਼ਵ ਨੂੰ ਤਬਾਹ ਕੀਤਾ ਹੈ ਤੇ ਹੁਣ ਸਾਲ 2020 ਵਿਚ ਵੀ ਦੁਨੀਆ ਭਿਆਨਕ ਮਹਾਂਮਾਰੀ 'ਕੋਰੋਨਾ ਵਾਇਰਸ' ਨਾਲ ਜੂਝ ਰਹੀ ਹੈ। ਉਕਤ ਮਹਾਂਮਾਰੀਆਂ ਵਿਚੋਂ ਸਪੈਨਿਸ਼ ਫਲੂ ਨਾਮਕ ਬਿਮਾਰੀ ਨਾਲ ਵਿਸ਼ਵ ਭਰ ਵਿਚ ਕਰੀਬ 10 ਕਰੋੜ ਲੋਕਾਂ ਦੀ ਮੌਤ ਹੋਈ ਸੀ ਤੇ ਮਾਹਿਰ ਇਸ ਨੂੰ ਇਤਿਹਾਸ ਦੀ ਸਭ ਤੋਂ ਮਾਰੂ ਮਹਾਂਮਾਰੀ ਮੰਨਦੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਪੂਰੇ 100 ਸਾਲ ਤੋਂ ਬਾਅਦ ਉਕਤ ਸਾਰੀਆਂ ਮਹਾਂਮਾਰੀਆਂ ਵਾਂਗ ਕੋਰੋਨਾ ਨੇ ਇਸ ਵੇਲੇ ਚੀਨ ਰਾਹੀਂ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਹਰ 100 ਸਾਲ ਵਿਚ ਫੈਲਦੀ ਮਹਾਂਮਾਰੀ ਨੇ ਸਾਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਅਸੀਂ ਕੁਦਰਤੀ ਢੰਗ ਨਾਲ ਜਿਊਣਾ ਹੈ ਜਾਂ ਆਪਣੇ ਆਪ ਨੂੰ ਤਬਾਹ ਕਰਨਾ ਹੈ।

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਸਪੈਨਿਸ਼ ਫਲੂ ਜਿਸ ਸਮੇਂ ਆਇਆ ਸੀ, ਉਸ ਸਮੇਂ ਦੁਨੀਆਂ ਅੱਜ ਵਰਗੀ ਆਧੁਨਿਕ ਨਹੀਂ ਸੀ ਤੇ ਨਾ ਹੀ ਅੱਜ ਵਾਂਗ ਆਪਸ ਵਿਚ ਨਹੀਂ ਜੁੜੀ ਹੋਈ ਸੀ। ਸਾਨੂੰ ਸਮੁੰਦਰੀ ਰਸਤੇ ਰਾਹੀਂ ਇਕ ਦੇਸ਼ ਤੋਂ ਦੂਜੇ ਦੇਸ਼ ਦੀ ਯਾਤਰਾ ਕਰਨੀ ਪੈਂਦੀ ਸੀ। ਫਿਰ ਵੀ, ਬਿਮਾਰੀ ਤੇਜ਼ੀ ਨਾਲ ਫੈਲ ਗਈ। ਮਹਾਂਮਾਰੀ ਤੁਰੰਤ ਅਲਾਸਕਾ ਦੇ ਦੂਰ ਦੁਰਾਡੇ ਇਲਾਕਿਆਂ ਵਿੱਚ ਪਹੁੰਚ ਗਈ। ਇਸ ਦਾ ਕਹਿਰ ਤਕਰੀਬਨ ਦੋ ਸਾਲਾਂ ਤੱਕ ਜਾਰੀ ਰਿਹਾ। ਇਹ ਮੰਨਿਆ ਜਾਂਦਾ ਹੈ ਕਿ ਬਿਮਾਰੀ ਦੀ ਸ਼ੁਰੂਆਤ ਫੌਜੀਆਂ ਤੋਂ ਹੋਈ ਸੀ।

ਉਸ ਸਮੇਂ, ਪਹਿਲਾ ਵਿਸ਼ਵ ਯੁੱਧ ਚੱਲ ਰਿਹਾ ਸੀ। ਸੈਨਿਕਾਂ ਦੇ ਬੰਕਰਾਂ ਦੇ ਆਸਪਾਸ ਗੰਦਗੀ ਦੀ ਵਜ੍ਹਾ ਨਾਲ ਇਹ ਮਹਾਮਾਰੀ ਫੌਜੀਆਂ ਵਿਚ ਫੈਲ ਗਈ ਅਤੇ ਜਦੋਂ ਫੌਜੀ ਆਪਣੇ ਆਪਣੇ ਦੇਸ਼ ਜਾਂਦੇ ਹਨ ਤਾਂ ਉਨਾਂ ਕਾਰਨ ਉਨਾਂ ਦੇਸ਼ਾਂ ਵਿਚ ਬਿਮਾਰੀ ਫੈਲ ਜਾਂਦੀ। ਇਸ ਫਲੂ ਨੂੰ ਲੈ ਕੇ ਇਤਿਹਾਸਕਾਰਾਂ ਦੇ ਅਲੱਗ-ਅਲੱਗ ਵਿਚਾਰ ਹਨ। ਕਿਸੇ ਦਾ ਕਹਿਣਾ ਹੈ ਕਿ ਇਹ ਫਰਾਂਸ ਜਾਂ ਅਮਰੀਕਾ ਵਿੱਚ ਬ੍ਰਿਟਿਸ਼ ਆਰਮੀ ਦੇ ਆਧਾਰ ਤੋਂ ਸ਼ੁਰੂ ਹੋਈ ਸੀ। ਕਈ ਥਾਵਾਂ ਉੱਤੇ ਤਾਂ ਫਲੂ ਨੇ ਆਪਣੀ ਹੋਂਦ ਦੇ ਕਈ ਮਹੀਨਿਆਂ ਤੇ ਸਾਲਾਂ ਬਾਅਦ ਕਹਿਰ ਮਚਾਇਆ। ਪਰ ਕਈ ਦੇਸ਼ਾਂ ਨੇ ਸਾਵਧਾਨੀ ਵਰਤ ਕੇ ਇਸ ਫਲੂ ਨੂੰ ਕਾਬੂ ਵਿਚ ਰੱਖਿਆ। ਅਲਾਸਕਾ ਦੇ ਬ੍ਰਿਸਟਲ ਬੇਅ ਵਿੱਚ ਰਹਿਣ ਵਾਲੀ ਇੱਕ ਬਰਾਦਰੀ ਨੇ ਇਸ ਬਿਮਾਰੀ ਨੂੰ ਆਪਣੇ ਉੱਤੇ ਹਾਵੀ ਨਹੀਂ ਹੋਣ ਦਿੱਤਾ। ਉਨਾਂ ਨੇ ਸਾਰੇ ਸਕੂਲ ਬੰਦ ਕਰ ਦਿੱਤੇ ਤੇ ਲੋਕਾਂ ਨੂੰ ਜਨਤਕ ਥਾਵਾਂ ਉੱਤੇ ਇਕੱਠੇ ਨਹੀਂ ਹੋਣ ਦਿੱਤਾ। ਪਿੰਡਾਂ ਦੇ ਲੋਕਾਂ ਨੇ ਆਪਣੇ ਪਿੰਡਾਂ ਦੀ ਨਾਕਾਬੰਦੀ ਕਰ ਲਈ ਤੇ ਦੂਸਰੇ ਪਿੰਡਾਂ ਦੇ ਲੋਕਾਂ ਨੂੰ ਆਪਣੇ ਪਿੰਡਾਂ ਵਿਚ ਪ੍ਰਵੇਸ਼ ਨਹੀਂ ਕਰਨ ਦਿੱਤਾ। ਅਕਸਰ ਮਨੁੱਖ ਦਾ ਇਮਿਊਨ ਸਿਸਟਮ ਕਿਸੇ ਵੀ ਤਰਾਂ ਦੇ ਫਲੂ ਨਾਲ ਸੌਖੇ ਢੰਗ ਨਾਲ ਲੜਨ ਦੇ ਸਮਰੱਥ ਹੈ। ਪਰ ਸਪੈਨਿਸ਼ ਫਲੂ ਵਿੱਚ ਫੈਲਣ ਵਾਲਾ ਵਾਇਰਸ ਇੰਨੀ ਤੇਜ਼ੀ ਨਾਲ ਇਮਿਊਨ ਸਿਸਟਮ ਉੱਤੇ ਹਮਲਾ ਕਰਦਾ ਸੀ ਕਿ ਮਨੁੱਖ ਦਾ ਬਚਣਾ ਔਖਾ ਹੋ ਜਾਂਦਾ ਸੀ। ਉਸ ਸਮੇਂ ਇਸ ਦੀ ਤੁਲਨਾ ਇੱਕ ਤੂਫ਼ਾਨ 'ਕਾਈਟੋਕਾਇਨ ਸਟਰੋਮ' ਨਾਲ ਕੀਤੀ ਗਈ ਸੀ। ਇਸ ਬਿਮਾਰੀ ਨਾਲ ਫੇਫੜਿਆਂ ਵਿੱਚ ਪਾਣੀ ਭਰ ਜਾਂਦਾ, ਜਿਸ ਕਰਕੇ ਹੋਰ ਸਾਹ ਦੀਆਂ ਬਿਮਾਰੀਆਂ ਦਾ ਖਤਰਾ ਰਹਿੰਦਾ। ਯਾਦ ਰੱਖਣ ਵਾਲੀ ਗੱਲ ਹੈ ਕਿ ਸਪੈਨਿਸ਼ ਫਲੂ ਨਾਲ ਮਰਨ ਵਾਲੇ ਵਧੇਰੇ ਲੋਕ ਗਰੀਬ ਸਨ। ਉਹ ਮਾੜੇ ਹਾਲਾਤਾਂ ਵਿੱਚ ਰਹਿੰਦੇ ਸਨ। ਉਨਾਂ ਕੋਲ ਨਾ ਤਾਂ ਚੰਗਾ ਭੋਜਨ ਸੀ ਤੇ ਨਾ ਰਹਿਣ ਲਈ ਸਾਫ਼-ਸੁਥਰਾ ਮਹੌਲ।

ਸਪੈਨਿਸ਼ ਫਲੂ ਤੋਂ ਬਜ਼ੁਰਗਾਂ ਨੂੰ ਘਟ ਖਤਰਾ ਸੀ ਕਿਉਂਕਿ ਉਨਾਂ ਨੇ 1830 ਦੇ ਦਹਾਕੇ ਵਿੱਚ ਫੈਲੀਆਂ ਇਹੋ ਜਿਹੀਆਂ ਕੁਝ ਬਿਮਾਰੀਆਂ ਦਾ ਸਾਹਮਣਾ ਕੀਤਾ ਹੋਇਆ ਸੀ।

ਪਰ ਇਸ ਦੇ ਉਲਟ ਕੋਰੋਨਾਵਾਇਰਸ ਜ਼ਿਆਦਾਤਰ ਬਜ਼ੁਰਗਾਂ ਵਿੱਚ ਫੈਲ ਰਿਹਾ ਹੈ। ਇਸ ਨਾਲ ਮਰਨ ਵਾਲੇ ਵਧੇਰੇ ਲੋਕਾਂ ਦੀ ਗਿਣਤੀ 80 ਸਾਲਾ ਤੋਂ ਵਧ ਉਮਰ ਦੇ ਬਜ਼ੁਰਗਾਂ ਦੀ ਹੈ। ਇਹ ਵੀ ਹੋ ਸਕਦਾ ਹੈ ਕਿ ਕੋਰੋਨਾ ਵਾਇਰਸ ਕਾਰਨ ਕਈ ਦੇਸ਼ਾਂ ਦੀ ਆਬਾਦੀ ਬਹੁਤ ਜ਼ਿਆਦਾ ਘੱਟ ਜਾਵੇ, ਜਿਸ ਵਿਚ ਬਜ਼ੁਰਗ ਜ਼ਿਆਦਾ ਹਨ। ਜਾਪਾਨ, ਇਟਲੀ ਤੇ ਹੋਰ ਪੱਛਮੀ ਦੇਸ਼ਾਂ ਵਿਚ ਇਹ ਖਤਰਾ ਬਹੁਤ ਜ਼ਿਆਦਾ ਮੰਡਰਾਇਆ ਹੋਇਆ ਹੈ।

ਹਾਲ ਹੀ ਵਿਚ ਕੋਰੋਨਾ ਵਾਇਰਸ ਬਾਰੇ ਇਕ ਨਵੀਂ ਥਿਊਰੀ ਆਈ ਹੈ ਕਿ ਇਸ ਦੇ ਲਈ ਚੀਨ ਦੋਸ਼ੀ ਹੈ। ਅਮਰੀਕਾ ਤੇ ਉਸ ਦੇ ਹਮਾਇਤੀ ਦੇਸ ਚੀਨ ਉੱਪਰ ਦੋਸ਼ ਲਗਾ ਰਹੇ ਹਨ। ਦੱਸਿਆ ਜਾਂਦਾ ਹੈ ਕਿ ਸਪੈਨਿਸ਼ ਫਲੂ ਦੀ ਸ਼ੁਰੂਆਤ ਸਾਲ 1917 ਦੇ ਆਖਿਰੀ ਹਿੱਸੇ ਵਿਚ ਉੱਤਰੀ ਚੀਨ ਵਿਚ ਹੋਈ ਸੀ। ਹਾਲਾਂ ਕਿ ਕੋਵਿਡ-19 ਨਾਲ ਮਰਨ ਵਾਲੇ ਲੋਕਾਂ ਦੀ ਗਿਣਤੀ ਸਪੈਨਿਸ਼ ਫਲੂ ਕਰਕੇ ਹੋਈਆਂ ਮੌਤਾਂ ਨਾਲੋਂ ਕਿਤੇ ਘੱਟ ਹਨ। ਕੋਰੋਨਾਵਾਇਰਸ ਕਾਰਨ ਢਾਈ ਲੱਖ ਤੋਂ ਜ਼ਿਆਦਾ ਮੌਤਾਂ ਹੋ ਚੁੱਕੀਆਂ ਹਨ। ਵਿਸ਼ਵ ਸਿਹਤ ਸੰਗਠਨ (ਡਬਲਯੂਐਚਓ) ਦੇ ਪ੍ਰਧਾਨ ਟੇਡਰੋਸ ਅਡਾਨੋਮ ਦਾ ਕਹਿਣਾ ਹੈ ਕਿ 'ਅਜੇ ਕੋਰੋਨਾ ਦਾ ਵਿਗੜਣਾ ਬਾਕੀ ਹੈ'। ਟੇਡਰੋਸ ਨੇ ਇਹ ਚੇਤਾਵਨੀ ਉਦੋਂ ਦਿੱਤੀ ਹੈ, ਜਦੋਂ ਕੁਝ ਦੇਸ਼ਾਂ ਨੇ ਲਾਕਡਾਊਨ ਖੋਲਣਾ ਸ਼ੁਰੂ ਕਰ ਦਿੱਤਾ ਹੈ। ਉਨਾਂ ਦਾ ਇਹ ਵੀ ਮੰਨਣਾ ਹੈ ਕਿ ਇਸ ਦੌਰਾਨ ਕੋਰੋਨਾ ਰਾਹੀਂ 1918 ਦੇ ਸਪੈਨਿਸ਼ ਫਲੂ ਵਰਗੀ ਹਾਲਤ ਹੋ ਸਕਦੀ ਹੈ। ਉਨਾਂ ਦਾ ਇਹ ਵੀ ਕਹਿਣਾ ਸੀ ਕਿ ਸਾਡੇ ਕੋਲ ਹੁਣ ਟੈਕਨੋਲੋਜੀ ਹੈ। ਅਸੀਂ ਇਸ ਬਿਪਤਾ ਨੂੰ ਰੋਕ ਸਕਦੇ ਹਾਂ ਅਤੇ ਸੰਕਟ ਨੂੰ ਵੀ ਰੋਕ ਸਕਦੇ ਹਾਂ। ਅਜੇ ਹੋਰ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਪਰ ਇਹ ਗੱਲ ਪੱਕੀ ਹੈ ਕਿ ਇਸ ਵਾਇਰਸ ਨੂੰ ਅਸੀਂ ਅਜੇ ਤੱਕ ਨਹੀਂ ਸਮਝ ਸਕੇ। ਕਿਹਾ ਜਾਂਦਾ ਹੈ ਕਿ ਜਦੋਂ ਭਿਅੰਕਰ ਮਹਾਂਮਾਰੀ ਆਉਂਦੀ ਹੈ ਤਾਂ ਕੁਝ ਚੰਗੀਆਂ ਚੀਜ਼ਾਂ ਅਚਾਨਕ ਮਾੜੀਆਂ ਹੋ ਜਾਂਦੀਆਂ ਹਨ ਅਤੇ ਕੁਝ ਭੈੜੀਆਂ ਚੀਜ਼ਾਂ ਸਾਨੂੰ ਚੰਗੀਆਂ ਲੱਗਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸਾਰਾ ਖਾਣ-ਪੀਣ, ਪਹਿਰਾਵਾ, ਸਭਿਆਚਾਰ ਸਭ ਕੁਝ ਬਦਲ ਜਾਂਦਾ ਹੈ। ਉਦਾਹਰਣ ਵਜੋਂ ਜਦੋਂ ਦੀ ਕੋਰੋਨਾ ਮਹਾਂਮਾਰੀ ਆਈ ਹੈ ਤਾਂ ਅਸੀਂ ਹੱਥ ਮਿਲਾਉਣ ਦੀ ਥਾਂ, ਗਲੇ ਲਗਾਉਣ ਦੀ ਥਾਂ, ਜੋ ਕਿ ਨਿੱਘ, ਦੋਸਤੀ ਅਤੇ ਸਭਿਅਕ ਵਿਵਹਾਰ ਦਾ ਪ੍ਰਤੀਕ ਮੰਨਿਆ ਜਾਂਦਾ ਸੀ, ਦੀ ਥਾਂ ਹੁਣ ਦੂਰੋਂ ਹੀ ਫਤਹਿ ਬੁਲਾਉਣ ਲੱਗ ਪਏ ਹਾਂ।

ਸਮਾਜ ਦੇ ਇਸ ਬਾਰੇ ਸੋਚਣ ਦੇ ਢੰਗ ਦੀ ਇਕ ਖੂਬਸੂਰਤ ਉਦਾਹਰਣ ਪ੍ਰਸਿੱਧ ਲੇਖਕ, ਨਾਵਲਕਾਰ ਅਤੇ ਨਾਟਕਕਾਰ ਰੋਮੇਨ ਰੋਲੈਂਡ ਨਾਲ ਜੁੜੀ ਹੋਈ ਹੈ, ਜੋ ਕਿ 1918 ਵਿਚ ਸਪੈਨਿਸ਼ ਫਲੂ ਦੀ ਮਹਾਂਮਾਰੀ ਦਾ ਸ਼ਿਕਾਰ ਹੋ ਗਿਆ।

ਰੋਮਿਆ ਰੋਲੈਂਡ ਮੂਲ ਰੂਪ ਵਿਚ ਫਰਾਂਸ ਦਾ ਰਹਿਣ ਵਾਲਾ ਸੀ, ਪਰ ਇਕ ਵਾਰ ਉਹ ਸਵਿਟਜ਼ਰਲੈਂਡ ਚਲਾ ਗਿਆ। ਇਸ ਦੌਰਾਨ ਪਹਿਲਾਂ ਵਿਸ਼ਵ ਯੁੱਧ ਸ਼ੁਰੂ ਹੋ ਗਿਆ ਅਤੇ ਉਹ ਉਥੇ ਹੀ ਫਸ ਗਿਆ। ਸਵਿਟਜ਼ਰਲੈਂਡ ਨੇ ਇਸ ਯੁੱਧ ਦੌਰਾਨ ਆਪਣੇ ਆਪ ਨੂੰ ਇੱਕ ਨਿਰਪੱਖ ਦੇਸ਼ ਐਲਾਨ ਕਰ ਦਿੱਤਾ ਸੀ। ਇਸ ਅਰਥ ਵਿੱਚ ਰੋਮਿਆ ਲਈ ਸਵਿਟਜ਼ਰਲੈਂਡ ਫਰਾਂਸ ਨਾਲੋਂ ਵੀ ਸੁਰੱਖਿਅਤ ਸੀ। ਇਸ ਦੌਰਾਨ, 1915 ਦੌਰਾਨ, ਰੋਮਾ ਰੋਲੈਂਡ ਨੂੰ ਨੋਬਲ



ਪੁਰਸਕਾਰ ਮਿਲਿਆ, ਜਿਸ ਨਾਲ ਉਹ ਮਸ਼ਹੂਰ ਹੋਇਆ। ਜਦੋਂ 1918 ਦੌਰਾਨ ਵਿਸ਼ਵ ਯੁੱਧ ਲਗਭਗ ਖ਼ਤਮ ਹੋ ਗਿਆ ਸੀ, ਰੋਮਿਆ ਰੋਲੈਂਡ ਜੇਨੇਵਾ ਤੋਂ ਵਾਪਸ ਪਰਤਿਆ। ਉਹ ਆਪਣੀ ਮਾਂ ਦੇ ਘਰ ਜਾਣ ਦੀ ਬਜਾਏ ਇੱਕ ਹੋਟਲ ਵਿੱਚ ਠਹਿਰਿਆ।

ਹੋਟਲ ਸਟਾਫ ਨੇ ਉਸ ਨਾਲ ਮਾੜਾ ਸਲੂਕ ਕੀਤਾ। ਇਹ ਵਿਵਹਾਰ ਨਾ ਸਿਰਫ ਹੋਟਲ ਅਤੇ ਪ੍ਰਾਹੁਣਚਾਰੀ ਦੇ ਕਾਰੋਬਾਰ ਦੀ ਪੇਸ਼ੇਵਰ ਨੀਤੀ ਅਨੁਸਾਰ ਗਲਤ ਸੀ, ਕਿਉਂਕਿ ਗਾਹਕ ਨਾਲ ਮਾੜਾ ਸਲੂਕ ਕਰਨ ਦਾ ਅਰਥ ਹੈ ਆਪਣੇ ਬਿਜਨੈਸ ਨੂੰ ਢਾਹ ਲਗਾਉਣੀ। ਮਾੜਾ ਸਲੂਕ ਕਰਨਾ ਮਨੁੱਖਤਾ ਨਹੀਂ ਹੈ। ਇਸ ਨੂੰ ਜਾਇਜ਼ ਵੀ ਨਹੀਂ ਠਹਿਰਾਇਆ ਜਾ ਸਕਦਾ। ਪਰ ਜੇਨੇਵਾ ਵਿੱਚ ਇਸ ਬਾਰੇ ਵਿਚਾਰ ਬਿਲਕੁਲ ਵੱਖਰਾ ਸੀ। ਮਹਾਂਮਾਰੀ ਦੇ ਦ੍ਰਿਸ਼ਟੀਕੋਣ ਅਨੁਸਾਰ ਇਹ ਕਿਹਾ ਜਾ ਸਕਦਾ ਹੈ ਕਿ ਹੋਟਲ ਦੇ ਕਰਮਚਾਰੀਆਂ ਨੇ ਸਵਾਈਨ ਫਲੂ ਦੇ ਸ਼ਿਕਾਰ ਰੋਮਾ ਨਾਲ ਵਿਵਹਾਰ ਸਹੀ ਕੀਤਾ ਤੇ ਉਸ ਨੂੰ ਫਾਲਤੂ ਇਧਰ ਉਧਰ ਘੁੰਮਣ ਨਹੀਂ ਦਿੱਤਾ ਤੇ ਨਾ ਹੀ ਲੋਕਾਂ ਨੂੰ ਮਿਲਣ ਦਿੱਤਾ। ਜੇ ਉਹ ਰੋਮਾ ਰੋਲੈਂਡ ਨੂੰ ਇਹ ਇਜਾਜ਼ਤ ਦਿੰਦੇ ਤਾਂ ਮਹਾਂਮਾਰੀ ਪੂਰੇ ਸ਼ਹਿਰ ਵਿੱਚ ਫੈਲ ਸਕਦੀ ਸੀ। ਬਾਅਦ ਵਿਚ ਹੋਟਲ ਮੈਨੇਜਮੈਂਟ ਵੱਲੋਂ ਰੋਮਾ ਨੂੰ ਸਪੱਸ਼ਟੀਕਰਨ ਦਿੱਤਾ ਗਿਆ ਤੇ ਮਹਾਂਮਾਰੀ ਕਾਰਨ ਆਪਣਾ ਵਿਹਾਰ ਵਾਜਬ ਦੱਸਿਆ ਕਿ ਇਸ ਮਹਾਂਮਾਰੀ ਤੋਂ ਬਚਣ ਲਈ ਹੋਟਲ ਦੇ ਕਮਰੇ ਵਿਚ ਇਕ ਮਰੀਜ਼ ਨੂੰ ਬਾਕੀਆਂ ਨਾਲੋਂ ਅਲੱਗ ਰੱਖਣਾ ਜ਼ਰੂਰੀ ਸੀ ਤੇ ਇਹੋ ਜਿਹੀਆਂ ਪਾਬੰਦੀਆਂ ਜ਼ਰੂਰੀ ਸੀ। ਰੋਮਿਆ ਰੋਲੈਂਡ ਮੂਲ ਰੂਪ ਵਿਚ ਫਰਾਂਸ ਦਾ ਰਹਿਣ ਵਾਲਾ ਸੀ।

ਇਹ ਨਹੀਂ ਹੈ ਕਿ ਜਿਨੇਵਾ ਸਦਾ ਲਈ ਇਸ ਮਹਾਂਮਾਰੀ ਤੋਂ ਬਚ ਗਿਆ। ਪੂਰੀ ਦੁਨੀਆਂ ਦੀ ਤਰਾਂ, ਸਪੈਨਿਸ਼ ਫਲੂ ਜਲਦੀ ਹੀ ਸਵਿਟਜ਼ਰਲੈਂਡ ਦੀ ਰਾਜਧਾਨੀ ਜਿਨੇਵਾ ਵਿਚ ਪਹੁੰਚ ਗਿਆ। ਅੰਕੜੇ ਦਰਸਾਉਂਦੇ ਹਨ ਕਿ ਜਲਦੀ ਹੀ ਮਹਾਂਮਾਰੀ ਨੇ ਉਸ ਦੇਸ਼ ਦੀ 50 ਪ੍ਰਤੀਸ਼ਤ ਆਬਾਦੀ ਨੂੰ ਸੰਕਰਮਿਤ ਕਰ ਦਿੱਤਾ। ਲਗਭਗ ਪੂਰੀ ਦੁਨੀਆ ਵਿਚ ਸਪੈਨਿਸ਼ ਫਲੂ ਦਾ ਇਲਾਜ ਇਹੀ ਸੀ ਕਿ ਲੋਕ ਇਕ ਦੂਸਰੇ ਨਾਲ ਮਿਲਣ ਤੋਂ ਪ੍ਰਹੇਜ਼ ਕਰਨ ਤੇ ਸਿਹਤ ਦਾ ਖਿਆਲ ਰੱਖਣ।

ਕੋਰੋਨਾ ਵਾਇਰਸ ਕਾਰਨ ਆਉਣ ਵਾਲੇ ਸਮੇਂ ਵਿਚ ਲੋਕਾਂ ਦੇ ਆਵਾਜਾਈ, ਖਾਣ-ਪੀਣ, ਘੁੰਮਣ-ਫਿਰਨ, ਸਾਮਾਜਿਕ ਮੇਲ-ਜੋਲ ਅਤੇ ਕੰਮ ਕਾਜ ਸਬੰਧੀ ਵਿਵਹਾਰ ਅਤੇ ਆਦਤਾਂ ਵਿਚ ਵੀ ਬਦਲਾਅ ਲਿਆਉਣਾ ਪਵੇਗਾ। ਨਾਲ ਹੀ ਕੰਪਨੀਆਂ ਲਈ ਅਤੇ ਅਰਥਵਿਵਸਥਾ ਦੇ ਦੂਜੇ ਸੈਕਟਰਾਂ ਲਈ ਵੀ ਬਹੁਤ ਸਾਰੀਆਂ ਚੀਜ਼ਾਂ ਬਦਲ ਜਾਣਗੀਆਂ। ਕੋਰੋਨਾਵਾਇਰਸ ਦੇ ਫ਼ੈਲਣ ਤੋਂ ਬਾਅਦ ਹੁਣ ਕੰਪਨੀਆਂ ਅਤੇ ਮੁਲਾਜ਼ਮ ਦੋਵੇਂ ਹੀ ਚੌਕਸ ਹਨ। ਆਈਟੀ ਤੋਂ ਇਲਾਵਾ ਹੋਰਨਾਂ ਸੈਕਟਰ ਦੀਆਂ ਕੰਪਨੀਆਂ ਵੀ ਆਪਣੇ ਮੁਲਾਜ਼ਮਾਂ ਨੂੰ ਘਰੋਂ ਹੀ ਕੰਮ ਕਰਨ ਦੀ ਇਜਾਜ਼ਤ ਦੇ ਰਹੀਆਂ ਹਨ। ਭਾਰਤ ਦੀ ਆਬਾਦੀ ਵੱਧ ਹੈ ਤੇ ਗਰੀਬ ਮੁਲਕ ਵੀ ਹੈ, ਅਜਿਹੇ ਵਿਚ ਲੋਕਾਂ ਨੂੰ ਫ਼ਿਰ ਤੋਂ ਪਬਲਿਕ ਟਰਾਂਸਪੋਰਟ ਦੀ ਵਰਤੋਂ ਸ਼ੁਰੂ ਕਰਨੀ ਹੋਵੇਗੀ। ਪਰ ਰੇਲਵੇ, ਮੈਟਰੋ ਅਤੇ ਬੱਸਾਂ ਵਰਗੇ ਸਾਧਨਾਂ ਨੂੰ ਚਲਾਉਣ ਵਾਲਿਆਂ ਨੂੰ ਸਾਫ਼-ਸਫ਼ਾਈ 'ਤੇ ਕਿਤੇ ਵੱਧ ਫ਼ੋਕਸ ਕਰਨਾ ਹੋਵੇਗਾ। ਫਿਲਹਾਲ ਪੂਰੀ ਦੁਨੀਆਂ ਵਿਚ ਟ੍ਰੈਵਲ 'ਤੇ ਪਾਬੰਦੀਆਂ ਹਨ।

ਦੁਨੀਆਂ ਭਰ ਵਿੱਚ ਸਕੂਲ ਅਤੇ ਯੂਨੀਵਰਸਿਟੀਜ਼ ਇਸ ਗੱਲ ਦੀ ਕੋਸ਼ਿਸ਼ ਵਿਚ ਹਨ ਕਿ ਪੜ੍ਹਾਈ ਦੇ ਤਰੀਕਿਆਂ ਨੂੰ ਬਦਲਿਆ ਜਾਵੇ। ਵਰਚੁਅਲ ਕਲਾਸਾਂ ਦਾ ਇਸਤੇਮਾਲ ਤੇਜ਼ੀ ਨਾਲ ਵੱਧ ਰਿਹਾ ਹੈ। ਵਿਸ਼ਵ ਦੀਆਂ ਕਈ ਯੂਨੀਵਰਸਿਟੀ ਹੁਣ ਤੋਂ ਹੀ ਆਨਲਾਈਨ ਪੜ੍ਹਾਈ ਸ਼ੁਰੂ ਕਰ ਦੇਣਗੀਆਂ। ਭੀੜ ਵਾਲੀਆਂ ਥਾਵਾਂ ਤੋਂ ਕੋਰੋਨਾਵਾਇਰਸ ਦੇ ਫ਼ੈਲਣ ਦੇ ਖ਼ਤਰੇ ਕਾਰਨ ਲੋਕ ਹੁਣ ਅਜਿਹੀਆਂ ਥਾਵਾਂ ਮੌਲਜ਼, ਸਿਨੇਮਾਘਰਾਂ, ਸਕੂਲਾਂ, ਕਾਲਜਾਂ 'ਤੇ ਜਾਣ ਤੋਂ ਬਚਣਗੇ। ਕੋਰੋਨਾਵਾਇਰਸ ਨੇ ਸਾਫ਼-ਸਫ਼ਾਈ ਅਤੇ ਹਾਇਜੀਨ ਦੀ ਅਹਿਮੀਅਤ ਨੂੰ ਸਾਬਤ ਕੀਤਾ ਹੈ। ਭਾਰਤ ਵਿੱਚ ਅਜੇ ਤੱਕ ਹਾਇਜੀਨ ਦੇ ਮਾਪਦੰਡ ਵਿਕਸਤ ਦੇਸ਼ਾਂ ਵਾਂਗ ਨਹੀਂ ਹਨ। ਪਰ ਹੁਣ ਇਸ ਵੱਲ ਧਿਆਨ ਦੇਣਾ ਪਵੇਗਾ। ਰੈਸਟੋਰੈਂਟ ਅਤੇ ਹੋਟਲਾਂ ਨੂੰ ਵੀ ਆਪਣੇ ਸਾਫ ਸਫ਼ਾਈ ਦੇ ਸਟੈਂਡਰਡ ਉੱਤੇ ਧਿਆਨ ਦੇਣਾ ਪਵੇਗਾ। ਨਹੀਂ ਤਾਂ ਇਹ ਕਾਰੋਬਾਰ ਨਹੀਂ ਚਲ ਸਕਣਗੇ। ਯਾਦ ਰਹੇ ਕਿ ਇਹ ਕਾਰੋਬਾਰ 90 ਫੀਸਦ ਤੱਕ ਹੇਠਾਂ ਆ ਚੁਕਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਮਨੁੱਖ ਨੂੰ ਕੁਦਰਤ ਵਿਕਾਸ ਨੂੰ ਅਪਨਾਉਣਾ ਪਵੇਗਾ ਤੇ ਜਿਹੜਾ ਕੁਦਰਤੀ ਵਿਕਾਸ ਨਹੀਂ ਹੋਵੇਗਾ, ਉਹ ਮਨੁੱਖਤਾ ਦੀ ਤਬਾਹੀ ਕਰੇਗਾ। ਭਾਰਤ ਵਿਚ ਅੱਗੇ ਹੀ ਭ੍ਰਿਸ਼ਟ ਅਫਸਰਸ਼ਾਹੀ ਤੇ ਸਿਆਸਤ ਕਾਰਨ ਵਾਤਾਵਰਨ ਤਬਾਹ ਹੋ ਚੁੱਕਾ ਹੈ। ਇਸ ਬਾਰੇ ਹੁਣ ਲੋਕਾਂ ਨੂੰ ਸੁਚੇਤ ਹੋਣਾ ਪਵੇਗਾ ਕਿ ਉਹ ਕਿਹੋ ਜਿਹੀ ਸਿਆਸਤ, ਕਿਹੋ ਜਿਹੀ ਅਫਸਰਸ਼ਾਹੀ ਚਾਹੁੰਦੇ ਹਨ, ਜੋ ਉਨਾਂ ਦੇ ਭਵਿੱਖ ਲਈ ਯੋਗ ਹੋਵੇ।

# ਕੋਰੋਨਾ ਆਰਥਿਕ ਸੰਕਟ ਅਰਬਪਤੀ ਬਾਬਿਆਂ ਦਾ ਸਵਰਗ

- ਰੋਜ਼ੀ ਸਿੰਘ

ਪੂਰੇ ਸੰਸਾਰ ਦੇ ਨਾਲ-ਨਾਲ ਇਸ ਵੇਲੇ ਭਾਰਤ ਵਿੱਚ ਵੀ ਤਾਲਾਬੰਦੀ ਕਾਰਨ ਭਵਿੱਖ ਵਿੱਚ ਆਰਥਿਕ ਸੰਕਟ ਦੇ ਹੋਰ ਜ਼ਿਆਦਾ ਗਹਿਰਾਉਣ ਦੇ ਸੰਕੇਤ ਨਜ਼ਰ ਆਉਣ ਲੱਗ ਪਏ ਹਨ। ਚਿੰਤਾ ਅਤੇ ਪ੍ਰੇਸ਼ਾਨੀਆਂ ਦੇ ਇਸ ਮੌਸਮ ਵਿੱਚ ਜਿੱਥੇ ਸਾਰੀ ਲੁਕਾਈ ਪ੍ਰੇਸ਼ਾਨ ਹੈ, ਉੱਥੇ ਕੁਝ ਲੋਕ ਅਜਿਹੇ ਹਨ ਜਿਨਾਂ ਵਾਸਤੇ ਇਹ ਤਾਲਾਬੰਦੀ ਕੋਈ ਮਾਇਨੇ ਨਹੀਂ ਰੱਖਦੀ, ਉਹ ਹਨ ਅਰਬਪਤੀ ਬਾਬੇ। ਖ਼ਬਰਾਂ ਹਨ ਕਿ ਚਾਲੂ ਵਿੱਤੀ ਸਾਲ ਦੌਰਾਨ 'ਪਤੰਜਲੀ' ਅਤੇ 'ਰੁਚੀ ਸੋਇਆ' ਦਾ ਕਾਰੋਬਾਰ ਪੱਚੀ ਹਜ਼ਾਰ ਕਰੋੜ ਰੁਪਏ ਸਾਲਾਨਾ ਦੀ ਹੱਦ ਪਾਰ ਕਰਕੇ ਐੱਫ.ਐੱਮ.ਸੀ.ਜੀ (ਫਾਸਟ ਮੂਵਿੰਗ ਕੰਜ਼ਿਊਮਰ ਗੁਡਸ) ਦੇ ਖੇਤਰ ਵਿੱਚ ਨੰਬਰ ਇੱਕ ਕੰਪਨੀ ਬਣਨ ਜਾ ਰਹੀ ਹੈ। ਦੱਸਦਾ ਜਾਵਾਂ ਕੇ ਰੁਚੀ ਸੋਇਆ ਕੰਪਨੀ ਦਾ ਮਾਲਕ ਵੀ ਬਾਬਾ ਰਾਮਦੇਵ ਹੀ ਹੈ ਅਤੇ ਇਸ ਮਾਲੀ ਸਾਲ ਵਿੱਚ ਇਸ ਕੰਪਨੀ ਨੇ ਬਾਰਾਂ ਸੌ ਕਰੋੜ ਅਤੇ ਪਤੰਜਲੀ ਨੇ ਤੇਰਾਂ ਸੌ ਕਰੋੜ ਦਾ ਕਾਰੋਬਾਰ ਕਰਨ ਦਾ ਦਾਅਵਾ ਕੀਤਾ ਹੈ। ਅਗਲੇ ਸਾਲ ਇਹ ਕਾਰੋਬਾਰ ਤੀਹ ਤੋਂ ਚਾਲੀ ਹਜ਼ਾਰ ਕਰੋੜ ਤੱਕ ਕਰਨ ਦਾ ਟੀਚਾ ਮਿਥਿਆ ਗਿਆ ਹੈ।

ਬਾਬਿਆਂ ਵਿੱਚ ਇੱਕ ਬੰਗਲੌਰ ਦਾ ਸੱਤਿਆ ਸਾਈਂ ਵੀ ਸ਼ਾਮਲ ਹੈ ਜੋ ਕੁਝ ਸਾਲ ਪਹਿਲਾ ਫ਼ੌਤ ਹੋ ਗਿਆ ਸੀ। ਦੱਸਦੇ ਹਨ ਕਿ ਉਸਦੇ ਮਰਨ ਤੋਂ ਬਾਅਦ ਜਦੋਂ ਟ੍ਰਸਟ ਦੇ ਅਧਿਕਾਰੀਆਂ ਨੇ ਪੁਲਿਸ ਅਤੇ ਉੱਚ ਅਫ਼ਸਰਾਂ ਦੀ ਮੌਜੂਦਗੀ ਵਿੱਚ ਉਸ ਦਾ ਨਿੱਜੀ ਕਮਰਾ ਖੋਲਿਆ ਤਾਂ ਸਾਰਿਆਂ ਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ ਸਨ। ਜਿਨਾ ਧੰਨ ਉਸਦੇ ਕਮਰੇ ਵਿੱਚੋਂ ਨਿਕਲਿਆ ਸੀ ਉਨਾ ਤਾਂ ਕੁਬੇਰ ਦੇ ਖ਼ਜਾਨੇ ਵਿੱਚ ਵੀ ਨਹੀਂ ਹੋਣਾ। ਕਰੀਬ ਇੱਕ ਕੁਇੰਟਲ ਸੋਨਾ, 307 ਕਿਲੋ ਚਾਂਦੀ, ਕਰੋੜਾਂ ਰੁਪਏ ਦੀ ਕਰੰਸੀ, ਜਿਸਦੇ ਨੋਟਾਂ ਨੂੰ ਗਿਣਨ ਲੱਗਿਆਂ ਅਧਿਕਾਰੀਆਂ ਨੂੰ 30 ਘੰਟੇ ਲੱਗੇ ਅਤੇ ਇਹਨਾਂ ਨੋਟਾਂ ਨੂੰ ਜੀਪਾਂ ਵਿੱਚ ਭਰ ਕਿ ਬੈਂਕ ਖੜਿਆ ਗਿਆ। ਇਸ ਤੋਂ ਇਲਾਵਾ ਹੀਰੇ ਜਵਾਰਾਤ ਤੇ ਕਈ ਤਰਾਂ ਦੀ ਹੋਰ ਜ਼ਾਇਦਾਦ ਦੇ ਕਾਗਜ਼ਾਤ ਵੀ ਬਰਾਮਦ ਕੀਤੇ ਗਏ। ਇਹ ਵੀ ਪਤਾ ਲੱਗਾ ਸੀ ਕੇ ਸਾਈਂ ਦਾ ਇਹ ਕਮਰਾ, ਜੋ ਪੈਂਤੀ ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਇਆ ਸੀ, ਜਿਸਦਾ ਦਰਵਾਜ਼ਾ ਕੰਪਿਊਟਰ ਦੁਆਰਾ ਸਾਈਂ ਅਤੇ ਉਸਦੇ ਇੱਕ ਚੇਲੇ ਦੇ ਪੋਟਿਆਂ ਦੇ ਨਿਸ਼ਾਨ ਪਹਿਚਾਨਣ 'ਤੇ ਖੁੱਲਦਾ ਸੀ ਅਤੇ ਇਸ ਕਮਰੇ ਵਿੱਚ ਹੋਰ ਕਿਸੇ ਨੂੰ ਜਾਣ ਦੀ ਇਜਾਜ਼ਤ ਨਹੀਂ ਸੀ।

ਇਸੇ ਤਰਾਂ ਹੀ ਕੁਝ ਸਾਲ ਪਹਿਲਾਂ ਦੇਸ਼ ਵਿੱਚ ਇੱਕ ਪੁਰਾਤਨ ਮੰਦਿਰ ਦਾ ਇੱਕ ਦਰਵਾਜ਼ਾ ਖੋਲਿਆ ਗਿਆ ਸੀ ਜਿਸ ਵਿੱਚੋਂ ਅਰਬਾਂ ਦੇ ਹਿਸਾਬ ਨਾਲ ਧੰਨ-ਦੌਲਤ ਬਰਾਮਦ ਕੀਤੀ ਗਈ ਸੀ ਅਤੇ ਇਸ ਮੰਦਿਰ ਦੇ ਦੋ ਹੋਰ ਦਰਵਾਜ਼ੇ ਹਾਲੇ ਤੱਕ ਨਹੀਂ ਖੋਲੇ ਗਏ। ਇਹਨਾਂ ਕੁਝ ਵੱਡੇ ਅਰਬਪਤੀ ਬਾਬਿਆਂ ਤੋਂ ਇਲਾਵਾ ਮੁਲਖ ਵਿੱਚ ਅਨੇਕਾਂ ਮੰਦਿਰ, ਗੁਰਦੁਆਰੇ ਅਤੇ ਹੋਰ ਧਾਰਮਿਕ ਸਥਾਨ ਅਜਿਹੇ ਹਨ ਜਿੱਥੇ ਕੁਵੰਟਲਾਂ ਦੇ ਹਿਸਾਬ ਨਾਲ ਸੋਨਾ ਅਤੇ ਕਰੋੜਾਂ ਦੇ ਹਿਸਾਬ ਨਾਲ ਧੰਨ-ਦੌਲਤ ਪਈ ਹੋਈ ਹੈ ਜਿਹੜੀ ਅਨੇਕਾਂ ਵਰਿਆਂ ਤੋਂ ਕਿਸੇ ਕੰਮ ਨਹੀਂ ਆ ਰਹੀ।

ਹੁਣ ਮਹਾਂਮਾਰੀ ਦੇ ਚੱਲਦਿਆਂ ਦੇਸ਼ ਦੇ ਲੱਖਾਂ ਗ਼ਰੀਬ ਭੁੱਖੇ ਢਿੱਡ ਸੌਣ ਲਈ ਮਜਬੂਰ ਹਨ ਅਤੇ ਕਈ ਵਿਚਾਰੇ ਤਾਂ ਭੁੱਖ ਨਾਲ ਮਰ ਰਹੇ ਹਨ। ਦੇਸ਼ ਗੰਭੀਰ ਵਿੱਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ ਅਤੇ ਆਰਥਿਕਤਾ ਦਾ ਲੱਕ ਟੁੱਟ ਗਿਆ ਹੈ। ਕੀ ਇਸ ਵਿੱਤੀ ਸੰਕਟ ਅਤੇ ਭੁੱਖਮਰੀ ਦੇ ਦੌਰ ਵਿੱਚ ਇਹਨਾਂ ਬਾਬਿਆਂ ਦਾ ਜਨਤਾ ਪ੍ਰਤੀ ਕੋਈ ਫਰਜ਼ ਨਹੀਂ ਬਣਦਾ ਕੇ ਉਹ ਇਸ ਔਖੇ ਵੇਲੇ ਲੋਕਾਂ ਦੀ ਮਦਦ ਕਰਨ? ਕਿਉਂ ਨਾ ਲੋਕਾਂ ਦੇ ਪੈਸੇ 'ਤੇ ਐਸ਼ ਕਰਨ ਵਾਲ਼ੇ ਇਹਨਾਂ ਬਾਬਿਆਂ ਦੀ ਸਾਰੀ ਜਾਇਦਾਦ ਦੇਸ਼ ਦੇ ਗ਼ਰੀਬ ਲੋਕਾਂ ਵਿੱਚ ਵੰਡ ਦਿੱਤੀ ਜਾਵੇ? ਇਕੱਲੇ ਰਾਮਦੇਵ ਕੋਲ ਕਰੀਬ ਗਿਆਰਾਂ ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਨਿੱਜੀ ਜ਼ਾਇਦਾਦ ਹੈ। ਆਪਣੇ ਆਪ ਨੂੰ ਸੱਚਾ ਤੇ ਦੇਸ਼ ਭਗਤ ਆਖਣ ਵਾਲ਼ੇ ਇਸ ਬਾਬੇ ਨੇ ਇਹ ਸਾਰੀ ਜ਼ਾਇਦਾਦ ਕਿਵੇਂ ਹਥਿਆਈ ਹੈ, ਇਸਦਾ ਖ਼ੁਲਾਸਾ ਦਿੱਲੀ ਦੀ ਭਾਵਨਾ ਮਲਕ ਨੇ ਆਪਣੇ ਇੱਕ ਲੇਖ ਵਿੱਚ ਬਾਖੂਬੀ ਕੀਤਾ ਹੈ।

ਜੇਕਰ ਇਹਨਾਂ ਬਾਬਿਆਂ ਅਤੇ ਧਾਰਮਿਕ ਸਥਾਨਾਂ ਵਿੱਚ ਪਈ ਸਾਰੀ ਦੌਲਤ ਦੇਸ਼ ਲਈ ਵਰਤੀ ਜਾਵੇ ਤਾਂ ਵਿਸ਼ਵ ਬੈਂਕ ਤੋਂ ਕਰਜ਼ਾ ਲੈਣ ਦੀ ਕੋਈ ਲੋੜ ਨਹੀਂ ਪਵੇਗੀ। ਦੇਸ਼ ਦੇ 38 ਫੀਸਦੀ ਗਰੀਬੀ ਰੇਖਾਂ ਤੋਂ ਹੇਠਾਂ ਰਹਿ ਰਹੇ ਲੋਕਾਂ ਵਾਸਤੇ 5 ਸਾਲ ਲਈ ਰਾਸ਼ਣ ਤੇ ਰਹਿਣ ਸਹਿਣ ਦਾ ਪ੍ਰਬੰਧ ਸੌਖੇ ਹੀ ਹੋ ਜਾਵੇਗਾ। ਅਰਬਾਂ ਖ਼ਰਬਾਂ ਦੇ ਸੋਨੇ ਚਾਂਦੀ ਅਤੇ ਜਵਾਹਰਾਤ ਨਾਲ ਦੇਸ਼ ਦੇ ਹਰ ਰਾਜ ਵਿੱਚ ਕਈ ਵੱਡੇ ਹਸਪਤਾਲ ਬਣ ਸਕਦੇ ਹਨ।

ਆਪਣੇ ਆਪ ਨੂੰ ਤਿਆਗੀ, ਸੱਤਿਆਵਾਦੀ, ਉਦਾਸੀਨ, ਅਤੇ ਦੇਸ਼ ਦੇ ਹਮਾਇਤੀ ਅਖਵਾਉਣ ਵਾਲ਼ੇ ਇਸ ਤਰਾਂ ਦੇ ਬਾਬਿਆਂ ਦੇ ਟ੍ਰਸਟਾਂ, ਧਾਰਮਿਕ ਸਥਾਨਾਂ ਕੋਲ ਜਮਾਂ ਸਾਰੀ ਜਾਇਦਾਦ, ਧਨ-ਦੌਲਤ ਲੋਕਾਂ ਦੀ ਹੈ ਜਿਸ 'ਤੇ ਗ਼ਰੀਬ ਜਨਤਾ ਦਾ ਹੱਕ ਹੈ। ਜਿਸ ਸ਼ੈਅ 'ਤੇ ਜਿਸਦਾ ਹੱਕ ਹੋਵੇ, ਉਹ ਉਸ ਨੂੰ ਵਾਪਸ ਜ਼ਰੂਰ ਮਿਲਣੀ ਚਾਹੀਦੀ ਹੈ।

## ਦੱਰਿਆਂ ਤੇ ਦਰਿਆਵਾਂ ਸੰਗ - 2

# ਸ਼ੂਕਦੇ ਬਿਆਸ ਨੇ ਘੇਰਾ ਘੱਤਿਆ



- ਪ੍ਰੀਤਮ ਰੁਪਾਲ

ਮੈਂ ਤੇ ਸਵਦੇਸ਼ ਤਲਵਾੜ ਰੈਸਟ ਹਾਊਸ ਦੇ ਇਕ ਕਮਰੇ ਵਿਚ ਸਾਂ। ਜਦ ਸਵੇਰੇ ਮੇਰੀ ਜਾਗ ਖੁੱਲੀ ਤਲਵਾੜ ਸਾਹਿਬ ਨਹਾ ਕੇ ਤਿਆਰ ਹੋਏ ਚਾਹ ਦੀ ਉਡੀਕ ਕਰ ਰਹੇ ਸਨ। ਕੱਲ ਬਿਆਸ ਦਰਿਆ ਵਿਚ ਹੜ ਆਇਆ ਹੋਣ ਕਰਕੇ ਸਾਡੇ ਕੁਝ ਸਾਥੀਆਂ ਦੇ ਸਿਰ 'ਤੇ ਡਰ ਮੰਡਰਾਉਣ ਲੱਗ ਪਿਆ ਸੀ ਤੇ ਉਹ ਪ੍ਰੋਗਰਾਮ ਰੱਦ ਕਰਨ ਦੀਆਂ ਸਲਾਹਾਂ ਦੇਣ ਲੱਗੇ ਸਨ ਜਿਸ ਕਾਰਨ ਮੈਨੂੰ ਰਾਤੀਂ ਨੀਂਦ ਨਹੀਂ ਆਈ ਕਿ ਜੇ ਪ੍ਰੋਗਰਾਮ ਰੱਦ ਕਰਨਾ ਪਿਆ ਤਾਂ ਕਿਹੜਾ ਮੂੰਹ ਲੈ ਕੇ ਵਾਪਸ ਜਾਵਾਂਗੇ। ਵਾਪਸ ਜਾਣ ਵਾਲਿਆਂ ਵਿਚ ਸਾਡੇ ਸੀਨੀਅਰ ਸਾਥੀ ਤਲਵਾੜ ਸਾਹਿਬ ਅਤੇ ਮਨਮੋਹਨ ਸਿੰਘ ਮੋਹਰੀ ਭੂਮਿਕਾ ਨਿਭਾਅ ਰਹੇ ਸਨ। ਉਹ ਕਦੇ ਸ਼ਿਮਲੇ, ਕਦੇ ਕੁੱਲੂ ਅਤੇ ਕਦੇ ਚੰਡੀਗੜ ਫੋਨ ਕਰਕੇ ਇਹੋ ਖ਼ਬਰ ਦਿੰਦੇ ਕਿ ਸਾਰੇ ਰਸਤੇ ਬੰਦ ਹੋ ਚੁੱਕੇ ਨੇ। ਸਵੇਰ ਦੀ ਚਾਹ 'ਤੇ ਹੀ ਸਾਡੀ ਟੀਮ ਰੈਸਟ ਹਾਊਸ ਦੇ ਗੈਸਟ ਰੂਮ ਵਿਚ ਇਕੱਠੀ ਹੋਈ। ਪ੍ਰੈੱਸ ਕਲੱਬ ਦੇ ਪ੍ਰਧਾਨ ਜਗਤਾਰ ਸਿੰਘ ਸਿੱਧੂ ਨਾਲ ਚੰਡੀਗੜ ਫ਼ੋਨ 'ਤੇ ਗੱਲ ਹੋਈ। ਉਹਨਾਂ ਵੀ ਇਹੋ ਸਲਾਹ ਦਿਤੀ ਕਿ ਜੇ ਰਸਤੇ ਬੰਦ ਨੇ ਤਾਂ ਵਾਪਸ ਆ ਜਾਓ। ਅਖੀਰ ਇਸ ਗੱਲ 'ਤੇ ਮੋਹਰ ਲੱਗ ਗਈ ਕਿ ਵਾਪਸ ਚੱਲਿਆ ਜਾਵੇ। ਮੈਂ ਭਾਵੇਂ ਆਪਣੀ ਵੱਖਰੀ ਰਾਇ ਪ੍ਰਗਟ ਕੀਤੀ ਅਤੇ ਟੀਮ ਨੂੰ ਇਹ ਵੀ ਵਿਸ਼ਵਾਸ ਦਿਵਾਇਆ ਕਿ ਪਰਬਤਾਰੋਹਣ ਵਿਚ ਆਪਣੀ ਪੇਸ਼ਾਵਰਾਨਾ ਮੁਹਾਰਤ ਨਾਲ ਮੈਂ ਟੀਮ ਨੂੰ ਮੰਜ਼ਿਲ ਤੱਕ ਲੈ ਜਾਵਾਂਗਾ ਪਰ ਪ੍ਰੋਗਰਾਮ ਰੱਦ ਕਰਨ ਵਾਲਿਆਂ ਦੀ ਸੁਰ ਉੱਚੀ ਸੀ। ਕਮੇਟੀ ਦੇ ਚੇਅਰਮੈਨ ਅਤੇ ਸਾਡੀ ਮੁਹਿੰਮ ਦੇ ਆਗੂ ਸੁਖਬੀਰ ਨੇ ਵਾਪਸ ਜਾਣ ਲਈ ਸਹਿਮਤੀ ਦੇ ਦਿੱਤੀ। ਨਰਿੰਦਰ ਤੇ ਛੋਟਾ ਪੰਕਜ ਪ੍ਰੋਗਰਾਮ ਰੱਦ ਹੋਣ ਤੋਂ ਬਹੁਤ ਦੁਖੀ ਸਨ। ਮੈਂ ਉਮੇਸ਼ ਦੀ ਡਿਊਟੀ ਲਾਈ ਕਿ ਉਹ ਇਕੱਲੇ ਇਕੱਲੇ ਮੈਂਬਰ ਤੋਂ ਉਹਨਾਂ ਦੀ ਰਾਇ ਲਵੇ ਅਤੇ ਜਿਥੋਂ ਤੱਕ ਹੋ ਸਕੇ ਟੂਰ ਜਾਰੀ ਰੱਖਣ ਲਈ ਰਾਜ਼ੀ ਕਰੇ। ਅਖੀਰ ਸੀਨੀਅਰ ਮੈਂਬਰਾਂ ਨੂੰ ਇਸ ਗੱਲ ਲਈ ਮਨਾ ਲਿਆ ਕਿ ਘੱਟੋ-ਘੱਟ ਹਨੋਗੀ ਮੰਦਰ ਤੱਕ ਜਾ ਕੇ ਉਹ ਜਗਾ ਤਾਂ ਵੇਖੀ ਜਾਵੇ ਜਿਥੇ ਦਰਿਆ ਸੜਕ ਦੇ ਉਪਰ ਆਇਆ ਹੋਇਆ ਹੈ। ਤਲਵਾੜ ਸਾਹਿਬ ਤੇ ਪੰਕਜ ਸ਼ਰਮਾ ਨੂੰ ਇਹ ਲਾਲਚ ਸੀ ਕਿ ਹੜ ਦੀਆਂ ਫੋਟੋਆਂ ਖਿੱਚਾਂਗੇ। ਇਸ ਤਜਵੀਜ਼ ਨਾਲ ਸਾਰੇ ਸਹਿਮਤ ਹੋ ਗਏ।

ਨਾਸ਼ਤਾ ਕਰਨ ਸਾਰ ਅਸੀਂ ਆਪੋ ਆਪਣੀਆਂ ਜੀਪਾਂ ਵਿਚ ਬੈਠ ਫਿਰ ਕੁੱਲੂ ਵਾਲੀ ਸੜਕ 'ਤੇ ਉਸ ਥਾਂ ਵੱਲ ਚੱਲ ਪਏ ਜਿਥੇ ਹੜ ਦਾ ਜ਼ਿਆਦਾ ਅਸਰ ਸੀ। ਪੰਡੋਹ ਡੈਮ ਪਾਰ ਕਰਦਿਆਂ ਹੀ ਟਰੱਕਾਂ ਦੀਆਂ ਕਤਾਰਾਂ ਨਜ਼ਰ ਆਉਣ ਲੱਗੀਆਂ। ਹਨੋਗੀ ਮਾਤਾ ਦਾ ਮੰਦਰ ਲੰਘ ਕੇ ਜੀਪਾਂ ਇਕ ਸਾਈਡ 'ਤੇ ਲਗਾ ਦਿਤੀਆਂ ਜਿਥੇ ਟਰੱਕਾਂ, ਤੇਲ ਟੈਂਕਰਾਂ ਅਤੇ ਹੋਰ ਮੋਟਰ ਗੱਡੀਆਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਅਸੀਂ ਜੀਪਾਂ ਤੋਂ ਉਤਰ ਕੇ ਦਰਿਆ ਦੇ ਕਿਨਾਰੇ ਪਹੁੰਚ ਗਏ। ਬਿਆਸ ਠਾਠਾਂ ਮਾਰ ਰਿਹਾ ਸੀ। ਪਾਣੀ ਦੇ ਸ਼ੋਰ ਵਿਚ ਕੁਝ ਹੋਰ ਸੁਣਾਈ ਨਹੀਂ ਸੀ ਦੇ ਰਿਹਾ। ਹਿਮਾਚਲ ਪ੍ਰਦੇਸ਼ ਦੇ ਲੋਕ ਨਿਰਮਾਣ ਮਹਿਕਮੇ ਦੀ ਜੇ.ਸੀ.ਬੀ. ਮਸ਼ੀਨ ਹੜ ਦੇ ਪਾਣੀ ਦਾ ਰੇਤਾ ਹਟਾ ਕੇ ਇਕ ਪਾਸੇ ਕਰ ਰਹੀ ਸੀ। ਸਾਹਮਣੇ ਹਿਮਾਚਲ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਇਕ ਬੱਸ ਹੜਦੇ ਪਾਣੀ ਵਿਚ ਫਸੀ ਹੋਈ ਸੀ ਜਿਸ ਦੀਆਂ ਬਾਰੀਆਂ ਤੱਕ ਪਾਣੀ ਦਾ ਪੱਧਰ ਆਇਆ ਹੋਇਆ ਸੀ। ਸਾਡੇ ਫੋਟੋਗ੍ਰਾਫਰਾਂ ਨੇ ਜੇ.ਸੀ.ਬੀ. ਮਸ਼ੀਨ 'ਤੇ ਬੈਠ ਕੇ ਅੱਗੇ ਜਾ ਕੇ ਬੱਸ ਦੀਆਂ ਤਸਵੀਰਾਂ ਖਿੱਚੀਆਂ। ਵਿਸ਼ਾਲ ਗੁਲਾਟੀ ਨੇ ਮਹਿਕਮੇ ਦੇ ਐਕਸੀਅਨ ਨਾਲ ਗੱਲਬਾਤ ਕੀਤੀ। ਅਜੇ ਰਸਤਾ ਖੁੱਲਣ ਦੀ ਕੋਈ ਸੰਭਾਵਨਾ ਨਹੀਂ ਸੀ। ਮੈਂ ਉਥੋਂ ਹੀ ਬਦਲਵੇਂ ਰੂਟ ਤੋਂ ਕੁੱਲੂ ਮਨਾਲੀ ਜਾਣ ਦੀ ਗੱਲ ਫੇਰ ਛੇੜ ਦਿਤੀ। ਸੀਨੀਅਰ ਸਾਥੀ ਅੜ ਗਏ ਕਿ ਹੁਣ ਹਰਗਿਜ਼ ਨਹੀਂ ਜਾਵਾਂਗੇ, ਬਸ ਦੁਪਹਿਰ ਦਾ ਖਾਣਾ ਖਾ ਕੇ ਚੰਡੀਗੜ ਵਾਪਸ ਚੱਲਣਾ ਹੈ। ਉਹ ਗੁੱਸੇ ਵਿਚ ਆਪਣੀ ਲਾਲ ਜੀਪ ਵਿਚ ਬੈਠ ਗਏ ਅਤੇ ਮੰਡੀ ਨੂੰ ਜੀਪਾਂ ਵਾਪਸ ਤੁਰ ਪਈਆਂ।

ਮੰਡੀ ਰੈਸਟ ਹਾਊਸ ਤੱਕ ਪਹੁੰਚਦਿਆਂ ਹੀ ਅਸੀਂ ਅਗਲੇ ਟੂਰ ਦਾ ਪ੍ਰੋਗਰਾਮ ਪੱਕਾ ਕਰ ਲਿਆ। ਮੰਡੀ ਤੋਂ ਵਾਇਆ ਕੌਂਟਾਲਾ ਅਤੇ ਕਾਂਟੀ ਪਾਸ ਬਿਜੌਰੇ ਵਾਲੀ ਸੜਕ ਤੋਂ ਜਾਣ ਦਾ ਪ੍ਰੋਗਰਾਮ ਤੈਅ ਹੋ ਗਿਆ। ਬਸ ਹੁਣ ਸੀਨੀਅਰ ਸਾਥੀਆਂ ਨੂੰ ਮਨਾਉਣ ਦਾ ਪ੍ਰਾਜੈਕਟ ਬਾਕੀ ਸੀ। ਦੁਪਹਿਰ ਦਾ ਖਾਣਾ ਖਾਂਦਿਆਂ ਹੀ ਮੈਂ ਮੱਧਮ ਜਿਹੀ ਸੁਰ ਵਿਚ ਗੱਲ ਛੇੜ ਦਿਤੀ। ਸੁਖਬੀਰ ਨੇ ਕਿਹਾ ਕਿ ਜੇ ਰਸਤਾ ਠੀਕ ਹੈ ਫਿਰ ਜਾਣ ਵਿਚ ਕੀ ਹਰਜ਼ ਹੈ। ਹੌਲੀ ਹੌਲੀ ਮਨਮੋਹਨ



ਅਤੇ ਤਲਵਾੜ ਸਾਹਿਬ ਵੀ ਮੰਨ ਗਏ। ਫਿਰ ਚੰਡੀਗੜ ਫੋਨ ਖੜਕ ਗਏ ਕਿ ਹੁਣ ਪ੍ਰੋਗਰਾਮ ਬਣ ਗਿਆ ਹੈ। ਮੰਡੀ ਤੋਂ ਤਸਵੀਰਾਂ ਅਤੇ ਰਿਪੋਰਟਾਂ ਵਗੈਰਾ ਭੇਜਣ 'ਤੇ ਕਾਫ਼ੀ ਸਮਾਂ ਲੱਗ ਗਿਆ।

ਸਾਢੇ ਚਾਰ ਤੋਂ ਉਪਰ ਸਮਾਂ ਸੀ ਜਦ ਸਾਡਾ ਕਾਫਲਾ ਮੰਡੀ ਤੋ ਕੌਂਟਾਲੇ ਲਈ ਰਵਾਨਾ ਹੋਇਆ। ਇਹ ਸੜਕ ਕਾਫ਼ੀ ਤੰਗ ਸੀ। ਇਕ ਵਾਰ ਸਿੱਧੀ ਚੜ੍ਹਾਈ ਚੜਕੇ ਫਿਰ ਉਤਰਾਈ ਸ਼ੁਰੂ ਹੋ ਗਈ ਅਤੇ ਅਸੀਂ ਊਹਲ ਦਰਿਆ ਦੇ ਨਾਲ ਨਾਲ ਚੱਲਣ ਲੱਗੇ। ਇਸ ਨਦੀ ਵਿਚ ਵੀ ਹੜ ਆਇਆ ਹੋਇਆ ਸੀ ਪਰ ਇਹ ਸੜਕ ਤੋਂ ਕਾਫ਼ੀ ਹੇਠਾਂ ਵਗਦਾ ਸੀ। ਹਰੀ ਕਚੂਰ ਵਾਦੀ ਵਿਚੋਂ ਲੰਘਦਿਆਂ ਬੜਾ ਸਕੂਨ ਮਿਲ ਰਿਹਾ ਸੀ। ਮੀਂਹ ਵੀ ਬੰਦ ਸੀ। ਇਸ ਉਮੀਦ ਨਾਲ ਅੱਗੇ ਵਧ ਰਹੇ ਸਾਂ ਕਿ ਅੱਗੇ ਮੌਸਮ ਅਤੇ ਰਸਤੇ ਠੀਕ ਮਿਲਣਗੇ।

ਜਿਉਂ ਜਿਉਂ ਹਨੇਰਾ ਉਤਰ ਰਿਹਾ ਸੀ ਸਾਹਮਣੇ ਵਾਲੇ ਪਾਸਿਓਂ ਆਉਣ ਵਾਲੇ ਵਾਹਨਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਸੀ। ਸਾਡੀਆਂ ਤਿੰਨ ਜੀਪਾਂ ਤੋਂ ਇਲਾਵਾ ਸਾਡੇ ਅੱਗੇ ਪਿਛੇ ਵੀ ਕਈ ਹੋਰ ਕਾਰਾਂ ਅਤੇ ਮਾਲ ਢੋਣ ਵਾਲੀਆਂ ਛੋਟੀਆਂ ਗੱਡੀਆਂ ਲੱਗ ਗਈਆਂ ਸਨ। ਹਲਕੀ ਹਲਕੀ ਬਾਰਿਸ਼ ਫਿਰ ਸ਼ੁਰੂ ਹੋ ਗਈ ਸੀ। ਤੰਗ ਰਸਤਾ ਅਤੇ ਤਿੱਖੇ ਪਹਾੜੀ ਮੋੜ ਹੋਣ ਕਾਰਨ ਅਸੀਂ ਬੜੇ ਅਹਿਤਿਆਤ ਨਾਲ ਚੱਲ ਰਹੇ ਸਾਂ। ਜਦ ਅਸੀਂ ਕੌਂਟਾਲਾ ਪਿੰਡ ਪਹੁੰਚੇ ਤਾਂ ਦੀਵਿਆਂ ਵੇਲਾ ਹੋ ਚੁੱਕਾ ਸੀ ਅਤੇ ਇਥੋਂ ਹੀ ਸੜਕ ਉਪਰ ਆਵਾਜਾਈ ਰੁਕਣੀ ਸ਼ੁਰੂ ਹੋ ਗਈ। ਕੁੱਲੂ ਬਿਜੌਰੇ ਵਾਲੀ ਸਾਈਡ ਤੋਂ ਟੂਰਿਸਟ ਬੱਸਾਂ ਅਤੇ ਕਾਰਾਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਅੱਗੇ ਇਕ ਟਰੱਕ ਦਾ ਐਕਸਲ ਟੁੱਟ ਗਿਆ ਸੀ ਜਿਸ ਕਾਰਨ ਸੜਕ 'ਤੇ ਜਾਮ ਲੱਗ ਗਿਆ ਸੀ। ਬੜੀ ਮੁਸ਼ਕਲ ਨਾਲ ਇਥੋਂ ਗੱਡੀਆਂ ਕੱਢੀਆਂ ਅੱਗੇ ਜਾ ਕੇ ਫਿਰ ਟ੍ਰੈਫ਼ਿਕ ਰੁਕ ਗਈ। ਆਪ ਮੁਹਾਰੇ ਅਤੇ ਪਹਿਲਾਂ ਪਹੁੰਚਣ ਦੀ ਦੌੜ ਵਿਚ ਅਣਜਾਣ ਡਰਾਈਵਰ ਫਿਰ ਜਾਮ ਲਵਾ ਦਿੰਦੇ। ਕੌਮੀ ਸ਼ਾਹ ਰਾਹ ਨੰਬਰ 21 ਬੰਦ ਹੋਣ ਕਾਰਨ ਹੁਣ ਕੁੱਲੂ ਮਨਾਲੀ ਅਤੇ ਚੰਡੀਗੜ ਜਾਣ ਵਾਲੀਆਂ ਸਾਰੀਆਂ ਮੋਟਰ ਕਾਰਾਂ ਅਤੇ ਹੋਰ ਵਾਹਨ ਇਸੇ ਸੜਕ ਤੋਂ ਆ ਜਾ ਰਹੇ ਸਨ।

ਮੈਂ ਤੇ ਦੀਪਕ ਜੀਪ ਵਿਚੋਂ ਉਤਰ ਕੇ ਅੱਗੇ ਲੰਘ ਚੁੱਕੇ ਸਾਂ ਅਤੇ ਅਸੀਂ ਕਦੇ ਮਿੰਨਤ ਨਾਲ ਤੇ ਕਦੇ ਫੋਕੇ ਰੋਹਬ ਨਾਲ ਟ੍ਰੈਫ਼ਿਕ ਜਾਮ ਖੁਲਵਾ ਰਹੇ ਸਾਂ। ਇੰਨੇ ਵਿਚ ਸਾਡੀ ਜੀਪ ਵੀ ਸਾਡੇ ਨਾਲ ਆ ਮਿਲੀ। ਗੱਡੀ ਵਿਚ ਬੈਠੇ ਰੋਹਿਤ ਨੇ ਮੈਨੂੰ ਅਤੇ ਦੀਪਕ ਨੂੰ ਡਿਸਪੋਜ਼ੇਬਲ ਗਿਲਾਸ ਫੜਾ ਦਿਤੇ। ਮੈਂ ਸੋਚਿਆ ਕਿ ਪਾਣੀ ਜਾਂ ਕੋਲਡ ਡਰਿੰਕ ਵਗੈਰਾ ਹੋਵੇਗਾ ਪਰ ਜਦੋਂ ਘੁੱਟ ਭਰੀ ਤਾਂ ਪਤਾ ਲੱਗਾ ਕਿ ਇਸ ਵਿਚ ਤਾਂ ਦਾਰੂ ਹੈ। ਅਸਲ ਵਿਚ ਸਾਡੇ ਜੀਪ ਵਿਚੋਂ ਉਤਰਨ ਮਗਰੋਂ ਰੋਹਿਤ ਨੇ ਰਮ ਦੀ ਬੋਤਲ ਖੋਲ ਲਈ ਸੀ।

ਇਸ ਰਸਤਿਓਂ ਕੁੱਲੂ ਪਹੁੰਚਦਿਆਂ ਰਾਤ ਦਾ ਇਕ ਵੱਜ ਚੁੱਕਾ ਸੀ, ਮੀਂਹ ਅਜੇ ਵੀ ਪੈ ਰਿਹਾ ਸੀ। ਸੜਕ 'ਤੇ ਸਾਰੇ ਢਾਬੇ ਬੰਦ ਪਏ ਸਨ ਅਤੇ ਡਰਾਈਵਰ ਰੋਟੀ ਖਾਣ ਲਈ ਕਹਿ ਰਹੇ ਸਨ। ਇਹਨਾਂ ਵਿਚੋਂ ਦੋ ਭੁੱਕੀ ਦੇ ਆਦੀ ਸਨ ਜਾਂ ਇਸ ਕਹਿ ਲਓ ਕਿ ਨਸ਼ੇਪੱਤੇ ਦੇ ਸ਼ੌਕੀਨ ਸਨ। ਉਹਨਾਂ ਨੇ ਮੰਡੀ ਤੋਂ ਚੱਲਣ ਵੇਲੇ ਚਾਹ ਪੀਣ ਸਮੇਂ ਭੁੱਕੀ ਦੇ ਦੋ-ਦੋ ਕਾਰਡ ਮਾਰ ਲਏ ਸਨ। ਵਿਜ਼ਿਟਿੰਗ ਕਾਰਡ ਸਾਈਜ਼ ਦੀ ਭੁੱਕੀ ਭਰੀ ਹੋਈ ਪੁੜੀ ਖਾਣ ਨੂੰ ਉਹ ਕਾਰਡ ਮਾਰਨਾ ਜਾਂ ਕਾਰਡ ਪਾਉਣਾ ਕਹਿੰਦੇ ਹਨ।

ਅਸੀਂ ਇਸ ਆਸ ਨਾਲ ਕੁੱਲੂ ਤੋਂ ਅੱਗੇ ਲੰਘ ਗਏ ਕਿ ਅੱਗੇ ਮਨਾਲੀ ਦੇ ਨੇੜੇ ਢਾਬੇ ਖੁੱਲੇ ਹੋਣਗੇ ਅਤੇ ਮਨਾਲੀ ਜਾ ਕੇ ਹੀ ਰੁਕ ਜਾਵਾਂਗੇ, ਪਰ ਰਾਇਸਨ ਤੋਂ ਥੋੜਾ ਅੱਗੇ ਜਾ ਕੇ ਸੜਕ ਫਿਰ ਬੰਦ ਸੀ। ਸੜਕ 'ਤੇ ਲੁੱਕ ਵਾਲੇ ਖਾਲੀ ਡਰੱਮ ਰੱਖੇ ਹੋਏ ਸਨ। ਨੇੜੇ ਖੜੀ ਇਕ ਮਹਿੰਦਰਾ ਪਿਕਅਪ ਦੇ ਡਰਾਈਵਰ ਨੇ ਦੱਸਿਆ ਕਿ ਅੱਗੇ ਫਿਰ ਬਿਆਸ ਦਰਿਆ ਵਿਚ ਹੜ ਆਇਆ ਹੋਇਆ ਹੈ ਸੜਕ ਬੰਦ ਹੈ। ਹੁਣ ਅਸੀਂ ਕੁੱਲੂ ਤੋਂ ਬਦਲਵੇਂ ਰਸਤੇ ਰਾਹੀਂ ਬਰਾਸਤਾ ਨਗਰ ਮਨਾਲੀ ਜਾ ਸਕਦੇ ਸਾਂ ਪਰ ਸਾਡੇ ਸਾਥੀ ਵਾਪਸ ਕੁੱਲੂ ਆ ਕੇ ਢੇਰੀ ਢਾਹ ਗਏ ਕਿ ਹੁਣ ਅੱਗੇ ਨਹੀਂ ਜਾਣਾ, ਸਵੇਰੇ ਵੇਖੀ ਜਾਊ।

ਕੁੱਲੂ ਦੇ ਪੁਰਾਣੇ ਬੱਸ ਅੱਡੇ ਨੇੜੇ ਸੁਖਬੀਰ ਨੇ ਇਕ ਗੈਸਟ ਹਾਊਸ ਵਾਲੇ ਨਾਲ ਗੱਲਬਾਤ ਕਰ ਕੇ ਚਾਰ ਕਮਰੇ ਬੁੱਕ ਕਰਵਾ ਲਏ ਕਿ ਬਾਕੀ ਰਹਿੰਦੀ ਰਾਤ ਦੇ ਦੋ ਤਿੰਨ ਘੰਟੇ ਆਰਾਮ ਕਰ ਲਵਾਂਗੇ। ਮੈਂ ਡਰਾਈਵਰਾਂ ਨੂੰ ਢਿੱਡ ਭਰਨ ਲਈ ਮੱਠੀਆਂ ਅਤੇ ਪੇਠਾ ਮਠਿਆਈ ਵਗੈਰਾ ਕੱਢ ਕੇ ਦੇਣ ਲਗਿਆ ਕਿਉਂਕਿ ਹੁਣ ਰੋਟੀ ਮਿਲਣ ਦੀ ਆਸ ਖ਼ਤਮ ਹੋ ਚੁੱਕੀ ਸੀ। ਇੰਨੇ ਵਿਚ ਕਾਰ ਪਾਰਕਿੰਗ ਲਾਗਿਓਂ ਸੁਖਬੀਰ ਦੇ ਉਚੀ ਉਚੀ ਬੋਲਣ ਦੀ ਆਵਾਜ਼ ਸੁਣਾਈ ਦਿੱਤੀ। ਉਹ ਆਦਤਨ ਉਚੀ ਬੋਲਦਾ ਹੈ ਇਸ ਲਈ ਮੈਨੂੰ ਇਸ ਵਿਚ ਕੋਈ ਅਸਚਰਜਤਾ ਨਹੀਂ ਲੱਗੀ ਪਰ ਜਦ ਉਮੇਸ਼ ਨੇ ਆ ਕੇ ਦੱਸਿਆ ਕਿ ਤਲਵਾੜ ਸਾਹਿਬ ਨੇ ਚੰਡੀਗੜ ਪ੍ਰਧਾਨ ਸਾਹਿਬ ਨੂੰ ਫੋਨ ਕਰਕੇ ਭਸੂੜੀ ਪਾ ਦਿੱਤੀ ਹੈ ਤਾਂ ਮੈਂ ਗੱਲ ਸੁਣਨ ਲਈ ਅੱਗੇ ਵਧਿਆ। ਪਤਾ ਲੱਗਾ ਕਿ ਤਲਵਾੜ ਨੇ ਜਗਤਾਰ ਸਿੱਧੂ ਨੂੰ ਫੋਨ ਕਰ ਕੇ ਸ਼ਿਕਾਇਤ ਕੀਤੀ ਕਿ ਸਾਨੂੰ ਕੁੱਲੂ ਹੜ ਵਿਚ ਲਿਆ ਕੇ ਫਸਾ ਦਿਤਾ ਗਿਆ ਹੈ, ਟੀਮ ਨੂੰ ਵਾਪਸ ਮੁੜਨ ਦਾ ਆਦੇਸ਼ ਦਿੱਤਾ ਜਾਵੇ। ਇਹ ਸੁਣ ਕੇ ਮੈਨੂੰ ਵੀ ਗੁੱਸਾ ਆ ਗਿਆ। ਮੈਥੋਂ ਵੀ ਵਾਪਸ ਜਾਣ ਦੇ ਚਾਹਵਾਨ ਸਾਡੇ ਡਰਪੋਕ ਸਾਥੀਆਂ ਨੂੰ ਬੁਰਾ ਭਲਾ ਕਿਹਾ ਗਿਆ। ਇਕ ਪਾਸੇ ਬਿਆਸ ਦਰਿਆ ਠਾਠਾਂ ਮਾਰ ਰਿਹਾ ਸੀ ਤੇ ਦੂਜੇ ਪਾਸੇ ਸਾਡੇ ਸਾਥੀ ਵਾਪਸ ਜਾਣ ਦੀ ਜ਼ਿੱਦ 'ਤੇ ਅੜੇ ਹੋਏ ਸਨ। ਅਖ਼ੀਰ ਇਹੋ ਫ਼ੈਸਲਾ ਹੋਇਆ ਕਿ ਸਵੇਰੇ ਦਿਨ ਚੜੇ ਮੌਸਮ ਅਤੇ ਇਲਾਕੇ ਦੀ ਸਥਿਤੀ ਦਾ ਜਾਇਜ਼ਾ ਲੈ ਕੇ ਅਗਲਾ ਪ੍ਰੋਗਰਾਮ ਉਲੀਕਿਆ ਜਾਵੇਗਾ।




06 ਮਈ 2020 ਤੋਂ 12 ਮਈ 2020

# ਕੋਰੋਨਾ ਤੇ ਰਾਜਨੀਤੀ

ਅੱਜ ਜਦ ਦੁਨੀਆਂ ਦੇ ਇਕ ਤਿਹਾਈ ਮੁਲਕ ਜਾਨਲੇਵਾ ਕੋਰੋਨਾ ਵਾਇਰਸ ਕਾਰਨ ਫੈਲੀ ਹੋਈ ਮਹਾਂਮਾਰੀ ਨਾਲ ਜੂਝ ਰਹੇ ਹਨ, ਉਸ ਸਮੇਂ ਪੰਜਾਬ ਦੀਆਂ ਸਿਆਸੀ ਧਿਰਾਂ ਕਿਸੇ ਵੀ ਨੁਕਤੇ 'ਤੇ ਇਕੱਠੀਆਂ ਹੋਣ ਜਾਂ ਇਕ ਦੂਜੀ ਨਾਲ ਇਕਜੁਟਤਾ ਜ਼ਾਹਿਰ ਕਰਨ ਦੀ ਬਜਾਏ ਆਪਣੀ ਰਾਜਨੀਤੀ ਵਿਚ ਗਲ਼ਤਾਨ ਹਨ। ਸੂਬੇ ਵਿਚ ਇਹ ਸਿਆਸਤ ਉਸ ਵੇਲੇ ਹੀ ਸ਼ੁਰੂ ਹੋ ਗਈ ਸੀ ਜਦ ਇੱਥੇ ਇਸ ਵਾਇਰਸ ਦਾ ਪਹਿਲਾ ਸ਼ੱਕੀ ਮਾਮਲਾ ਸਾਹਮਣੇ ਆਇਆ ਸੀ ਅਤੇ ਬਾਅਦ ਵਿਚ ਉਸ ਦੀ ਪੁਸ਼ਟੀ ਹੋ ਗਈ ਸੀ। ਸਿਆਸੀ ਧਿਰਾਂ ਦਾ ਕਿਸੇ ਮੁੱਦੇ ਜਾਂ ਨੁਕਤੇ ਉਪਰ ਸਹਿਮਤ ਹਾਂ ਅਸਹਿਮਤ ਹੋਣਾ ਕੁਦਰਤੀ ਹੈ ਪਰ ਜਦ ਇਕ ਪਾਸੇ ਸਾਰੇ ਲੋਕ ਇਸ ਬੀਮਾਰੀ ਦੇ ਖਤਰੇ ਦਾ ਸਾਹਮਣਾ ਕਰ ਰਹੇ ਹਨ ਉਸ ਸਮੇਂ ਆਮ ਲੋਕਾਂ ਦੀਆਂ ਮੁਸ਼ਕਲਾਂ ਨੂੰ ਮੁਖਾਤਿਬ ਹੋਣ ਦੀ ਬਜਾਏ ਆਪਣੀ ਰਾਜਨੀਤੀ ਨੂੰ ਤਰਜੀਹ ਦੇਣਾ ਕਿਸੇ ਵੀ ਤਰਾਂ ਜਾਇਜ਼ ਨਹੀਂ ਕਿਹਾ ਜਾ ਸਕਦਾ।

ਇਸ ਸਮੇਂ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਕਾਂਗਰਸ ਦੀ ਸਰਕਾਰ ਹੈ, ਜਦਕਿ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਰਾਸ਼ਟਰੀ ਜਮਹੂਰੀ ਗਠਜੋੜ (ਐਨ ਡੀ ਏ) ਦੀ ਸਰਕਾਰ ਹੈ ਜਿਸ ਵਿਚ ਪੰਜਾਬ ਦੀ ਮੁੱਖ ਸਿਆਸੀ ਧਿਰ ਸ਼੍ਰੋਮਣੀ ਅਕਾਲੀ ਦਲ ਵੀ ਭਾਈਵਾਲ ਹੈ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਧਰਮ ਪਤਨੀ ਬੀਬਾ ਹਰਸਿਮਰਤ ਕੌਰ ਬਾਦਲ ਕੈਬਨਿਟ ਮੰਤਰੀ ਹਨ।

ਸੂਬੇ ਵਿਚ ਸੱਤਾ ਹਥਿਆਉਣ ਦੇ ਪੇਤਲੇ ਦਾਅ ਪੇਚਾਂ ਨੂੰ ਲੈ ਕੇ ਸ਼ੁਰੂ ਤੋਂ ਹੀ ਸਿਆਸਤ ਹੋ ਰਹੀ ਹੈ ਪਰ ਇਸ ਵਕਤ ਜਦ ਜਾਨਲੇਵਾ ਬੀਮਾਰੀ ਦੀ ਲਾਗ ਦਿਨੋਂ ਦਿਨ ਫੈਲ ਰਹੀ ਹੈ, ਮਰੀਜ਼ਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ ਉਸ ਸਮੇਂ ਇਕ ਦੂਜੇ ਨਾਲ ਖਡੋਨ ਦੀ ਬਜਾਏ ਆਪਣੀ ਸਿਆਸਤ ਨੂੰ ਮੁੱਖ ਰੱਖ ਕੇ ਪੈਂਤੜਾ ਤੈਅ ਕਰਨਾ ਕਿਸੇ ਤਰਾਂ ਵੀ ਨਹੀਂ ਸ਼ੋਭਦਾ। ਸ਼ੁਰੂ ਸ਼ੁਰੂ ਵਿਚ ਗੈਰ ਵਸਨੀਕ ਭਾਰਤੀਆਂ (ਐਨ ਆਰ ਆਈਜ਼) ਨੂੰ ਲੈ ਕੇ ਰਾਜਨੀਤੀ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਇਹ ਮਾਮਲਾ ਇਸ ਕਰਕੇ ਵੀ ਠੰਡਾ ਪੈ ਗਿਆ ਕਿ ਇਹ ਕਿਸੇ ਵੀ ਸਿਆਸੀ ਪਾਰਟੀ ਲਈ ਮੁੱਦਾ ਨਹੀਂ ਸੀ ਬਣਦਾ। ਦੂਜਾ ਜਨਵਰੀ ਫਰਵਰੀ ਵਿਚ ਬਾਹਰਲੇ ਮੁਲਕਾਂ ਤੋ ਆਏ ਸਾਰੇ ਹੀ ਐਨ ਆਰ ਆਈ ਭਰਾ ਤੇ ਉਨਾਂ ਦੇ ਪਰਿਵਾਰ ਰੱਬ ਦੀ ਮਿਹਰ ਨਾਲ ਤੰਦਰੁਸਤ ਰਹੇ ਇਸ ਲਈ ਭਾਰਤੀ ਮੀਡੀਆ ਵੀ ਸ਼ਾਂਤ ਹੋ ਗਿਆ।

ਦਿੱਲੀ ਦੇ ਨਿਜ਼ਾਮੁਦੀਨ ਮਰਕਜ਼ ਤੋਂ ਆਏ ਤਬਲੀਗੀ ਜਮਾਤ ਦੇ ਮੈਂਬਰਾਂ ਦਾ ਵੀ ਪੰਜਾਬ ਤੇ ਜ਼ਿਆਦਾ ਅਸਰ ਇਸ ਲਈ ਨਹੀਂ ਹੋਇਆ ਕਿਉਂਕਿ ਇੱਥੇ ਇਸ ਜਮਾਤ ਨਾਲ ਸਬੰਧਤ ਲੋਕਾਂ ਦੀ ਹਾਜ਼ਰੀ ਜਾਂ ਦਾਖ਼ਲਾ ਬਹੁਤਾ ਨਹੀਂ ਸੀ ਅਤੇ ਜੋ ਵੀ ਆਏ ਉਹ ਵੀ ਸਮਾਂ ਪਾ ਕੇ ਸਿਹਤਯਾਬ ਹੋ ਗਏ ਜਾਂ ਬਹੁਤੇ ਮਾਮਲੇ ਨੈਗੇਟਿਵ ਨਿਕਲੇ। ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਚ ਤਾਲਾਬੰਦੀ ਕਾਰਨ ਫਸੇ ਕੋਈ 3000 ਸ਼ਰਧਾਲੂਆਂ ਦਾ ਮੁੱਦਾ ਹੁਣ ਪੰਜਾਬ ਦੀ ਸੌੜੀ ਰਾਜਨੀਤੀ ਦਾ ਮਰਕਜ਼ ਬਣ ਗਿਆ। ਤਾਲਾਬੰਦੀ ਦਾ ਐਲਾਨ ਹੁੰਦਿਆਂ ਹੀ ਇਨਾਂ ਸ਼ਰਧਾਲੂਆਂ ਨੇ ਪੰਜਾਬ ਵਾਪਸ ਆਉਣ ਦੀ ਗੁਹਾਰ ਲਾਉਣੀ ਸ਼ੁਰੂ ਕਰ ਦਿੱਤੀ ਸੀ। ਰੇਲ ਗੱਡੀਆਂ ਬੰਦ ਹੋ ਗਈਆਂ ਅਤੇ ਸੜਕਾਂ ਤੋਂ ਟਰਾਂਸਪੋਰਟ ਲਾਂਭੇ ਹੋ ਗਈ। ਉਸ ਸਮੇਂ ਕਿਸੇ ਵੀ ਸਿਆਸੀ ਧਿਰ ਨੇ ਇਸ ਨੂੰ ਨਹੀਂ ਗੌਲਿਆ। ਪੂਰਾ ਇਕ ਮਹੀਨਾ ਸਿਆਸੀ ਨੇਤਾਵਾਂ ਦੇ ਬਿਆਨ ਆਉਂਦੇ ਰਹੇ ਕਿ ਇਨਾਂ ਸ਼ਰਧਾਲੂਆਂ ਦੀ ਵਾਪਸੀ ਲਈ ਮਹਾਂਰਾਸ਼ਟਰ ਸਰਕਾਰ ਅਤੇ ਕੇਂਦਰ ਸਰਕਾਰ ਨਾਲ ਗੱਲਬਾਤ ਹੋ ਰਹੀ ਹੈ, ਬਸ ਸ਼ਰਧਾਲੂ ਆ ਹੀ ਰਹੇ ਹਨ। ਕੇਂਦਰ ਵਿਚ ਅਕਾਲੀ ਦਲ ਦੀ ਮੰਤਰੀ ਬੀਬਾ ਹਰਸਿਮਰਤ ਕੌਰ ਦਾ ਬਿਆਨ ਆਉਂਦਾ ਹੈ ਕਿ ਕੇਂਦਰ ਸਰਕਾਰ ਨੇ ਸ਼ਰਧਾਲੂਆਂ ਦੀ ਵਾਪਸੀ ਲਈ ਹਰੀ ਝੰਡੀ ਦੇ ਦਿੱਤੀ ਹੈ ਪਰ ਪੰਜਾਬ ਸਰਕਾਰ ਟਰਾਂਸਪੋਰਟ ਦੇ ਪ੍ਰਬੰਧ ਨਹੀਂ ਕਰ ਰਹੀ। ਦੂਜੇ ਦਿਨ ਪੰਜਾਬ ਤੋਂ ਕਿਸੇ ਮੰਤਰੀ ਦਾ ਇਸ ਦੇ ਜੁਆਬ ਵਿਚ ਬਿਆਨ ਆ ਜਾਂਦਾ। ਜਦ ਹਾੜੀ ਦੀ ਵਾਢੀ ਦਾ ਸੀਜ਼ਨ ਸਿਰ ਤੇ ਆ ਗਿਆ, ਸ਼ਰਧਾਲੂਆਂ ਨੇ ਫਿਰ ਕਿਹਾ ਕਿ ਉਨਾਂ ਨੇ ਫਸਲ ਸੰਭਾਲਣੀ ਹੈ, ਕੋਈ ਪ੍ਰਬੰਧ ਕੀਤਾ ਜਾਵੇ, ਇਸ ਤੇ ਕੁਝ ਅਮਲ ਹੋਇਆ ਤੇ ਸ਼ਰਧਾਲੂਆਂ ਦੀ ਘਰ ਵਾਪਸੀ ਹੋਈ।

ਪੰਜਾਬ ਵਿਚ ਅਸਲੀ ਰਾਜਨੀਤੀ ਇਨਾਂ ਸ਼ਰਧਾਲੂਆਂ ਦੀ ਵਾਪਸੀ ਤੋਂ ਬਾਅਦ ਸ਼ੁਰੂ ਹੋਈ ਜਦ ਇਨਾਂ ਨੂੰ ਘਰ ਭੇਜਣ ਸਮੇਂ ਡਾਕਟਰੀ ਜਾਂਚ ਕੀਤੀ ਜਾਣ ਲੱਗੀ। ਕੁਝ ਦੀ ਰਿਪੋਰਟ ਪਾਜ਼ੇਟਿਵ ਆਉਣ ਮਗਰੋਂ ਸਿਹਤ ਵਿਭਾਗ ਦੇ ਪ੍ਰੋਟੋਕੋਲ ਮੁਤਾਬਕ ਉਨਾਂ ਨੂੰ ਏਕਾਂਤਵਾਸ ਕਰਨ ਅਤੇ ਅੱਗੋਂ ਜਾਂਚ ਦਾ ਮਾਮਲਾ ਤੇਜ਼ ਹੋਣ ਨਾਲ ਸੂਬੇ ਦੀ ਸਿਆਸਤ ਵੀ ਤੇਜ਼ ਹੁੰਦੀ ਗਈ। ਸ਼ੁਰੂ ਵਿਚ ਭਾਵੇਂ ਇਹ ਮਾਮਲਾ ਮਹਾਂਰਾਸ਼ਟਰ ਸਰਕਾਰ ਅਤੇ ਪੰਜਾਬ ਸਰਕਾਰ ਦੀ ਬਿਆਨਬਾਜ਼ੀ ਤੱਕ ਸੀਮਤ ਰਿਹਾ ਪਰ ਇਸ ਤੋਂ ਬਾਅਦ ਇੱਥੇ ਕਾਂਗਰਸ ਦੇ ਮੁਕਾਮੀ ਨੇਤਾਵਾਂ, ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਮੰਤਰੀਆਂ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰ ਨੇਤਾਵਾਂ ਦੀ ਬਿਆਨਬਾਜ਼ੀ ਤਿੱਖੀ ਹੋ ਗਈ। ਭਾਰਤੀ ਮੀਡੀਆ ਜੋ ਪਹਿਲਾਂ ਹੀ ਇਸ ਤਾਕ ਵਿਚ ਸੀ, ਉਸ ਨੇ ਇਸ ਮਾਮਲੇ ਨੂੰ ਹੋਰ ਤੂਲ ਦੇ ਦਿੱਤੀ। ਹਾਲਾਤ ਦੀ ਸਿਤਮ ਜ਼ਰੀਫ਼ੀ ਵੇਖੋ ਕਿ ਸੂਬੇ ਕੋਲ ਟੈਸਟ ਕਰਨ ਅਤੇ ਮਰੀਜ਼ਾਂ ਨੂੰ ਸੰਭਾਲਣ ਦੇ ਪੂਰੇ ਪ੍ਰਬੰਧ ਨਹੀਂ ਹਨ ਪਰ ਬਿਆਨਬਾਜ਼ੀ ਉਪਰ ਜ਼ੋਰ ਦਿੱਤਾ ਜਾ ਰਿਹਾ ਹੈ।

ਇਸ ਮਹਾਂਮਾਰੀ ਦੇ ਵਿਕਰਾਲ ਰੂਪ ਧਾਰਨ ਕਰਨ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀਆਂ ਸਰਾਵਾਂ, ਸਕੂਲ, ਕਾਲਜ ਅਤੇ ਹਸਤਪਾਲ ਸਰਕਾਰ ਨੂੰ ਸੌਂਪਣ ਦੀ ਪੇਸ਼ਕਸ਼ ਕੀਤੀ ਸੀ ਅਤੇ ਤਾਲਾਬੰਦੀ ਕਾਰਨ ਫਸੇ ਹੋਏ ਗਰੀਬਾਂ ਲਈ ਲੰਗਰ ਦੀ ਸ਼ੁਰੂਆਤ ਕਰ ਦਿੱਤੀ ਸੀ। ਇਸ ਤੋਂ ਬਾਅਦ ਹੋਰ ਧਾਰਮਿਕ ਸੰਸਥਾਵਾਂ ਤੇ ਡੇਰਿਆਂ ਨੇ ਵੀ ਆਪਣੇ ਡੇਰੇ ਅਤੇ ਸਤਿਸੰਗ ਭਵਨ ਕੋਰੋਨਾ ਮਰੀਜ਼ਾਂ ਦੇ ਏਕਾਂਤਵਾਸ ਲਈ ਸੌਂਪ ਦਿੱਤੇ ਸਨ। ਮਨੁੱਖਤਾ ਦੀ ਸੇਵਾ ਅਤੇ ਸਰਬੱਤ ਦਾ ਭਲਾ ਸਿੱਖੀ ਦਾ ਮੁਢਲਾ ਅਸੂਲ ਹੈ ਅਤੇ ਸ਼੍ਰੋਮਣੀ ਕਮੇਟੀ ਦੇ ਕੰਮ ਦੀ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੇ ਸ਼ਲਾਘਾ ਕੀਤੀ ਪਰ ਕੁਝ ਸ਼ਰਧਾਲੂਆਂ ਦੇ ਪਾਜ਼ੇਟਿਵ ਮਾਮਲੇ ਸਾਹਮਣੇ ਆਉਣ ਮਗਰੋਂ ਜਿਸ ਤਰਾਂ ਦਾ ਰੁਖ ਅਖਤਿਆਰ ਕੀਤਾ ਗਿਆ, ਉਹ ਨਿੰਦਣਯੋਗ ਹੈ। ਰਾਜਨੀਤਕ ਦੂਸ਼ਣਬਾਜ਼ੀ ਅਤੇ ਮੀਡੀਆ ਦੀ ਇਕਤਰਫ਼ਾ ਭੂਮਿਕਾ ਨੂੰ ਦੇਖਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਵੀ ਦਖਲ ਦੇਣਾ ਪਿਆ ਕਿ ਕਿਸੇ ਇਕ ਮਜਬ ਜਾਂ ਕੌਮ ਨੂੰ ਨਿਸ਼ਾਨਾ ਬਣਾਉਣਾ ਗ਼ਲਤ ਹੈ।

ਜ਼ਰੂਰਤ ਇਸ ਗੱਲ ਦੀ ਹੈ ਕਿ ਸੂਬੇ ਵਿਚ ਸਿਹਤ ਸਹੂਲਤਾਂ ਅਤੇ ਲੋਕਾਂ ਨੂੰ ਜਾਗਰੂਕ ਕਰਨ ਵਿਚ ਸਿਆਸੀ ਪਾਰਟੀਆਂ ਇਕ ਦੂਜੇ ਨੂੰ ਸਹਿਯੋਗ ਦੇਣ। ਜਿੱਥੇ ਸੱਤਾਧਾਰੀ ਧਿਰ ਨੂੰ ਆਪਹੁਦਰਾਪਣ ਛੱਡਣਾ ਚਾਹੀਦਾ ਹੈ, ਉਥੇ ਵਿਰੋਧੀ ਧਿਰ ਨੂੰ ਵੀ ਹਰੇਕ ਗੱਲ ਵਿਚੋਂ ਨਾਕਾਰਾਤਮਕ ਨੁਕਤੇ ਲੱਭਣ ਦੀ ਬਜਾਏ ਸਹਿਯੋਗ ਦੇਣਾ ਚਾਹੀਦਾ ਹੈ। ਇਸ ਸਮੇਂ 'ਸਰਬੱਤ ਦੇ ਭਲੇ' ਦੇ ਅਸੂਲ ਨੂੰ ਹੀ ਰਾਜਨੀਤੀ ਦਾ ਮੁੱਖ ਨਾਹਰਾ ਬਣਾਉਣ ਦੀ ਲੋੜ ਹੈ।

# ਕੋਰੋਨਾ ਵਾਇਰਸ ਦੇ ਦੌਰ ਵਿਚ ਕਾਮੂ ਦੀ ਰਚਨਾ ਪਲੇਗ ਪੜੋ



- ਰਵੀਸ਼ ਕੁਮਾਰ

1918 ਦੌਰਾਨ ਭਾਰਤ ਵਿਚ ਫਲੂ ਦਾ ਵਾਇਰਸ ਫੈਲਿਆ ਸੀ। ਤਕਰੀਬਨ ਦੋ ਕਰੋੜ ਲੋਕ ਮਾਰੇ ਗਏ ਸਨ। ਉਸ ਦੇ 25 ਸਾਲ ਬਾਅਦ 1943 ਵਿਚ ਬੰਗਾਲ ਵਿਚ ਅਕਾਲ ਪਿਆ ਸੀ। ਉਸ ਵਿਚ 1 ਕਰੋੜ ਲੋਕ ਮਾਰੇ ਗਏ ਸਨ। ਉਸ ਦੇ ਚਾਰ ਸਾਲ ਬਾਅਦ 1947 ਵਿਚ ਭਾਰਤੀ ਉਪ ਮਹਾਂਦੀਪ ਦੀ ਵੰਡ ਦੇ ਦੌਰਾਨ ਤਿੰਨ ਧਰਮਾਂ ਦੇ ਲੋਕਾਂ ਨੇ ਆਪਸ ਵਿਚ ਲੱਖਾਂ ਲੋਕਾਂ ਨੂੰ ਮਾਰ ਦਿੱਤਾ ਸੀ। 75 ਹਜ਼ਾਰ ਔਰਤਾਂ ਦੇ ਨਾਲ ਬਲਾਤਕਾਰ ਹੋਇਆ ਸੀ। ਇਨਫੈਕਸ਼ਨ, ਅਕਾਲ ਤੇ ਦੰਗਿਆਂ ਵਿਚ ਤਕਰੀਬਨ 3 ਕਰੋੜ ਦੇ ਕਰੀਬ ਲੋਕ ਮਾਰੇ ਗਏ ਸਨ। ਅਸੀਂ ਨਹੀਂ ਜਾਣਦੇ ਇਨਾਂ ਮੌਤਾਂ ਦੇ ਬਾਅਦ ਭਾਰਤੀ ਮਾਨਸਿਕਤਾ 'ਤੇ ਕੋਈ ਅਸਰ ਹੋਇਆ ਸੀ ਜਾਂ ਨਹੀਂ। 2020 ਦੇ ਸਾਲ ਵਿਚ ਕੋਰੋਨਾ ਇਨਫੈਕਸ਼ਨ ਦੇ ਕਾਰਨ ਮੁਲਕਾਂ ਦੇ ਮੁਲਕ ਘਰਾਂ ਵਿਚ ਬੰਦ ਕੀਤੇ ਜਾ ਰਹੇ ਹਨ। ਸਾਮਾਜਿਕ ਪ੍ਰਾਣੀ ਨੂੰ ਸਾਮਾਜਿਕ ਦੂਰੀ ਦਾ ਪਾਠ ਪੜਾਇਆ ਜਾ ਰਿਹਾ ਹੈ। ਮੌਤ ਦੇ ਅੰਕੜਿਆਂ ਵਿਚਾਲੇ ਮਨੁੱਖ ਦੇ ਸਿਰ 'ਤੇ ਮੌਤ ਮੰਡਰਾ ਰਹੀ ਹੈ। ਹਰੇਕ ਕੋਈ ਦਹਿਸ਼ਤ ਵਿਚ ਹੈ। ਕੋਰੋਨਾ ਵਾਇਰਸ ਦੇ ਸ਼ਿਕਾਰ ਲੋਕਾਂ ਨੂੰ ਮਰੇ ਹੋਏ ਲੋਕਾਂ ਦਾ ਅੰਕੜਾ ਨਜ਼ਰ ਆ ਰਿਹਾ ਹੈ। ਉਨਾਂ ਨੂੰ ਇੰਝ ਮਹਿਸੂਸ ਹੋ ਰਿਹਾ ਹੈ, ਜਿਸ ਨੂੰ ਕੋਰੋਨਾ ਹੋ ਗਿਆ ਹੈ, ਉਹ ਮੌਤ ਦੇ ਕਰੀਬ ਪਹੁੰਚ ਗਿਆ ਹੈ। ਹਫੜਾ ਦਫੜੀ ਮਚੀ ਹੈ ਤੇ ਇਸ ਦੇ ਵਿਚਾਲੇ ਲਾਪਰਵਾਹੀ ਜਾਂ ਬੇਪ੍ਰਵਾਹੀ ਦਾ ਦੌਰ ਵੀ ਇਸ ਖੁਸ਼ਨੁਮਾ ਹਵਾ ਦੀ ਤਰਾਂ ਸ਼ਹਿਰਾਂ ਵਿਚ ਚਲ ਰਿਹਾ ਹੈ। ਜਿਸ ਦੀ ਆਹਟ ਕਾਮੂ ਨੇ ਭਾਂਪ ਲਈ ਸੀ। 1947 ਦੇ ਸਾਲ ਵਿਚ ਉਸ ਦੀ ਰਚਨਾ ਪਲੇਗ ਪੜਦੇ ਹੋਏ ਲੱਗ ਰਿਹਾ ਹੈ ਕਿ ਮੈਂ 2020 ਦਾ ਭਾਰਤ ਜਾਂ 2020 ਦਾ ਵਿਸ਼ਵ ਦੇਖ ਰਿਹਾ ਹਾਂ। ਕੁਝ ਪਹਿਲਾਂ ਤੋਂ ਬਦਲਿਆ ਹੈ ਤੇ ਬਹੁਤ ਕੁਝ ਪਹਿਲਾਂ ਦੀ ਤਰਾਂ ਹੈ। ਰਚਨਾਕਾਰ ਨੇ ਜੋ ਹਾਲਾਤ ਬਿਆਨ ਕੀਤੇ ਹਨ, ਉਹ 72 ਸਾਲ ਬਾਅਦ ਵੀ ਨਜ਼ਰ ਆ ਰਹੇ ਹਨ। ਕੁਝ ਵੀ ਨਹੀਂ ਬਦਲਿਆ ਹੈ। ਇਸ ਲਈ ਕਾਮੂ ਦੀ ਰਚਨਾ ਪਲੇਗ ਨੂੰ ਪੜਨਾ ਜ਼ਰੂਰੀ ਹੈ। ਤੁਸੀਂ ਇਸ ਰਚਨਾ ਨੂੰ ਜਾਨਣ ਲਈ ਪੜੋ ਕਿ ਉਸ ਸਮੇਂ ਕੀ ਵਾਪਰਿਆ। ਕੋਰੋਨਾ ਵਾਇਰਸ ਸਾਨੂੰ ਆਉਣ ਵਾਲੇ ਦਿਨਾਂ ਵਿਚ ਬੁਰੀ ਤਰਾਂ ਉਦਾਸੀਨ ਕਰ ਦੇਵੇਗਾ। ਅਸੀਂ ਹਰ ਚੀਜ਼ ਤੋਂ ਉਦਾਸ ਹੋ ਜਾਵਾਗੇ। ਇੱਥੋਂ ਤੱਕ ਕਿ ਉਦਾਸ ਹੋਣ ਦੀ ਪ੍ਰਵਿਰਤੀ ਤੋਂ ਵੀ। ਫਿਰ ਸਾਨੂੰ ਮਰਨ ਵਾਲੇ ਲੋਕਾਂ ਦਾ ਅੰਕੜਾ ਵੱਡਾ ਹੋ ਕੇ ਛੋਟਾ ਨਜ਼ਰ ਆਉਣ ਲੱਗ ਜਾਵੇਗਾ, ਕਿਉਂਕਿ ਸਾਨੂੰ ਅਜਿਹੇ ਭਿਅੰਕਰ ਦ੍ਰਿਸ਼ ਦੇਖ ਕੇ ਅਜਿਹੀ ਆਦਤ ਪੈ ਜਾਵੇਗੀ। ਅਮਰੀਕਾ ਵਿਚ ਬੰਦੂਕ ਖਰੀਦਣ ਦੀ ਲੰਬੀ ਲਾਈਨ ਕਾਮੂ ਦੇ ਨਾਵਲ ਵਿਚ 1947 ਦੇ ਦੌਰਾਨ ਦਰਜ ਹੋ ਚੁੱਕੀ ਹੈ। ਅਜਿਹਾ ਲੱਗਦਾ ਹੈ ਕਿ ਬੱਸ ਕੋਈ ਉਸ ਨੂੰ ਪੜਨ ਦੇ ਬਾਅਦ ਦੁਹਰਾਉਣਾ ਚਾਹੁੰਦਾ ਹੈ। ਰਾਸ਼ਟਰ ਦੇ ਮਹਾਂਰਥੀਆਂ ਦੀ ਸ਼ੁਰੂ ਵਿਚ ਕੀਤੀ ਬੇਪਰਵਾਹੀ ਦਾ ਕੋਈ ਅਰਥ ਨਹੀਂ। 30 ਜਨਵਰੀ ਨੂੰ ਭਾਰਤ ਵਿਚ ਕੋਰੋਨਾ ਦਾ ਪਹਿਲਾ ਕੇਸ ਸਾਹਮਣੇ ਆਇਆ ਸੀ। 17 ਜਨਵਰੀ ਨੂੰ ਪ੍ਰਧਾਨ ਮੰਤਰੀ ਮੋਦੀ ਜੀ ਅਹਿਮਦਾਬਾਦ ਵਿਚ ਟਰੰਪ ਨਾਲ ਰੈਲੀ ਕਰਦੇ ਹਨ। ਇਸ ਦੇ ਇਕ ਮਹੀਨੇ ਬਾਅਦ ਪ੍ਰਧਾਨ ਮੰਤਰੀ ਮੋਦੀ ਜਦ ਰਾਸ਼ਟਰ ਦੇ ਨਾਮ ਸੰਬੋਧਨ ਕਰਨ ਆਉਂਦੇ ਹਨ ਤੇ ਉਨਾਂ ਕੋਲ ਦੱਸਣ ਦੇ ਲਈ ਕੋਈ ਗੱਲ ਨਹੀਂ ਹੈ। ਉਨਾਂ ਤੋਂ ਪਹਿਲਾਂ ਕਈ ਦੇਸਾਂ ਦੇ ਮਹਾਂਰਥੀ ਸੱਤਾਧਾਰੀ ਮੁਖੀ ਆਪਣੀ ਜਨਤਾ ਨੂੰ ਸੰਬੋਧਨ ਕਰ ਚੁੱਕੇ ਹੁੰਦੇ ਹਨ। ਇਹ ਸੁਆਲ ਜੇ ਪੁੱਛਿਆ ਜਾਵੇਗਾ ਤਾਂ ਭਾਰਤ ਦੀ ਜਨਤਾ ਨਰਾਜ਼ ਹੋ ਜਾਵੇਗੀ। ਪੱਤਰਕਾਰਾਂ ਦਾ ਫੋਕਸ ਇਸ ਗੱਲ 'ਤੇ ਨਹੀਂ ਹੈ ਕਿ ਦਿੱਲੀ ਤੋਂ ਲੈ ਕੇ ਰਾਜਾਂ ਤੱਕ ਕੋਰੋਨਾ ਨਾਲ ਪ੍ਰਭਾਵਿਤ ਵਿਅਕਤੀਆਂ ਦਾ ਇਲਾਜ ਕਿਵੇਂ ਹੋਵੇਗਾ ? ਸਿਹਤ ਸਹੂਲਤਾਂ ਦੇ ਕੀ ਪ੍ਰਬੰਧ ਹਨ ਤੇ ਹਸਪਤਾਲਾਂ ਦੇ ਕੀ ਪ੍ਰਬੰਧ ਹਨ ? ਕੁਆਂਰਟੀਨ (ਕਿਸੇ ਵਿਅਕਤੀ ਨੂੰ ਅਲੱਗ ਰੱਖਿਆ ਜਾਣਾ) ਦੀ ਖਰਾਬ ਹਾਲਤ ਦੇ ਵੀਡੀਓ ਮਰੀਜ਼ ਹੀ ਭੇਜਦੇ ਹਨ। 20 ਮਾਰਚ 2020 ਦਿਨ ਦੀ ਖਬਰ ਹੈ। ਲੰਡਨ ਤੋਂ ਆਈ ਗਾਇਕਾ ਕਨਿਕਾ ਨੂੰ ਕੋਰੋਨਾ ਹੋ ਗਿਆ, ਉਹ ਲਖਨਊ ਵਿਚ ਕਈ ਲੋਕਾਂ ਨੂੰ ਮਿਲੀ। ਵਸੁੰਧਰਾ ਰਾਜੇ ਤੇ ਉਸ ਦੇ ਬੇਟੇ ਨੂੰ ਮਿਲੀ, ਸਾਂਸਦ ਗਈ, ਉਥੋਂ ਦੇ ਪੱਤਰਕਾਰਾਂ ਨੂੰ ਮਿਲੀ ਹੈ। ਪਰ ਫੋਕਸ ਇਸ 'ਤੇ ਹੈ ਕਿ ਪ੍ਰਧਾਨ ਮੰਤਰੀ ਦੇ ਬੋਲਣ ਦਾ ਤਰੀਕਾ ਕਿੰਨਾ ਚੰਗਾ ਹੈ। ਉਹ ਲੋਕਾਂ ਨੂੰ ਕਿਸ ਤਰਾਂ ਪ੍ਰੇਰਿਤ ਕਰ ਰਹੇ ਨੇ। 30 ਜਨਵਰੀ ਨੂੰ ਕੋਰੋਨਾ ਦੀ ਪਹਿਲੀ ਘਟਨਾ ਹੋਈ। ਡੇਢ ਮਹੀਨੇ ਬਾਅਦ ਭਾਰਤ ਦਾ ਮੀਡੀਆ ਪ੍ਰਧਾਨ ਮੰਤਰੀ ਦੇ ਭਾਸ਼ਣ ਤੋਂ ਪ੍ਰੇਰਨਾ ਲੈ ਕੇ ਖੂਬਸੂਰਤ ਸੁਰ ਗਾ ਰਿਹਾ ਹੈ। ਅਲਬੈਅਰ ਕਾਮੂ ਦੀ ਰਚਨਾ ਪਲੇਗ ਪੜੋਗੇ ਤਾਂ ਇਹੀ ਜਾਣੋਗੇ ਕਿ ਮਹਾਂਮਾਰੀ ਦੇ ਵਕਤ ਅਲੋਚਨਾ ਤੇ ਤਾਰੀਕ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਹੁਣ ਅਸੀਂ ਸਾਰੇ ਮੌਤ ਦੀ ਇਕ ਬੇੜੀ ਉੱਪਰ ਸ਼ਿਕਾਰ ਹਾਂ। ਅੰਗਰੇਜ਼ੀ ਵਿਚ ਪੈਂਗੁਐਨ ਨੇ ਇਸ ਨੂੰ ਛਾਪਿਆ ਹੈ। ਹਿੰਦੀ ਵਿਚ ਇਸ ਨੂੰ ਰਾਜਕਮਲ ਨੇ ਛਾਪਿਆ ਹੈ। ਇਸ ਦਾ ਅਨੁਵਾਦ ਸ਼ਿਵਦਾਨ ਸਿੰਘ ਚੌਹਾਨ ਤੇ ਵਿਜੈ ਚੌਹਾਨ ਨੇ ਕੀਤਾ ਹੈ। 1961 ਦੌਰਾਨ ਹਿੰਦੀ ਵਿਚ ਪ੍ਰਕਾਸ਼ਿਤ ਹੋਇਆ ਸੀ। ਕਾਮੂ ਆਖਦਾ ਹੈ ਕਿ ਅਸਲ ਵਿਚ ਕੋਈ ਦਾਅਵਾ ਨਹੀਂ ਕਰ ਸਕਦਾ ਕਿ ਬਿਪਤਾ ਅਗਸਤ ਦੇ ਅੱਧ ਤੱਕ ਖਤਮ ਹੋ ਜਾਵੇਗੀ। ਬਿਪਤਾ ਸਭ ਪਾਸੇ ਛਾਈ ਹੋਈ ਹੈ। ਹੁਣ ਕਿਸੇ ਦੀ ਕੋਈ ਨਿੱਜੀ ਕਿਸਮਤ ਨਹੀਂ ਰਹੀ, ਪਰ ਇਕ ਸਮੂਹਕ ਇਤਿਹਾਸ ਹੈ ਤੇ ਪਲੇਗ ਬਾਰੇ ਸਾਰਿਆਂ ਦੁਆਰਾ ਸਾਂਝੀਆਂ ਕੀਤੀਆਂ ਭਾਵਨਾਵਾਂ ਹਨ। ਇਨਾਂ ਵਿੱਚੋਂ ਸਭ ਤੋਂ ਵੱਖਰੀਆਂ ਭਾਵਨਾਵਾਂ ਉਨਾਂ ਦੀਆਂ ਹਨ, ਜੋ ਕਿ ਡਰ ਅਤੇ ਬਗਾਵਤ ਨਾਲ ਜੁੜੇ ਹੋਏ ਹਨ। ਓਰਾਨ ਅਲਜੀਰੀਆ ਦਾ ਇੱਕ ਸ਼ਹਿਰ ਹੈ. ਬਿਮਾਰੀ ਬੁਰੀ ਤਰਾਂ ਫੈਲੀ ਹੋਈ ਹੈ। ਸ਼ੁਰੂ ਵਿਚ ਲੋਕਾਂ ਦਾ ਜੀਵਨ ਆਮ ਹੁੰਦਾ ਹੈ, ਉਹ ਆਪਣੇ ਆਪ ਨੂੰ ਉਨਾਂ ਅੰਕੜਿਆਂ ਤੋਂ ਸੁਰੱਖਿਅਤ ਸਮਝਦੇ ਹਨ, ਜਿੱਥੇ ਬਸਤੀ ਮੌਤ ਦੀ ਸ਼ਿਕਾਰ ਹੋ ਗਈ ਹੈ। ਜਿਵੇਂ ਹੀ ਪਲੇਗ ਮਹਾਂਮਾਰੀ ਦਾ ਐਲਾਨ ਹੁੰਦਾ ਹੈ, ਤਾਂ ਸ਼ਹਿਰ ਬਦਲਣਾ ਸ਼ੁਰੂ ਹੋ ਜਾਂਦਾ ਹੈ। ਪਲੇਗ ਤੋਂ ਬਚੇ ਲੋਕਾਂ ਨੇ ਆਪਣੇ ਘਰ ਸਾੜ ਦਿੱਤੇ। ਮੁਰਦਿਆਂ ਨੂੰ ਦਫ਼ਨਾਉਣ ਦੀਆਂ ਰਸਮੀ ਰਸਮਾਂ ਤਿਆਗ ਦਿੱਤੀਆਂ ਜਾਂਦੀਆਂ ਹਨ। ਸਭ ਲਾਸ਼ਾਂ ਨੂੰ ਇਕੋ ਤਰੀਕੇ ਨਾਲ ਦੱਬ ਦਿੱਤਾ ਜਾਂਦਾ ਹੈ। ਇਸ ਮਾਹੌਲ ਵਿਚ ਜਾਣਕਾਰੀ ਦਾ ਕੋਈ ਅਰਥ ਨਹੀਂ ਹੁੰਦਾ। ਇੱਕ ਸ਼ਹਿਰ ਜੋ ਪਲੇਗ ਕਾਰਨ ਮਰਨ ਵਾਲਾ ਹੈ, ਪਲੇਗ ਨਾਵਲ ਇਸ ਦੇ ਅੰਦਰ ਰਹਿੰਦੇ ਲੋਕਾਂ ਦੀ ਦਾਸਤਾਨ ਹੈ। ਕਾਮੂ ਨੇ ਲਿਖਿਆ ਕਿ ਪਲੇਗ ਨਾਲ 10 ਲੱਖ ਲੋਕ ਮਾਰੇ ਜਾ ਚੁੱਕੇ ਹਨ। ਓਰਨ ਦਾ ਇਹ ਨਾਵਲ ਦਿੱਲੀ ਅਤੇ ਮੁੰਬਈ ਦੇ ਲੋਕਾਂ ਨੂੰ ਸਮਝਣ ਦਾ ਰਸਤਾ ਦੇਵੇਗਾ। ਫਿਰ ਤੁਸੀਂ ਇਟਲੀ ਵਿਚ ਮਿਲਾਨ ਅਤੇ ਚੀਨ ਵਿਚ ਵੁਹਾਨ ਦੇ ਬੰਦ ਹੋਣ ਤੇ ਲਾਕਡਾਊਨ ਨੂੰ ਸਮਝ ਸਕੋਗੇ। ਇਹ ਸਮਾਂ ਹੈ ਪਲੇਗ ਨੂੰ ਪੜੋ। ਇਸ ਨਾਵਲ ਵਿਚ ਕਰਫਿਊ ਦਾ ਵੀ ਜ਼ਿਕਰ ਹੈ। ਸਥਾਨਕ ਅਖਬਾਰਾਂ ਚੂਹਿਆਂ ਬਾਰੇ ਵੱਡੀਆਂ ਸੁਰਖੀਆਂ ਛਾਪਦੀਆਂ ਸਨ ਅਤੇ ਖ਼ਬਰਾਂ ਪ੍ਰਕਾਸ਼ਤ ਕਰਦੀਆਂ ਸਨ ਹੁਣ ਪੂਰੀ ਤਰਾਂ ਚੁੱਪ ਹੋ ਗਈਆਂ ਹਨ, ਕਿਉਂਕਿ ਚੂਹੇ ਸੜਕਾਂ 'ਤੇ ਹਨ ਅਤੇ ਉਨਾਂ ਦੇ ਘਰਾਂ ਵਿੱਚ ਆਦਮੀ ਮਰ ਜਾਂਦੇ ਹਨ। ਅਖਬਾਰਾਂ ਸਿਰਫ ਸੜਕਾਂ ਵਿਚ ਦਿਲਚਸਪੀ ਰੱਖਦੀਆਂ ਹਨ। ਜਦੋਂ ਤੱਕ ਹਰੇਕ ਡਾਕਟਰ ਕੋਲ ਦੋ ਜਾਂ ਤਿੰਨ ਕੇਸ ਪਹੁੰਚ ਚੁੱਕੇ ਸਨ, ਕਿਸੇ ਨੇ ਵੀ ਇਸ ਮਾਮਲੇ ਵਿਚ ਕੋਈ ਕਾਰਵਾਈ ਕਰਨ ਬਾਰੇ ਨਹੀਂ ਸੋਚਿਆ ਸੀ। ਜਦੋਂ ਦਿਨਾਂ ਵਿਚ ਕੇਸ ਭਾਰੀ ਗਿਣਤੀ ਵਿਚ ਪਹੁੰਚਣ ਲੱਗੇ, ਮਰੀਜ਼ਾਂ ਦੀ ਗਿਣਤੀ ਦਿਨ ਰਾਤ ਚੌਗੁਣੀ ਹੋ ਗਈ ਸੀ ਤਾਂ ਲੋਕਾਂ ਨੂੰ ਇਸ ਅਜੀਬ ਬਿਮਾਰੀ ਨੂੰ ਵੇਖ ਕੇ ਕੋਈ ਸ਼ੱਕ ਨਹੀਂ ਰਹਿ ਗਿਆ ਸੀ ਕਿ ਮਹਾਂਮਾਰੀ ਫੈਲ ਗਈ ਹੈ। ਹਰ ਕੋਈ ਜਾਣਦਾ ਹੈ ਕਿ ਮਹਾਮਾਰੀ ਦੁਨੀਆ ਵਿਚ ਵਾਰ-ਵਾਰ ਫੈਲਦੀ ਰਹਿੰਦੀ ਹੈ। ਪਰ ਜਦੋਂ ਕੋਈ ਮਹਾਂਮਾਰੀ ਨੀਲੇ ਅਸਮਾਨ ਨੂੰ ਚੀਰਨ ਤੋਂ ਬਾਅਦ ਸਾਡੇ ਸਿਰ ਨੂੰ ਹਿਲਾਉਂਦੀ ਹੈ, ਤਦ ਸਾਨੂੰ ਵਿਸ਼ਵਾਸ ਹੁੰਦਾ ਹੈ। ਇਤਿਹਾਸ ਵਿਚ ਬਹੁਤ ਸਾਰੀਆਂ ਵਾਰ ਪਲੇਗਾਂ ਫੈਲੀਆਂ ਹਨ। ਜਿੰਨੀ ਵਾਰ ਇਸ ਮਹਾਂਮਾਰੀ ਦੇ ਖਿਲਾਫ਼ ਲੜਾਈ ਲੜੀ ਗਈ ਹੈ, ਓਨੀ ਵਾਰ ਇਹ ਫੈਲੀ ਹੈ। ਭਾਵੇਂ ਪਲੇਗ ਹੋਵੇ ਜਾਂ ਯੁੱਧ ਇਹ ਲੋਕਾਂ ਨੂੰ ਬਿਨਾਂ ਚਿਤਾਵਨੀ ਦੇ ਆਪਣੀ ਲਪੇਟ ਵਿਚ ਲੈਂਦੇ ਹਨ। ਇਸ ਦੌਰਾਨ ਲੋਕਾਂ ਨੂੰ ਇਹੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਕ ਦੂਸਰੇ ਦੇ ਸੰਪਰਕ ਵਿਚ ਨਾ ਆਉਣ ਤੇ ਸਫਾਈ ਦੇ ਇੰਸਪੈਕਟਰ ਨੂੰ ਜਾ ਕੇ ਮਿਲਣ ਤੇ ਉਨਾਂ ਦੀ ਦਿੱਤੀ ਹੋਈ ਸਲਾਹ 'ਤੇ ਪੂਰੀ ਤਰਾਂ ਅਮਲ ਕਰਨ। ਪਰ ਅਗਲੇ ਚਾਰ ਦਿਨਾਂ ਵਿਚ ਹੀ ਬੁਖਾਰ ਵਿਚ ਹੈਰਾਨ ਕਰਨ ਵਾਲੀ ਪ੍ਰਗਤੀ ਹੋਈ ਸੀ। ਪਹਿਲੇ ਦਿਨ 16, ਫਿਰ 24, ਫਿਰ 28 ਤੇ 32 ਮੌਤਾਂ ਹੋਈਆਂ। ਚੌਥੇ ਦਿਨ ਬੱਚਿਆਂ ਦੇ ਇਕ ਸਕੂਲ ਦੇ ਅੰਦਰ ਸਹਾਇਕ ਹਸਪਤਾਲ ਖੋਲੇ ਜਾਣ ਦਾ ਐਲਾਨ ਕੀਤਾ ਗਿਆ। ਨਗਰ ਵਾਸੀ ਹੁਣ ਨੁਕਤਾਚੀਨੀ ਕਰਕੇ ਆਪਣੀ ਘਬਰਾਹਟ ਨੂੰ ਛੁਪਾਉਂਦੇ ਹੋਏ ਉੱਥੇ ਆਏ ਸਨ, ਪਰ ਹੁਣ ਇਨਾਂ ਦੀ ਆਵਾਜ਼ ਗਾਇਬ ਹੋ ਚੁੱਕੀ ਸੀ ਤੇ ਉਹ ਉਦਾਸ ਸਨ। ਮੌਤ ਦਾ ਦ੍ਰਿਸ਼ ਦੇਖ ਕੇ ਉਦਾਸ ਕੋਈ ਕਿਉਂ ਨਹੀਂ ਹੋਵੇਗਾ? ਮੌਤਾਂ ਦੀ ਗਿਣਤੀ ਇਕਦਮ ਵੱਧ ਗਈ, ਜਿਸ ਦਿਨ ਗਿਣਤੀ 30 ਤੱਕ ਪਹੁੰਚੀ ਤਾਂ ਪ੍ਰੀਫੇਕਟ ਨੇ ਡਾਕਟਰ ਰੀਓ ਨੂੰ ਇਕ ਤਾਰ ਪੜਨ ਲਈ ਦਿੱਤਾ ਤੇ ਕਿਹਾ ਗਿਆ, 'ਹੁਣ ਲਗਦਾ ਹੈ ਉਹ ਲੋਕ ਘਬਰਾ ਚੁੱਕੇ ਹਨ, ਆਖਿਰਕਾਰ। ਤਾਰ ਵਿਚ ਲਿਖਿਆ ਸੀ ਕਿ ਪਲੇਗ ਫੈਲਣ ਦਾ ਐਲਾਨ ਕਰ ਦਿਓ, ਸ਼ਹਿਰ ਦੇ ਫਾਟਕ ਬੰਦ ਕਰ ਦਿਓ।' ਪਲੇਗ ਦੇ ਤੀਸਰੇ ਹਫਤੇ 302 ਮੌਤਾਂ ਹੋ ਚੁੱਕੀਆਂ ਸਨ। ਸ਼ਹਿਰ ਦੀ ਆਬਾਦੀ 2 ਲੱਖ ਸੀ। ਮੌਤ ਦੇ ਅੰਕੜੇ ਕੀ ਸੱਚਮੁੱਚ ਏਨੇ ਜ਼ਿਆਦਾ ਸਨ, ਇਹ ਕੋਈ ਨਹੀਂ ਜਾਣਦਾ ਸੀ। ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਜਨਤਾ ਦੇ ਕੋਲ ਅੰਕੜਿਆਂ ਦਾ ਮੁਕਾਬਲਾ ਕਰਨ ਦੇ ਲਈ ਕਿਸੇ ਮਾਪਦੰਡ ਦੀ ਘਾਟ ਸੀ। ਮਹੀਨੇ ਦੇ ਅੰਤਮ ਦਿਨਾਂ ਵਿਚ ਸਾਡੇ ਸ਼ਹਿਰ ਦੇ ਪਾਦਰੀ ਵਰਗ ਨੇ ਆਪਣੇ ਵਿਸ਼ੇਸ਼ ਹਥਿਆਰਾਂ ਨਾਲ ਲੈਸ ਪਲੇਗ ਦਾ ਮੁਕਾਬਲਾ ਕਰਨ ਦਾ ਫੈਸਲਾ ਕਰਕੇ ਇਕ ਪ੍ਰਾਰਥਨਾ ਹਫਤਾ ਮਨਾਉਣ ਦਾ ਐਲਾਨ ਕੀਤਾ। ਐਤਵਾਰ ਵਾਲੇ ਦਿਨ ਪਲੇਗ ਤੋਂ ਪੀੜਤ ਹੋਏ ਲੋਕਾਂ ਲਈ ਸ਼ਹੀਨੋ ਵਾਲੇ ਸੰਤ ਦੀ ਅਗਵਾਈ ਵਿਚ ਵਿਸ਼ਾਲ ਪ੍ਰਾਰਥਨਾ ਹੋਣੀ ਸੀ ਤੇ ਫਾਦਰ ਪੈਨਾਲੋ ਨੂੰ ਇਸ ਸਭਾ ਵਿਚ ਪ੍ਰਵਚਨ ਦੇਣ ਲਈ ਕਿਹਾ ਗਿਆ ਸੀ। ਇਨਾਂ ਇਲਾਕਿਆਂ ਦੇ ਲੋਕ ਸਮਝਣ ਲੱਗੇ ਕਿ ਪਾਬੰਦੀਆਂ ਖਾਸ ਤੌਰ 'ਤੇ ਉਨਾਂ ਲੋਕਾਂ ਦੇ ਲਈ ਲਾਗੂ ਕੀਤੀਆਂ ਗਈਆਂ ਹਨ। ਇਸ ਲਈ ਉਹ ਦੂਸਰੇ ਇਲਾਕਿਆਂ ਦੇ ਰਹਿਣ ਵਾਲੇ ਲੋਕਾਂ ਨਾਲ ਈਰਖਾ ਕਰਨ ਲੱਗੇ, ਕਿਉਂਕਿ ਉਨਾਂ ਨੂੰ ਅਜ਼ਾਦੀ ਸੀ। ਅਜ਼ਾਦੀ ਇਸ ਲਈ ਸੀ ਕਿ ਉਹ ਪਲੇਗ ਦਾ ਸ਼ਿਕਾਰ ਨਹੀਂ ਹੋਏ ਸਨ। ਦੂਸਰੇ ਇਲਾਕੇ ਦੇ ਪੀੜਤ ਲੋਕ ਇਨਾਂ ਦੀ ਦੁਰਦਸ਼ਾ ਦੇ ਲਈ ਕਲਪਨਾ ਕਰਨ ਲੱਗ ਪਏ। ਨਾਗਰਿਕ ਅਧਿਕਾਰੀ ਇਸ ਦਲੀਲ ਅੱਗੇ ਝੁਕ ਗਏ ਤੇ ਉਨਾਂ ਤਹਿਤ ਕੀਤਾ ਕਿ ਜੋ ਬਾਰਡਰ 'ਤੇ ਆਪਣਾ ਕੰਮ ਕਰਦੇ ਹੋਏ ਮੌਤ ਦਾ ਸ਼ਿਕਾਰ ਹੋਏ ਹਨ, ਉਨਾਂ ਨੂੰ ਪਲੇਗ ਮੈਡਲ ਦਿੱਤੇ ਜਾਣ। ਪਰ ਜਿਨਾਂ ਨੂੰ ਪਹਿਲਾਂ ਫੌਜੀ ਤਗਮੇ ਮਿਲੇ ਸਨ, ਉਨਾਂ 'ਤੇ ਬੁਰਾ ਅਸਰ ਪੈ ਚੁੱਕਾ ਸੀ। ਪਰ ਤਗਮਿਆਂ ਨੂੰ ਵਾਪਸ ਦੇਣ ਦਾ ਸੁਆਲ ਨਹੀਂ ਉਠਦਾ ਸੀ। ਇਸ ਲਈ ਫੌਜੀ ਖੇਤਰਾਂ ਵਿਚ ਬਹੁਤ ਬੇਗਾਨਗੀ ਛਾਈ ਹੋਈ ਸੀ। ਇਸ ਦੇ ਇਲਾਵਾ ਪਲੇਗ ਦੇ ਤਗਮੇ ਵਿਚ ਇਕ ਹੋਰ ਕਮੀ ਸੀ, ਕਿਉਂਕਿ ਉਸ ਦਾ ਨੈਤਿਕ ਅਸਰ ਫੌਜੀ ਪੁਰਸਕਾਰਾਂ ਤੋਂ ਕਿਤੇ ਘੱਟ ਸੀ, ਕਿਉਂਕਿ ਮਹਾਂਮਾਰੀ ਦੇ ਜ਼ਮਾਨੇ ਵਿਚ ਲੋਕਾਂ ਨੂੰ ਅਜਿਹੇ ਤਗਮੇ ਅਸਾਨੀ ਨਾਲ ਮਿਲ ਜਾਂਦੇ ਸਨ, ਇਸ ਲਈ ਕੋਈ ਵੀ ਸੰਤੁਸ਼ਟ ਨਹੀਂ ਸੀ। ਹਾ ਰੀਓ ਨੇ ਕਿਹਾ ਕਿ ਇਸ ਵਾਰ ਵੀ ਪਲੇਗ ਵਿਚ ਓਨੇ ਹੀ ਲੋਕ ਮਰ ਰਹੇ ਹਨ ਤੇ ਦਫਨਾਏ ਜਾ ਰਹੇ ਹਨ, ਜਿੰਨੇ ਕਿ ਪੁਰਾਣੇ ਜ਼ਮਾਨੇ ਦੀ ਪਲੇਗ ਵਿਚ ਦਫਨਾਏ ਜਾਂਦੇ ਹਨ, ਪਰ ਅਸੀਂ ਮੌਤ ਦੇ ਅੰਕੜੇ ਰੱਖਦੇ ਹਾਂ, ਇਸ ਨੂੰ ਮੰਨਣਾ ਪਵੇਗਾ ਕਿ ਇਸ ਦਾ ਨਾਮ ਵਿਕਾਸ ਹੈ। ਇਸ ਨਾਵਲ ਵਿਚ ਦੱਸਿਆ ਹੈ ਕਿ ਲੋਕ ਆਪਣੇ ਮਰੇ ਸੰਬੰਧੀਆਂ ਦਾ ਦੁੱਖ ਮਨਾਉਣ ਲੱਗੇ। ਉਨਾਂ ਦਾ ਮਨੋਬਲ ਡਾਵਾਂਡੋਲ ਹੋ ਗਿਆ। ਮੌਤ ਸਿਰਾਂ 'ਤੇ ਮੰਡਰਾ ਰਹੀ ਸੀ। ਪਰ ਜਿਉਂ ਜਿਉਂ ਵਕਤ ਗੁਜ਼ਰਦਾ ਗਿਆ ਤਤਕਾਲੀਨ ਜ਼ਰੂਰਤਾਂ ਵਲ ਧਿਆਨ ਕੇਂਦਰਿਤ ਹੋਣ ਲੱਗਾ। ਖਾਣ ਪੀਣ ਦੀ ਸਮੱਸਿਆ ਗੰਭੀਰ ਹੋਣ ਲੱਗੀ। ਉਨਾਂ ਨੂੰ ਇਹ ਸੋਚਣ ਦੀ ਵਿਹਲ ਨਹੀਂ ਸੀ ਕਿ ਉਨਾਂ ਦੇ ਆਲੇ-ਦੁਆਲੇ ਲੋਕ ਕਿਸ ਤਰਾਂ ਮਰ ਰਹੇ ਹਨ ਤੇ ਕਿਸੇ ਦਿਨ ਉਹ ਖੁਦ ਵੀ ਇਸ ਤਰਾਂ ਮਰ ਜਾਣਗੇ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪਲੇਗ ਵਿਚ ਹੌਲੀ ਹੌਲੀ ਪਿਆਰ ਤੇ ਦੋਸਤੀ ਦੀ ਸਮਰੱਥਾ ਖਤਮ ਕਰ ਦਿੱਤੀ। ਇਸ ਨਾਵਲ ਵਿਚ ਦੱਸਿਆ ਹੈ ਕਿ ਇਕ ਬਜ਼ੁਰਗ ਡਾਕਟਰ ਨੇ ਯਾਦ ਕਰਵਾਇਆ ਕਿ ਮਨੁੱਖ ਦਾ ਭਵਿੱਖ ਅਨਿਸ਼ਚਿਤ ਹੈ, ਡਾਵਾਂਡੋਲ ਹੈ। ਇਤਿਹਾਸ ਇਹ ਸਾਬਤ ਕਰਦਾ ਹੈ ਕਿ ਮਹਾਂਮਾਰੀਆਂ ਬਿਨਾਂ ਸੱਦੇ 'ਤੇ ਪ੍ਰਗਟ ਹੋ ਜਾਂਦੀਆਂ ਹਨ ਅਤੇ ਜ਼ੋਰ ਫੜ ਲੈਂਦੀਆਂ ਹਨ। ਕ੍ਰਿਪਾ ਕਰਕੇ ਕਾਮੂ ਦੀ ਪਲੇਗ ਦਾ ਪੂਰਾ ਨਾਵਲ ਪੜੋ। ਇਸ ਦੌਰ ਵਿਚ ਖੁਦ ਨੂੰ ਸਮਝਣ ਵਿਚ ਮਦਦ ਮਿਲੇਗੀ।

# ਤਾਲਾਬੰਦੀ ਦੌਰਾਨ ਫਸੇ ਕਸ਼ਮੀਰੀਆਂ ਦੀ ਮਦਦ ਲਈ ਅੱਗੇ ਆਓ



**- ਜਸਟਿਸ ਮਾਰਕੰਡੇ ਕਾਟਜੂ**

ਮੈਂ ਕਸ਼ਮੀਰੀ ਹਾਂ ਅਤੇ ਇਸ ਲਈ ਮੈਂ ਕੁਦਰਤੀ ਤੌਰ 'ਤੇ ਕਸ਼ਮੀਰ ਨਾਲ ਜੁੜਿਆ ਹੋਇਆ ਹਾਂ, ਜੋ ਮੇਰੇ ਪੁਰਖਿਆਂ ਦਾ ਜਨਮ ਸਥਾਨ ਵੀ ਹੈ। ਮੈਨੂੰ ਕਸ਼ਮੀਰੀ ਪੰਡਤਾਂ ਅਤੇ ਕਸ਼ਮੀਰੀ ਮੁਸਲਮਾਨ ਦੋਵਾਂ ਪ੍ਰਤੀ ਹਮਦਰਦੀ ਹੈ। ਮੈਂ ਅਕਸਰ ਕਸ਼ਮੀਰੀ ਮੁਸਲਮਾਨਾਂ ਨੂੰ ਕਹਿੰਦਾ ਹਾਂ ਕਿ ਮੇਰਾ ਡੀਐਨਏ ਅਤੇ ਖੂਨ ਇਕੋ ਜਿਹਾ ਹੈ। ਮੈਂ ਇਹ ਖ਼ਬਰ ਸੁਣਕੇ ਬਹੁਤ ਚਿੰਤਤ ਹੋ ਗਿਆ ਕਿ ਦੇਸ਼ ਵਿਆਪੀ ਤਾਲਾਬੰਦੀ ਕਾਰਨ ਵੱਡੀ ਗਿਣਤੀ ਵਿੱਚ ਕਸ਼ਮੀਰੀ (ਵਿਦਿਆਰਥੀ, ਕਾਰੋਬਾਰੀ ਅਤੇ ਹੋਰ ਕਸ਼ਮੀਰੀ) ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿੱਚ ਫਸੇ ਹੋਏ ਹਨ। ਉਹ ਕਸ਼ਮੀਰ ਵਾਪਸ ਜਾਣਾ ਚਾਹੁੰਦੇ ਹਨ ਪਰ ਅੰਤਰਰਾਸ਼ਟਰੀ ਯਾਤਰਾ 'ਤੇ ਪਾਬੰਦੀਆਂ ਕਾਰਨ ਉਹ ਆਪਣੇ ਪ੍ਰਾਂਤ ਜਾ ਨਹੀਂ ਸਕਦੇ। ਉਨਾਂ ਦੀ ਆਰਥਿਕ ਹਾਲਤ ਠੀਕ ਨਹੀਂ ਹੈ। ਉਨਾਂ ਕੋਲ ਪੈਸੇ, ਦਵਾਈ ਅਤੇ ਭੋਜਨ ਦੀ ਘਾਟ ਹੈ। ਇਸ ਸਥਿਤੀ ਵਿਚ ਜਲਦੀ ਹੀ ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ ਹੈ। ਬੀਤੇ ਦਿਨੀਂ ਮੈਂ ਆਪਣੇ ਦੋਸਤ ਵਿਵੇਕ ਤਨਖਾ, ਸੰਸਦ ਮੈਂਬਰ ਅਤੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਨਾਲ ਸੰਪਰਕ ਕੀਤਾ। ਵਿਵੇਕ ਮੇਰੇ ਵਰਗਾ ਕਸ਼ਮੀਰੀ ਵੀ ਹੈ ਅਤੇ ਕਸ਼ਮੀਰੀਆਂ ਨਾਲ ਉਸ ਦਾ ਵੀ ਸਬੰਧ ਹੈ। ਉਹ ਫਸੇ ਕਸ਼ਮੀਰੀਆਂ ਦੀ ਮਦਦ ਲਈ ਤਿਆਰ ਸੀ।

ਮੈਂ ਆਪਣੇ ਫੇਸਬੁੱਕ ਪੇਜ 'ਤੇ ਹੇਠ ਲਿਖਤ ਪੋਸਟ ਕੀਤੀ।

"ਬਹੁਤ ਸਾਰੇ ਕਸ਼ਮੀਰੀ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਫਸੇ ਹੋਏ ਹਨ, ਪਰ ਅੰਤਰਰਾਜੀ ਹਵਾਈ 'ਤੇ ਲੱਗੀਆਂ ਪਾਬੰਦੀਆਂ ਦੇ ਕਾਰਨ ਉਹ ਕਸ਼ਮੀਰ ਵਾਪਸ ਨਹੀਂ ਜਾ ਸਕਦੇ। ਉਹ ਮੁਸ਼ਕਲਾਂ ਦੇ ਦੌਰ ਦਾ ਸਾਹਮਣਾ ਕਰ ਰਹੇ ਹਨ ਅਤੇ ਉਨਾਂ ਕੋਲ ਭੋਜਨ, ਦਵਾਈਆਂ ਅਤੇ ਪੈਸੇ ਦੀ ਕਮੀ ਹੈ।

ਜੇ ਕਸ਼ਮੀਰ ਤੋਂ ਬਾਹਰ ਫਸੇ ਕਿਸੇ ਕਸ਼ਮੀਰੀ ਨੂੰ ਕੋਈ ਮੁਸ਼ਕਲ ਆਉਂਦੀ ਹੈ, ਤਾਂ ਮੈਨੂੰ ਆਪਣੀ ਸਮੱਸਿਆ ਬਾਰੇ ਪੂਰੀ ਜਾਣਕਾਰੀ ਆਪਣੇ ਸੰਪਰਕ ਨੰਬਰ ਨਾਲ ਦੇਵੋ।

ਮੈਂ ਇਸ ਨੂੰ ਵਿਵੇਕ ਨਾਲ ਸਾਂਝਾ ਕਰਾਂਗਾ ਅਤੇ ਅਸੀਂ ਕੋਸ਼ਿਸ਼ ਕਰਾਂਗੇ ਕਿ ਅਸੀਂ ਜੋ ਵੀ ਮਦਦ ਕਰ ਸਕੀਏ ਕਰਾਂਗੇ। ਅਸੀਂ ਵਲੰਟੀਅਰਾਂ ਦੀ ਇਕ ਟੀਮ ਬਣਾਵਾਂਗੇ ਜੋ ਫਸੇ ਕਸ਼ਮੀਰੀਆਂ ਦੀ ਮਦਦ ਲਈ ਤਿਆਰ ਹੋਣਗੇ।

ਉਹ ਸਾਰੇ ਜਿਹੜੇ ਗੈਰ-ਕਸ਼ਮੀਰੀਆਂ ਸਮੇਤ ਸਾਡੀ ਟੀਮ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ, ਕਿਰਪਾ ਕਰਕੇ ਮੈਨੂੰ ਇਕ ਈ-ਮੇਲ ਭੇਜੋ।"

ਬਹੁਤ ਜਲਦੀ ਹੀ ਮੈਨੂੰ ਦਰਜਨਾਂ ਈ-ਮੇਲ ਅਤੇ ਫੇਸਬੁੱਕ ਸੰਦੇਸ਼ ਮਿਲੇ, ਨਾ ਸਿਰਫ ਫਸੇ ਕਸ਼ਮੀਰੀਆਂ (ਜਿਹੜੇ ਦਿੱਲੀ ਵਿਚ ਹਨ, ਮੁੰਬਈ, ਨੋਇਡਾ, ਗ੍ਰੇਟਰ ਨੋਇਡਾ, ਬੰਗਲੁਰੂ, ਝਾਰਖੰਡ, ਪੰਜਾਬ, ਰਾਜਸਥਾਨ, ਆਦਿ ਵਿੱਚ ਸਨ) ਦੇ, ਬਲਕਿ ਉਹਨਾਂ ਦੀ ਵੀ ਜਿਨਾਂ ਨੇ ਸਵੈ-ਇੱਛਾ ਨਾਲ ਸਹਾਇਤਾ ਕੀਤੀ।

ਅਜਿਹੇ ਅਣਗਿਣਤ ਲੋਕ ਹਨ ਜਿਨਾਂ ਨੇ ਮਦਦ ਕਰਨ ਦੀ ਪੇਸ਼ਕਸ਼ ਕੀਤੀ ਸੀ।

(1) ਆਸਿਫ ਅਬਦੁੱਲਾ ਦਾ ਈ-ਮੇਲ ਰਾਹੀਂ ਸੁਨੇਹਾ ਸੀ ਅਸੀਂ ਦਿੱਲੀ ਦੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਮਿਲ ਕੇ 'ਹੈਲਪਿੰਗ ਹੈਂਡਜ਼' ਨਾਮ ਦੀ ਇਕ ਜਥੇਬੰਦੀ ਬਣਾਈ ਹੈ ਅਤੇ ਤਾਲਾਬੰਦੀ ਦੌਰਾਨ ਫਸੇ ਲੋਕਾਂ ਦੀ ਰਾਸ਼ਨ, ਭੋਜਨ ਅਤੇ ਜ਼ਰੂਰੀ ਚੀਜ਼ਾਂ ਨਾਲ ਮਦਦ ਕਰ ਰਹੇ ਹਾਂ। ਅਸੀਂ ਤੁਹਾਡੀਆਂ ਕੋਸ਼ਿਸ਼ਾਂ ਲਈ ਤੁਹਾਡਾ ਧੰਨਵਾਦ ਕਰਦੇ ਹਾਂ ਅਤੇ ਅਸੀਂ ਕਸ਼ਮੀਰ ਦੇ ਲੋਕਾਂ ਲਈ ਤੁਹਾਡੀ ਪਹਿਲਕਦਮੀ ਲਈ ਹਰ ਤਰਾਂ ਦਾ ਸਹਿਯੋਗ ਕਰਨ ਲਈ ਤਿਆਰ ਹਾਂ।

(2) ਇਕ ਸਿੱਖ ਸੱਜਣ, ਇੰਦਰਜੀਤ ਸਿੰਘ ਚੱਠਾ, ਇੰਟਰਨੈਸ਼ਨਲ ਖਾਲਸਾ ਏਡ ਨਾਲ ਸੰਬੰਧਿਤ ਹੈ, ਜੋ ਕਿ ਜਲੰਧਰ ਵਿਚ ਰਹਿੰਦਾ ਹੈ ਅਤੇ ਕੰਮ ਕਰਦਾ ਹੈ, ਨੇ ਇਸ ਸੰਬੰਧ ਵਿਚ ਸਹਾਇਤਾ ਦੀ ਪੇਸ਼ਕਸ਼ ਕੀਤੀ ਹੈ। ਮੇਰੀ ਬੇਨਤੀ 'ਤੇ ਉਹ ਪੰਜਾਬ ਵਿਚ ਫਸੇ ਕਸ਼ਮੀਰੀਆਂ ਦੀ ਮਦਦ ਕਰ ਰਿਹਾ ਹੈ। ਉਹ ਉਨਾਂ ਨੂੰ ਰਾਸ਼ਨ ਦੀ ਸਪਲਾਈ ਕਰ ਰਿਹਾ ਹੈ ਅਤੇ ਹੋਰ ਤਰੀਕਿਆਂ ਨਾਲ ਉਨਾਂ ਦੀ ਮਦਦ ਵੀ ਕਰ ਰਿਹਾ ਹੈ।

(3) ਐਮ ਆਰ, ਬੰਗਲੁਰੂ ਦਾ ਇੱਕ ਸੱਜਣ ਬਾਲਕ੍ਰਿਸ਼ਨ ਬਾਲੂ ਬੰਗਲੁਰੂ ਵਿਚ ਫਸੇ ਕਸ਼ਮੀਰੀਆਂ ਦੀ ਮਦਦ ਕਰ ਰਿਹਾ ਹੈ। ਉਸਨੇ ਆਪਣੀ ਜੇਬ ਵਿਚੋਂ ਪੈਸੇ ਜ਼ਰੂਰਤਮੰਦਾਂ ਨੂੰ ਵੀ ਦਿੱਤੇ ਹਨ।

ਇਹ ਸਾਰੇ ਵੇਰਵੇ ਮੇਰੇ ਫੇਸਬੁੱਕ ਪੇਜ ਤੇ ਵੇਖੇ ਜਾ ਸਕਦੇ ਹਨ, ਜਿਸ ਨੂੰ ਅਸੀਂ ਇੱਕ ਪਲੇਟਫਾਰਮ ਦੇ ਤੌਰ ਤੇ ਲੋੜਵੰਦ ਲੋਕਾਂ ਦੀ ਸਹਾਇਤਾ ਲਈ ਵਰਤ ਰਹੇ ਹਾਂ.

ਵਿਵੇਕ ਤਨਖਾ ਅਤੇ ਆਸਿਫ ਅਬਦੁੱਲਾ ਲੋੜਵੰਦ ਕਸ਼ਮੀਰੀਆਂ ਦੀ ਇਕ ਲਿਸਟ ਤਿਆਰ ਕਰ ਰਹੇ ਹਨ ਅਤੇ ਫਿਰ ਵਿਵੇਕ ਭਾਰਤ ਦੇ ਸਾਰੇ ਸ਼ਹਿਰਾਂ ਵਿੱਚ ਲੋਕਾਂ ਨੂੰ ਫਸੇ ਕਸ਼ਮੀਰੀਆਂ ਕੋਲ ਜਾਣ ਅਤੇ ਮਦਦ ਦੇਣ ਲਈ ਨਿਯੁਕਤ ਕਰੇਗਾ। ਅਸੀਂ ਵਿਦੇਸ਼ਾਂ ਵਿਚ ਵਸਦੇ ਕਸ਼ਮੀਰੀਆਂ ਨੂੰ ਵੀ ਆਪਣੇ ਵਿਚਾਰ ਅਤੇ ਸੁਝਾਅ ਦੇਣ ਲਈ ਕਿਹਾ ਹੈ।

ਅਸੀਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਅਤੇ ਵਿਦੇਸ਼ਾਂ ਵਿਚ ਫਸੇ ਕਸ਼ਮੀਰੀਆਂ ਦੀ ਕਸ਼ਮੀਰ ਪਹੁੰਚਣ ਵਿਚ ਸਹਾਇਤਾ ਨਹੀਂ ਕਰ ਸਕਦੇ, ਕਿਉਂਕਿ ਕੌਮਾਂਤਰੀ ਯਾਤਰਾ 'ਤੇ ਪਾਬੰਦੀ ਹੈ, ਪਰ ਅਸੀਂ ਉਨਾਂ ਨੂੰ ਬਚਣ ਲਈ ਜ਼ਰੂਰੀ ਚੀਜ਼ਾਂ ਪ੍ਰਦਾਨ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਾਂਗੇ।

ਇਸ ਪਹਿਲ ਦੀ ਮਹੱਤਤਾ ਇਹ ਹੈ ਕਿ ਇਹ ਦਰਸਾਉਂਦਾ ਹੈ ਕਿ ਚੰਗੇ ਲੋਕ ਹਰ ਜਗਾ ਮੌਜੂਦ ਹੁੰਦੇ ਹਨ, ਜੋ ਮੁਸੀਬਤ ਦੇ ਸਮੇਂ ਸਹਾਇਤਾ ਕਰਨ ਲਈ ਤਿਆਰ ਹੁੰਦੇ ਹਨ। ਇਹ ਇਹ ਧਾਰਨਾ ਵੀ ਤੋੜ ਦੇਵੇਗੀ ਕਿ ਗੈਰ-ਕਸ਼ਮੀਰੀਆਂ ਦੀ ਕਸ਼ਮੀਰੀਆਂ ਨਾਲ ਦੁਸ਼ਮਣੀ ਹੈ। ਸਾਡੀ ਇਹ ਮਨੁੱਖੀ ਏਕਤਾ ਸਦਭਾਵਨਾ, ਭਾਈਚਾਰਾ ਤੇ ਮਨੁੱਖੀ ਅਜ਼ਾਦੀ ਕਾਇਮ ਕਰਨ ਵਿਚ ਸਾਡੀ ਸਹਾਇਤਾ ਵੀ ਕਰੇਗੀ।

# ਕੋਰੋਨਾ ਨੇ ਬਦਲੇ ਜੀਵਨ ਦੇ ਅਰਥ

**- ਡਾ. ਸਰਬਜੀਤ ਕੌਰ ਸੋਹਲ**

ਜਦੋਂ ਹਾਸਿਆਂ ਵਿਚੋਂ ਝਾਂਜਰਾਂ ਦੀ ਛਣਕਾਰ ਦੀ ਥਾਂ ਰੋਣ-ਧੋਣ ਦੀ ਆਵਾਜ਼ ਸੁਣੇ ਅਤੇ ਰੋਣ ਵਿਚੋਂ ਵੀ ਦਰਦ ਸੰਵੇਦਨਾ ਮਨਫ਼ੀ ਹੋ ਜਾਵੇ ਤਾਂ ਉਸ ਭਾਵ ਨੂੰ ਕਹਿਣ ਲਈ ਨਵੇਂ ਸ਼ਬਦ ਤਲਾਸ਼ਣੇ ਪੈਣੇ ਹਨ। ਬਾਜ਼ਾਰਾਂ ਵਿਚਲੀ ਰੌਣਕ ਘਰਾਂ ਦੀ ਇਕੱਲਤਾ ਵਿਚ ਅਰਥਹੀਣ ਹੋ ਗਈ ਹੈ। ਅਜੇ ਉਮੀਦ ਦਾ ਦੂਜਾ ਸਿਰਾ ਵੀ ਨਜ਼ਰ ਦੀ ਜੱਦ ਵਿਚ ਨਹੀਂ ਆਇਆ। ਰਾਤ ਦੇ ਘਣਘੋਰ ਹਨੇਰੇ ਵਿਚ ਆਸ ਦਾ ਜੁਗਨੂੰ ਕਿਤੇ ਦਿਸ ਜਾਵੇ ਤਾਂ ਵੀ ਹੌਸਲਾ ਹੋ ਜਾਵੇ। ਘਰਾਂ ਵਿਚ ਬੰਦ ਮਨੁੱਖ ਜ਼ਿੰਦਗੀ ਜਿਉਣ ਦੇ ਨਵੇਂ ਅਰਥਾਂ ਦੀ ਪਛਾਣ ਵੱਲ ਤੁਰ ਪਿਆ ਹੈ।

'ਕੋਰਨਟਾਈਨ' ਦਾ ਯੁੱਗ ਦਾ ਆਗਾਜ਼ ਹੋ ਚੁੱਕਾ ਹੈ। ਇਸ ਤਰਾਂ ਦੇ ਹਾਲਾਤ ਵਿਚ ਜਿਉਣ ਦੀ ਜਾਚ ਕਿਸੇ ਮਾਂ-ਪਿਓ, ਅਧਿਆਪਕ ਨੇ ਨਹੀਂ ਸਿਖਾਈ ਸੀ। ਨਵੀਂ ਪੀੜੀ ਦੀ ਤਾਂ ਸੋਚ ਵਿਚ ਵੀ ਕਿਤੇ ਦਰਜ ਨਹੀਂ ਹੋਣਾ ਕਿ ਕਦੇ ਅਜਿਹਾ ਸਮਾਂ ਆਵੇਗਾ ਕਿ ਮਨੁੱਖ ਘਰਾਂ ਵਿਚ ਕੈਦ ਹੋ ਜਾਣਗੇ ਅਤੇ ਪਖੇਰੂ ਅਸਮਾਨ 'ਚ ਆਜ਼ਾਦ ਉਡਾਰੀਆਂ ਲਾਉਂਦੇ ਦਿਸਣਗੇ। ਕਈ ਤਰਾਂ ਦੇ ਪੰਛੀ ਅਸਮਾਨੀਂ ਉਡਾਰੀਆਂ ਲਾ ਰਹੇ ਹਨ। ਬੇਲੋੜੀ ਭੱਜ-ਦੌੜ ਤੋਂ ਬੇਮੁੱਖ ਬੰਦਾ ਕੁਦਰਤ ਨਾਲ ਗੱਲਾਂ ਕਰ ਰਿਹਾ ਹੈ। ਲੱਗਦਾ ਹੈ ਜਿਵੇਂ ਬਦਲਾਅ ਦਾ ਸਮਾਂ ਆ ਗਿਆ ਹੋਵੇ। ਕੁਦਰਤ ਵੱਲ ਖੁੱਲਦੀ ਖਿੜਕੀ ਵਿਚੋਂ ਠੰਢੀ, ਸ਼ੁੱਧ ਤਾਜ਼ਾ ਹਵਾ ਮੁਫ਼ਤੋ-ਮੁਫ਼ਤ ਮਿਲ ਰਹੀ ਹੈ। ਸ਼ਾਇਦ ਕਿਤੇ ਬੰਦੇ ਵਿਚ ਅਹਿਸਾਨਮੰਦੀ ਦਾ ਅਹਿਸਾਸ ਜਾਗ ਜਾਵੇ। ਰੁੱਖਾਂ ਦਾ ਬੇਰਹਿਮੀ ਨਾਲ ਕਤਲ ਕਰਨ ਵੇਲੇ ਬੰਦਾ ਕਿੱਥੇ ਸੋਚਦਾ ਆਕਸੀਜਨ ਦਾ ਮੁੱਲ। ਪਤਾ ਤਾਂ ਉਦੋਂ ਲੱਗਦਾ ਹੈ ਜਦੋਂ (ਰੱਬ ਨਾ ਕਰੇ) ਕਿਤੇ ਵੈਂਟੀਲੇਟਰ ਦੀ ਲੋੜ ਪਵੇ ਅਤੇ ਪੈਸਿਆਂ ਵਾਲਾ ਮੀਟਰ ਤੇਜ਼ੀ ਨਾਲ ਘੁੰਮੇ ਅਤੇ ਉੱਤੋਂ ਪ੍ਰਾਈਵੇਟ ਹਸਪਤਾਲਾਂ ਵਾਲੇ ਪੈਸੇ ਬਣਾਉਣ ਖਾਤਰ ਮਰੇ ਹੋਏ ਬੰਦੇ ਨੂੰ ਵੀ ਵੈਂਟੀਲੇਟਰ ਲਾ ਕੇ ਅਹਿਸਾਸ ਰਹਿਤ ਹੋ ਕੇ ਰੱਬ ਦੀ ਰੱਬਤਾ ਨੂੰ ਵੀ ਸ਼ਰਮਿੰਦਾ ਕਰ ਰਹੇ ਹੋਣ। ਲਾਕਡਾਊਨ, ਫਿਰ ਕਰਫਿਊ ਅਤੇ ਅੱਜ ਵੀ ਇਸ ਦੇ ਖੁੱਲਣ ਦੀ ਕੋਈ ਉਮੀਦ ਨਹੀਂ ਦਿਸ ਰਹੀ। ਹੱਥ ਧੋ-ਧੋ ਕੇ, ਸੈਨੀਟਾਈਜ਼ਰ ਵਰਤ-ਵਰਤ ਕੇ ਚਮੜੀ ਹੀ ਘਸ ਗਈ ਹੈ। ਵੀਹ ਸਕਿੰਟ ਹੱਥ ਧੋਣ ਲਈ ਵੀਹ ਗਿਣਦਿਆਂ, ਟੂਟੀ ਦਾ ਪਾਣੀ ਅਜਾਈਂ ਜਾਣ ਦੀ ਚਿੰਤਾ ਵੱਖਰੀ ਘੇਰ ਰਹੀ ਹੈ। ਭਾਸ਼ਾ ਵਿਚ ਨਵੇਂ ਸ਼ਬਦਾਂ ਦਾ ਵਾਧਾ ਹੋ ਰਿਹਾ ਹੈ। ਸੋਸ਼ਲ ਡਿਸਟੈਂਸ ਬਣਾਈ ਰੱਖਣ ਦਾ ਪ੍ਰਚਾਰ ਹੋ ਰਿਹਾ ਹੈ।

ਅੱਵਲ ਤਾਂ ਦੋਸਤ-ਮਿੱਤਰ ਇੱਕ-ਦੂਜੇ ਦੇ ਘਰ ਜਾਣ ਤੋਂ ਬਚਦੇ ਹਨ ਪਰ ਜੇ ਜਾਣਾ ਵੀ ਪਵੇ ਤਾਂ ਘੁੱਟ ਕੇ ਜੱਫੀ ਪਾਉਣ ਵਾਲਾ ਮੋਹ ਫਟਾ-ਫਟ ਦਰਵਾਜ਼ੇ ਕੋਲ ਰੱਖੇ ਸੈਨੀਟਾਈਜ਼ਰ ਵੱਲ ਅਹੁਲਦਾ ਹੈ। ਬਹੁਤੇ ਵਿਆਹਾਂ ਦੀਆਂ ਤਰੀਕਾਂ ਅੱਗੇ ਪਾ ਦਿੱਤੀਆਂ ਗਈਆਂ ਹਨ। 'ਮਰਗਾਂ' ਨੂੰ ਅੱਗੇ ਤਾਂ ਨਹੀਂ ਪਾਇਆ ਜਾ ਸਕਦਾ, ਮੌਤ ਦੀ ਘੜੀ ਤਾਂ ਅਟੱਲ ਹੈ। ਇਸ ਲਈ ਕਿਸੇ ਅਜਿਹੀ ਘੜੀ ਮੌਤ ਦੀ ਸੂਚਨਾ ਦੇਣਾਲ-ਨਾਲ ਨਾ ਆਉਣ ਦੀ ਬੇਨਤੀ ਵੀ ਕੀਤੀ ਜਾ ਰਹੀ ਹੈ। ਘਰ ਦੇ ਜੀਅ ਹੀ ਮ੍ਰਿਤਕ ਦੇਹ ਨੂੰ ਅਗਨ ਭੇਟ ਕਰ ਆਉਂਦੇ ਹਨ। ਗਲੇ ਲੱਗ ਕੇ ਰੋਣ ਵੇਲੇ ਦੁੱਖ ਦੀ ਨਸ਼ਤਰੀ ਦਾ ਅਹਿਸਾਸ ਖ਼ਤਮ ਹੋ ਗਿਆ ਹੈ। ਗੁਰਦੁਆਰੇ, ਮੰਦਰ, ਗਿਰਜਾਘਰ ਤੇ ਇਬਾਦਤਗਾਹਾਂ ਬੰਦ ਹਨ। ਭਾਈ ਜੀ ਸ਼ਮਸ਼ਾਨਘਾਟ ਵਿਚ ਅਰਦਾਸ ਕਰਨ ਵੀ ਨਹੀਂ ਆਉਂਦੇ।

ਸਸਕਾਰ ਉਪਰੰਤ ਗੁਰਦੁਆਰੇ ਜਾਣ ਦੀ ਥਾਂ ਘਰ ਵਿਚ ਹੀ ਅਲਾਹੁਣੀਆਂ ਦਾ ਪਾਠ ਕਰ ਕੇ ਅਰਦਾਸ ਕਰ ਲਈ ਜਾਂਦੀ ਹੈ। ਜੇਕਰ ਵਿਆਹ ਕਰਨਾ ਧਾਰ ਹੀ ਲਿਆ ਹੋਵੇ ਤਾਂ 5-7 ਜੀਅ ਹੀ ਅਨੰਦ ਕਾਰਜ ਵੇਲੇ ਹਾਜ਼ਰ ਹੁੰਦੇ ਹਨ। ਵਿਆਹ ਵਾਲਾ ਮੁੰਡਾ-ਕੁੜੀ ਵੀ ਮਾਸਕ ਲਾਈ ਸੋਸ਼ਲ ਡਿਸਟੈਂਸ ਦੀ ਪਾਲਣਾ ਕਰ ਰਹੇ ਹੁੰਦੇ ਹਨ। ਇਉਂ ਲੱਗਦਾ ਹੈ ਜਿਵੇਂ ਲੋਕ ਬਿਮਾਰ ਹੀ ਨਹੀਂ ਹੋ ਰਹੇ, ਹਸਪਤਾਲਾਂ ਦੇ ਓਪੀਡੀ ਬੰਦ ਹਨ। ਪ੍ਰਾਈਵੇਟ ਹਸਪਤਾਲਾਂ ਵਾਲੇ ਲਾਕਡਾਊਨ ਦੀ ਪੂਰਨ ਪਾਲਣਾ ਕਰ ਰਹੇ ਹਨ। ਕੋਰੋਨਾ ਪੀੜਤ ਮਰੀਜ਼ਾਂ ਦਾ ਇਲਾਜ ਕਰਦਿਆਂ ਉਨਾਂ ਦੀ ਜਾਨ ਨੂੰ ਖ਼ਤਰਾ ਹੋ ਸਕਦੈ। ਅੱਧ ਅਪ੍ਰੈਲ ਲੰਘ ਜਾਣ ਤੋਂ ਬਾਅਦ ਵੀ ਸਵੇਰੇ-ਸ਼ਾਮ ਹਵਾ ਠੰਢੀ ਮਹਿਸੂਸ ਹੁੰਦੀ ਹੈ। ਮਾਰਚ ਦੇ ਮਹੀਨੇ ਏਸੀ ਚਲਾਉਣ ਦੀ ਲੋੜ ਮਹਿਸੂਸ ਕਰਨ ਵਾਲੇ ਇਕ ਨੰਬਰ 'ਤੇ ਪੱਖਾ ਚਲਾ ਕੇ ਖ਼ੁਸ਼ ਹਨ। ਬਿਜਲੀ ਦੇ ਬਿੱਲ ਦੀ ਬੱਚਤ ਹੋਵੇਗੀ ਨਾ...। ਛੁੱਟੀਆਂ ਦਾ ਆਨੰਦ ਲੈਣ ਵਾਲੇ ਅਧਿਆਪਕਾਂ ਨੂੰ ਸਿਲੇਬਸ ਖ਼ਤਮ ਕਰਨ ਦੀ ਚਿੰਤਾ ਸਤਾ ਰਹੀ ਹੈ। ਇੰਟਰਨੈੱਟ ਵਾਲੀਆਂ ਕੰਪਨੀਆਂ ਮੁਨਾਫ਼ਾ ਕਮਾ ਰਹੀਆਂ ਹਨ। ਅਧਿਆਪਕ ਆਨਲਾਈਨ ਕਲਾਸਾਂ ਲੈ ਰਹੇ ਹਨ। ਆਡੀਓ-ਵੀਡੀਓ, ਲੈਕਚਰ, ਵਟਸਐਪ ਗਰੁੱਪਾਂ ਰਾਹੀਂ ਵਿਦਿਆਰਥੀਆਂ ਤਕ ਪਹੁੰਚਾਏ ਜਾ ਰਹੇ ਹਨ। ਮਿੱਥੇ ਸਮੇਂ 'ਤੇ ਵਿਦਿਆਰਥੀ ਆਨਲਾਈਨ ਹੋ ਜਾਂਦੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਜ਼ੂਮ ਰਾਹੀਂ ਪ੍ਰਿੰਸੀਪਲਜ਼ ਨਾਲ ਮੀਟਿੰਗ ਕਰ ਲੈਂਦੇ ਹਨ। ਪ੍ਰਿੰਸੀਪਲਜ਼ ਅੱਗੋਂ ਆਪਣੇ ਸਟਾਫ ਨਾਲ ਮੀਟਿੰਗ ਕਰ ਕੇ ਪ੍ਰੋਸੀਡਿੰਗਜ਼ ਵਟਸਐਪ ਰਾਹੀਂ ਸਾਂਝੀਆਂ ਕਰ ਲੈਂਦੇ ਹਨ। ਇਹ ਸੂਚਨਾ ਅੱਗੋਂ ਵਿਦਿਆਰਥੀਆਂ ਨਾਲ ਸਾਂਝੀ ਕੀਤੀ ਜਾਂਦੀ ਹੈ। ਬਹੁਤ ਸਾਰੇ ਮੁਲਾਜ਼ਮ ਘਰੇ ਬੈਠੇ ਇੰਟਰਨੈੱਟ ਰਾਹੀਂ ਦਫ਼ਤਰ ਦਾ ਕੰਮ ਕਰੀ ਜਾ ਰਹੇ ਹਨ। ਕੰਮਾਂ ਦੀ ਰਫ਼ਤਾਰ ਵੱਧ ਗਈ ਹੈ ਅਤੇ ਆਉਣ-ਜਾਣ ਦਾ ਝੰਜਟ ਵੀ ਨਹੀਂ ਰਿਹਾ। ਲਾਂਡਰਾਂ ਵਾਲੀ ਭੀੜ-ਭੜੱਕੇ ਵਾਲੀ ਟੁੱਟੀ ਸੜਕ ਤੋਂ ਰੋਜ਼ ਦੋ ਵਾਰ ਲੰਘਣ ਦੇ ਅਜ਼ਾਬ ਤੋਂ ਖਹਿੜਾ ਛੁੱਟਿਆ ਹੋਇਆ ਹੈ। ਦੁੱਧ, ਸਬਜ਼ੀ, ਹੋਰ ਲੋੜੀਂਦੀਆਂ ਵਸਤਾਂ ਘਰ ਵਿਚ ਹੀ ਪੁੱਜ ਰਹੀਆਂ ਹਨ। ਸਟੋਰਾਂ 'ਤੇ ਜਾ ਕੇ ਖ਼ਰੀਦਦਾਰੀ ਕਰਨ ਸਮੇਂ ਕੀਤੀ ਜਾਣ ਵਾਲੀ ਫ਼ਜ਼ੂਲਖ਼ਰਚੀ 'ਤੇ ਚੀਜ਼ਾਂ ਦਾ ਮੋਹ ਘੱਟ ਗਿਆ ਹੈ। ਸੁਭਾਅ ਵਿਚ ਕਿਫ਼ਾਇਤ ਮੁੜ ਸ਼ਾਮਲ ਹੋ ਰਹੀ ਹੈ। ਖ਼ਪਤਵਾਦ ਵਾਲਾ ਬੇਲੋੜਾ ਰੁਝਾਨ ਖ਼ਤਮ ਹੁੰਦਾ ਜਾਪ ਰਿਹਾ ਹੈ। ਨਵੇਂ ਫੋਨ, ਵਸਤਾਂ, ਟੀਵੀ, ਫਰਿੱਜਾਂ, ਘਰ ਆਦਿ ਖ਼ਰੀਦਣ ਦਾ ਰੁਝਾਨ ਸਿਫ਼ਰ 'ਤੇ ਅੱਪੜ ਗਿਆ ਹੈ। ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਠਹਿਰਾਅ ਆਇਆ ਲੱਗਦਾ ਹੈ। ਨੌਕਰੀਪੇਸ਼ਾ ਲੋਕਾਂ ਦੀ ਤਨਖ਼ਾਹ ਉਨਾਂ ਦੇ ਖ਼ਾਤਿਆਂ ਵਿਚ ਆ ਰਹੀ ਹੈ। ਪ੍ਰਾਈਵੇਟ ਅਦਾਰੇ ਸ਼ਸ਼ੋਪੰਜ ਵਿਚ ਹਨ। ਪ੍ਰਾਈਵੇਟ ਸਕੂਲਾਂ, ਕਾਲਜਾਂ ਵਾਲਿਆਂ ਨੂੰ ਜਿੱਥੇ ਤਿੰਨ-ਚਾਰ ਸਾਲਾਂ ਤੋਂ ਐੱਸਸੀ ਵਿਦਿਆਰਥੀਆਂ ਦੀਆਂ ਫ਼ੀਸਾਂ ਦੇ ਪੈਸੇ ਸਰਕਾਰ ਦੁਆਰਾ ਦਿੱਤੇ ਨਹੀਂ ਗਏ, ਓਥੇ ਹੀ ਅਗਲੀਆਂ ਆਉਣ ਵਾਲੀਆਂ ਫ਼ੀਸਾਂ ਲੈਣ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ। ਇਨਾਂ ਸਿੱਖਿਆ ਸੰਸਥਾਵਾਂ ਵਿਚ ਤਾਂ ਪਹਿਲਾਂ ਹੀ ਤਨਖ਼ਾਹ ਦੇਣੀ ਮੁਸ਼ਕਲ ਸੀ। ਹੁਣ ਤਾਂ ਵਿਚਾਰੇ ਅਧਿਆਪਕ ਫਾਕਾਕਸ਼ੀ ਲਈ ਮਜਬੂਰ ਹੋ ਗਏ ਹਨ। ਵਪਾਰ ਠੱਪ ਹੋ ਗਿਆ ਹੈ।

ਫੈਕਟਰੀਆਂ ਬੰਦ, ਕੱਚੇ ਮਾਲ ਦੀ ਸਪਲਾਈ ਬੰਦ, ਦਿਹਾੜੀਦਾਰ ਸਕਿੱਲਡ ਕਾਮੇ ਵੀ ਬੇਕਾਰ ਹੋ ਗਏ ਹਨ। ਘਰਾਂ ਦੀ ਉਸਾਰੀ, ਮੁਰੰਮਤ ਵਾਲੇ ਮਜ਼ਦੂਰ ਮਿਸਤਰੀ ਵੀ ਵਿਹਲੇ ਹੋ ਗਏ ਹਨ। ਚੌਕਾਂ ਵਿਚ ਖਲੋਤੇ ਮਜ਼ਦੂਰ ਜਿਨਾਂ ਨੂੰ ਪਹਿਲਾਂ ਵੀ ਕਈ-ਕਈ ਦਿਨ ਕੰਮ ਨਹੀਂ ਸੀ ਮਿਲਦਾ, ਉਨਾਂ ਦੀਆਂ ਉਮੀਦਾਂ ਤਾਂ ਬਿਲਕੁਲ ਹੀ ਮੁਰਦਾ ਹੋ ਗਈਆਂ ਹਨ। ਬੱਸਾਂ, ਗੱਡੀਆਂ ਬੰਦ ਹੋ ਜਾਣ ਕਾਰਨ ਮਜ਼ਦੂਰ ਤੇ ਕਾਮੇ ਆਪਣੇ ਵਤਨਾਂ ਨੂੰ ਜਾਣ ਲਈ ਮੀਲਾਂ ਪੈਦਲ ਤੁਰਨ ਲਈ ਮਜਬੂਰ ਹੋ ਗਏ ਹਨ। ਸ਼ਹਿਰਾਂ ਵਿਚ ਖਾ-ਪੀਣ ਵਾਲੀਆਂ ਚੀਜ਼ਾਂ ਦੀਆਂ ਰੇਹੜੀਆਂ ਲਾਉਣ ਵਾਲੇ ਬੇਕਾਰ ਹੋ ਕੇ ਘਰੀਂ ਬੈਠੇ ਹਨ। ਭਾਵੇਂ ਸਰਕਾਰੀ ਤੌਰ 'ਤੇ ਅਜਿਹੇ ਲੋੜਵੰਦਾਂ ਨੂੰ ਖਾਣ-ਪੀਣ ਦੀਆਂ ਵਸਤਾਂ ਪਹੁੰਚਾਈਆਂ ਜਾ ਰਹੀਆਂ ਹਨ ਪਰ ਕਈ ਲੋਕ ਜ਼ਖ਼ੀਰੇਬਾਜ਼ੀ ਵੀ ਕਰੀ ਜਾ ਰਹੇ ਹਨ। ਸੁਖਰੈਣੀਆਂ ਸੁਆਣੀਆਂ ਕੋਰੋਨਾ ਦੇ ਡਰ ਕਾਰਨ ਆਪੇ ਹੀ ਸਫ਼ਾਈਆਂ, ਭਾਂਡੇ ਆਦਿ ਘਰੇਲੂ ਕੰਮ ਕਰ ਰਹੀਆਂ ਹਨ। ਇਨਾਂ ਘਰੇਲੂ ਮਦਦ ਵਾਲੀਆਂ ਸਹਾਇਕ ਔਰਤਾਂ ਨੂੰ ਤਨਖ਼ਾਹ ਵੀ ਦਿੱਤੀ ਜਾ ਰਹੀ ਹੈ। ਜੇਕਰ ਪਿੰਡਾਂ ਦੀ ਗੱਲ ਕਰੀਏ ਤਾਂ ਪਿੰਡਾਂ ਵਿਚ ਸਰਪੰਚਾਂ ਨੇ ਆਪਣੇ ਤੌਰ 'ਤੇ ਦਿਨ-ਰਾਤ ਦੇ ਪਹਿਰੇ ਲਾਏ ਹੋਏ ਹਨ। ਪਿੰਡਾਂ ਨੂੰ ਪੂਰੀ ਤਰਾਂ ਸੀਲ ਕੀਤਾ ਹੋਇਆ ਹੈ। ਪਿੰਡੋਂ ਕੋਈ ਬਾਹਰ ਨਹੀਂ ਜਾ ਸਕਦਾ ਅਤੇ ਬਾਹਰੋਂ ਕੋਈ ਪਿੰਡ ਵਿਚ ਨਹੀਂ ਆ ਸਕਦਾ। ਨਸ਼ਿਆਂ ਦੀ ਸਪਲਾਈ ਵੀ ਪ੍ਰਭਾਵਿਤ ਹੋਈ ਹੈ। ਪਿੰਡਾਂ ਦੀ ਸੀਲਬੰਦੀ ਕਾਰਨ ਨੌਜਵਾਨਾਂ ਤਕ ਨਸ਼ੀਲੇ ਪਦਾਰਥ ਪੁੱਜ ਨਹੀਂ ਰਹੇ ਅਤੇ ਨਸ਼ਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਘਟ ਗਈ ਹੈ। ਪਰਵਾਸੀ ਮਜ਼ਦੂਰਾਂ ਦੀ ਵਤਨ ਵਾਪਸੀ ਉਪਰੰਤ ਕਣਕ ਦੀ ਵਾਢੀ ਪ੍ਰਭਾਵਿਤ ਹੋਣ ਦੇ ਖ਼ਦਸ਼ੇ ਪ੍ਰਗਟਾਏ ਜਾ ਰਹੇ ਹਨ। ਪਰ ਨਾਲ ਹੀ ਇਹ ਵੀ ਸੁਣਨ ਵਿਚ ਆਇਆ ਹੈ ਕਿ ਕਿਸਾਨ ਆਪੋ ਵਿਚ ਹੀ ਸਾਂਝ-ਸਕੀਰੀ ਨਾਲ ਕਣਕ ਦੀ ਕਟਾਈ ਕਰ ਰਹੇ ਹਨ। ਮਾੜੀ ਕਿਸਾਨੀ ਵਾਲੇ ਸੂਟਿਡ-ਬੂਟਿਡ ਨੌਜਵਾਨ ਵੀ ਦਾਤੀਆਂ ਫੜ ਕੇ ਕਣਕ ਦੀ ਵਾਢੀ ਕਰ ਰਹੇ ਹਨ। ਪਿੰਡਾਂ ਵਿਚਲਾ ਭਾਈਚਾਰਾ ਤੇ ਸਹਿਚਾਰ ਮੁੜ ਸੁਰਜੀਤ ਹੋ ਰਿਹਾ ਜਾਪਦਾ ਹੈ।

ਮੀਡੀਆ ਦਾ ਇਕ ਵਰਗ ਵਿਸ਼ੇਸ਼ ਤਰਾਂ ਦੀਆਂ ਖ਼ਬਰਾਂ ਚਲਾ ਰਿਹਾ ਹੈ। ਕੋਰੋਨਾ ਦੀ ਤ੍ਰਾਸਦੀ ਕਾਰਨ ਭਾਰਤ ਤਾਂ ਕੀ ਪੂਰੇ ਵਿਸ਼ਵ ਦਾ ਅਰਥਚਾਰਾ ਆਰਥਿਕ ਮੰਦੀ ਦੀ ਝੋਲੀ ਵਿਚ ਡਿੱਗ ਪਿਆ ਹੈ। ਚੀਨ, ਅਮਰੀਕਾ ਕੋਰੋਨਾ ਵਾਰ ਲੜ ਰਹੇ ਹਨ। ਮਨੁੱਖਾਂ ਦੇ ਨਾਸ ਲਈ ਹੁਣ ਹਥਿਆਰਾਂ, ਪਰਮਾਣੂ ਬੰਬਾਂ ਦੀ ਲੋੜ ਨਹੀਂ, ਬਸ ਕੋਰੋਨਾ ਜਿਹੇ ਵਾਇਰਸ ਹੀ ਕਾਫ਼ੀ ਹਨ। ਬੇਵਜਾ ਭੱਜੇ ਜਾ ਰਹੇ ਮਨੁੱਖ ਨੂੰ ਕੋਰੋਨਾ ਵਾਇਰਸ ਨੇ ਨਿਊਟਰਲ ਗਿਅਰ ਵਿਚ ਲੈ ਆਂਦਾ ਹੈ। ਇਸ ਨੇ ਕਿਸੇ ਨਾਲ ਪੱਖਪਾਤ ਨਹੀਂ ਕੀਤਾ। ਵਿਸ਼ਵ ਦੇ ਸੁਪਰ ਪਾਵਰ ਦੇਸ਼ ਹੋਣ ਜਾਂ ਗ਼ਰੀਬ ਮੁਲਕ, ਸਿਹਤ ਵਿਵਸਥਾਵਾਂ ਵਿਚ ਆਧੁਨਿਕ ਦੇਸ਼ ਹੋਣ ਜਾਂ ਕਮਜ਼ੋਰ, ਕੋਰੋਨਾ ਨੇ ਕਿਸੇ ਨੂੰ ਵੀ ਨਹੀਂ ਬਖ਼ਸ਼ਿਆ।

# ਨਾਂਦੇੜ ਤੋਂ ਪਰਤੇ ਸ਼ਰਧਾਲੂਆਂ ਕੋਰੋਨਾ ਦਾ ਸ਼ਿਕਾਰ ਕਿਵੇਂ ਬਣੇ ?

**- ਸੁਰਿੰਦਰਪਾਲ ਸਿੰਘ ਗੋਲਡੀ**

ਪੰਜਾਬ ਵਿਚ ਕੋਰੋਨਾ ਵਾਇਰਸ ਦੇ ਵਧ ਰਹੇ ਮਾਮਲਿਆਂ ਨੂੰ ਲੈ ਕੇ ਕੈਪਟਨ ਸਰਕਾਰ ਬੁਰੀ ਤਰਾਂ ਘਿਰ ਗਈ ਹੈ। ਮਹਾਰਾਸ਼ਟਰ ਦੇ ਨਾਂਦੇੜ ਤੋਂ ਪਰਤੇ ਸ਼ਰਧਾਲੂਆਂ ਵਿਚ ਵੱਡੀ ਗਿਣਤੀ ਕੋਰੋਨਾ ਪੌਜ਼ੇਟਿਵ ਕੇਸ ਸਾਹਮਣੇ ਆ ਰਹੇ ਹਨ। ਅਜਿਹੇ ਵਿਚ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਚਵਨ ਨੇ ਇਲਜ਼ਾਮ ਲਾਇਆ ਕਿ ਨਾਂਦੇੜ ਵਿਚ ਕੋਰੋਨਾ ਪੰਜਾਬ ਦੀ ਗਲਤੀ ਨਾਲ ਫੈਲਿਆ ਹੈ।

ਦਰਅਸਲ ਨਾਂਦੇੜ ਵਿਚ ਗੁਰਦੁਆਰਾ ਲੰਗਰ ਸਾਹਿਬ ਵਿਚ ਕੋਰੋਨਾ ਦੇ 20 ਪੌਜ਼ੇਟਿਵ ਮਰੀਜ਼ ਮਿਲੇ ਹਨ ਜਿਸ ਤੋਂ ਬਾਅਦ ਗੁਰਦੁਆਰੇ ਦੇ ਬਾਹਰੀ ਇਲਾਕੇ ਨੂੰ ਪੂਰੀ ਤਰਾਂ ਸੀਲ ਕਰ ਦਿੱਤਾ ਗਿਆ ਹੈ। ਅਸ਼ੋਕ ਚਵਨ ਦਾ ਇਲਜ਼ਾਮ ਹੈ ਪੰਜਾਬ ਤੋਂ ਸ਼ਰਧਾਲੂਆਂ ਨੂੰ ਲੈਣ ਜੋ ਬੱਸਾਂ ਤੇ ਸਟਾਫ਼ ਆਇਆ ਉਨਾਂ ਜ਼ਰੀਏ ਹੀ ਨਾਂਦੇੜ ਵਿਚ ਕੋਰੋਨਾ ਵਾਇਰਸ ਫੈਲਿਆ ਹੈ।

ਬੀਤੀ 24 ਅਪ੍ਰੈਲ ਨੂੰ ਨਾਂਦੇੜ ਤੋਂ ਸ਼ਰਧਾਲੂਆਂ ਨੂੰ ਪੰਜਾਬ ਲਿਆਉਣ ਦਾ ਸਿਲਸਿਲਾ ਸ਼ੁਰੂ ਹੋਇਆ ਸੀ ਤੇ 26 ਅਪ੍ਰੈਲ ਨੂੰ ਪਹਿਲਾਂ ਜਥਾ ਆਇਆ। ਕਰੀਬ ਸਾਢੇ ਤਿੰਨ ਹਜ਼ਾਰ ਸ਼ਰਧਾਲੂ ਪੰਜਾਬ ਵਾਪਸ ਪਰਤੇ। ਪੰਜਾਬ ਵਿਚ ਇਸ ਵੇਲੇ ਕੁੱਲ 914 ਕੇਸ ਹਨ ਜਿਨਾਂ ਵਿਚੋਂ 496 ਇਕੱਲੇ ਨਾਂਦੇੜ ਤੋਂ ਪਰਤੇ ਸ਼ਰਧਾਲੂ ਹਨ ਜਦਕਿ ਸੈਂਕੜੇ ਸ਼ਰਧਾਲੂਆਂ ਦੀ ਰਿਪੋਰਟ ਆਉਣੀ ਬਾਕੀ ਹੈ।

### ਖੇਡੀ ਜਾ ਰਹੀ ਹੈ ਘਟੀਆ ਸਿਆਸਤ

ਵੱਡੀ ਗਿਣਤੀ ਵਿਚ ਸਿੱਖ ਸ਼ਰਧਾਲੂਆਂ ਦੇ ਨਮੂਨਿਆਂ ਦੇ ਨਤੀਜੇ ਪਾਜ਼ੀਟਿਵ ਆਉਣ ਬਾਰੇ ਸ਼ੱਕ ਤੇ ਸਵਾਲ ਉੱਠ ਰਹੇ ਹਨ ਤੇ ਸ਼ਰਧਾਲੂਆਂ ਨੂੰ ਹਜ਼ੂਰ ਸਾਹਿਬ ਤੋਂ ਲੈ ਕੇ ਆਉਣ ਤੇ ਠਹਿਰਾਉਣ ਅਤੇ ਗੁਰਸਿੱਖਾਂ ਨੂੰ ਸਰਕਾਰ ਵਲੋਂ ਡੇਰਿਆਂ ਵਿਚ ਰੱਖੇ ਜਾਣ ਬਾਰੇ ਰੋਸ ਪ੍ਰਗਟਾਵੇ ਸਾਹਮਣੇ ਆ ਰਹੇ ਹਨ ਪਰ ਸਰਕਾਰ ਨੇ ਹਾਲੇ ਤੱਕ ਅਜਿਹੇ ਮਾਮਲਿਆਂ ਨੂੰ ਹੱਲ ਕਰਨ ਲਈ ਕੋਈ ਸਪੱਸ਼ਟੀਕਰਨ ਨਾ ਦੇ ਕੇ ਸਿੱਖ ਜਗਤ ਵਿਚ ਸਰਕਾਰ ਪ੍ਰਤੀ ਰੋਸ ਵਧਾਇਆ ਹੈ। ਗੋਦੀ ਮੀਡੀਏ ਵਲੋਂ ਸਿੱਖ ਸ਼ਰਧਾਲੂਆਂ ਨੂੰ ਕਲੰਕਤ ਕਰਨ ਦੀ ਚੱਲ ਰਹੀ ਪ੍ਰਚਾਰਬਾਜ਼ੀ ਸਿੱਖ ਜਗਤ ਵਿਚ ਰੋਸ ਵਧਾ ਰਹੀ ਹੈ। ਸਿੱਖ ਸ਼ਰਧਾਲੂ ਡੇਰਿਆਂ ਦੇ ਸ਼ੈਡਾਂ ਹੇਠ ਦੁਪਹਿਰ ਨੂੰ ਗਰਮੀ ਵਿਚ ਭੁੱਜ ਰਹੇ ਹਨ ਤੇ ਰਾਤ ਨੂੰ ਮੱਛਰਾਂ ਦੇ ਹਵਾਲੇ ਹੋਣ ਕਾਰਨ ਪ੍ਰੇਸ਼ਾਨ ਹੋ ਰਹੇ ਹਨ। ਰੋਟੀ-ਪਾਣੀ ਤੇ ਸਿਹਤ ਸਹੂਲਤਾਂ ਦਾ ਵੀ ਉਚਿਤ ਪ੍ਰਬੰਧ ਨਹੀਂ ਹੈ। ਹਜ਼ੂਰ ਸਾਹਿਬ ਵਿਚ ਫਸੀ ਸੰਗਤ ਮਹੀਨਾ ਭਰ ਵਾਪਸ ਲਿਆਉਣ ਲਈ ਅਪੀਲਾਂ ਕਰਦੀ ਰਹੀ ਪਰ ਪੰਜਾਬ ਤੇ ਕੇਂਦਰ ਸਰਕਾਰ ਨੇ ਕਦੇ ਵੀ ਉਨਾਂ ਦੀ ਗੱਲ ਵਲ ਧਿਆਨ ਨਹੀਂ ਦਿੱਤਾ। ਅਚਾਨਕ 20 ਅਪ੍ਰੈਲ ਤੋਂ ਬਾਅਦ ਕੇਂਦਰੀ ਮੰਤਰੀ ਤੇ ਅਕਾਲੀ ਆਗੂ ਬੀਬਾ ਹਰਸਿਮਰਤ ਕੌਰ ਬਾਦਲ ਨੇ ਬਿਆਨ ਦੇਣੇ ਸ਼ੁਰੂ ਕਰ ਦਿੱਤੇ ਕਿ ਉਹ ਪ੍ਰਧਾਨ ਮੰਤਰੀ ਤੇ ਮਹਾਰਾਸ਼ਟਰ ਸਰਕਾਰ ਕੋਲ ਸ਼ਰਧਾਲੂਆਂ ਨੂੰ ਪੰਜਾਬ ਲਿਆਉਣ ਦਾ ਮਸਲਾ ਉਠਾ ਰਹੀ ਹੈ। ਮੁਕਾਬਲੇ ਵਿਚ ਪੰਜਾਬ ਦੇ ਮੁੱਖ ਮੰਤਰੀ ਨੇ ਵੀ ਕੇਂਦਰੀ ਗ੍ਰਹਿ ਮੰਤਰੀ ਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਚਿੱਠੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਕਾਂਗਰਸ ਤੇ ਅਕਾਲੀ ਆਗੂਆਂ ਵਿਚ ਸ਼ਰਧਾਲੂਆਂ ਨੂੰ ਪੰਜਾਬ ਲਿਆਉਣ ਦਾ ਸਿਹਰਾ ਬੰਨਣ ਦੀ ਦੌੜ ਸ਼ੁਰੂ ਹੋ ਗਈ। ਇਸੇ ਦੌੜ ਵਿਚ ਜਦ ਪੰਜਾਬ ਸਰਕਾਰ ਨੂੰ ਪਤਾ ਲੱਗਾ ਕਿ ਤਖ਼ਤ ਪ੍ਰਬੰਧਕ ਕੁੱਝ ਬੱਸਾਂ, ਟੈਂਪੂ ਟਰੈਵਲਰ ਭੇਜਣ ਲੱਗੇ ਹਨ ਤਾਂ ਪਛੜ ਨਾ ਜਾਣ ਦੇ ਡਰ ਵਿਚ ਪੰਜਾਬ ਸਰਕਾਰ ਨੇ ਵੀ ਬਿਨਾਂ ਕਿਸੇ ਵਿਉਂਤਬੰਦੀ ਤੇ ਪ੍ਰਬੰਧਾਂ ਦੇ 80 ਬੱਸਾਂ ਦਾ ਕਾਫ਼ਲਾ ਭੇਜ ਦਿੱਤਾ। ਇੱਥੇ ਪੁੱਜ ਕੇ ਸ਼ਰਧਾਲੂਆਂ ਨਾਲ ਕੀ ਵਾਪਰੀ ਇਸ ਗੱਲ ਦਾ ਸਭ ਨੂੰ ਪਤਾ ਲੱਗ ਹੀ ਗਿਆ ਹੈ ਤੇ 3 ਦਿਨ ਤੱਕ ਸ਼ਰਧਾਲੂ ਖਾਣ-ਪੀਣ ਤੇ ਸਾਫ਼-ਸਫ਼ਾਈ ਦੇ ਪ੍ਰਬੰਧਾਂ ਤੋਂ ਹੀ



ਵਾਂਝੇ ਰਹੇ। ਅਕਾਲੀ ਕਿਤੇ ਲਾਹਾ ਨਾ ਲੈ ਜਾਣ! ਇਸ ਕਰਕੇ ਸ਼ਰਧਾਲੂਆਂ ਨੂੰ ਗੁਰਦੁਆਰਿਆਂ ਵਿਚ ਭੇਜਣ ਦੀ ਥਾਂ ਰਾਧਾ ਸੁਆਮੀਆਂ ਦੇ ਡੇਰਿਆਂ ਤੇ ਕਾਲਜਾਂ ਦੇ ਹੋਸਟਲਾਂ ਵਿਚ ਠਹਿਰਾਉਣ ਨੂੰ ਤਰਜੀਹ ਦਿੱਤੀ ਗਈ। ਜਦ ਦੁਨੀਆ ਭਰ ਵਿਚ ਪੀੜਤਾਂ ਦੀ ਸੇਵਾ ਲਈ ਸਿੱਖ ਗੁਰਦੁਆਰਿਆਂ ਤੇ ਸੰਗਤਾਂ ਦੀ ਭਰਪੂਰ ਪ੍ਰਸੰਸਾ ਹੋ ਰਹੀ ਸੀ ਉਸੇ ਵੇਲੇ ਕੈਪਟਨ ਅਮਰਿੰਦਰ ਸਿੰਘ ਵਲੋਂ 24 ਅਪ੍ਰੈਲ ਨੂੰ ਆਪਣੇ ਵੀਡੀਓ ਸੰਦੇਸ਼ ਵਿਚ ਰਾਧਾ ਸੁਆਮੀ ਡੇਰੇ ਦੀ ਕੀਤੀ ਜਾ ਰਹੀ ਸੇਵਾ ਦੀ 3 ਵਾਰ ਪ੍ਰਸੰਸਾ ਕਰਨ ’ਤੇ ਸਿੱਖ ਗੁਰਦੁਆਰਿਆਂ ਤੇ ਸੰਗਤ ਦੀ ਸੇਵਾ ਦਾ ਨਾਂਅ ਤੱਕ ਵੀ ਨਾ ਲੈਣ ਤੋਂ ਤਾਂ ਕਈਆਂ ਦਾ ਮੱਥਾ ਉਦੋਂ ਹੀ ਠਣਕ ਗਿਆ ਸੀ ਕਿ ਮੁੱਖ ਮੰਤਰੀ ਸਿਆਸਤ ਖੇਡਣ ਦੇ ਰਾਹ ਪੈ ਗਏ ਹਨ। ਸ਼ਰਧਾਲੂਆਂ ਨੂੰ ਡੇਰਿਆਂ ਵਿਚ ਬਿਠਾ ਕੇ ਸਰਕਾਰ ਨੇ ਗੱਲ ਹੀ ਸਿਰੇ ਲਾ ਦਿੱਤੀ ਹੈ। ਅੰਮ੍ਰਿਤਸਰ ਦੇ ਵੇਰਕਾ ਡੇਰੇ ਵਿਚ ਰੱਖੇ ਅੰਮ੍ਰਿਤਧਾਰੀ ਸਿੱਖ ਜਸਵਿੰਦਰ ਸਿੰਘ ਫ਼ੌਜੀ ਕਹਿ ਰਹੇ ਸਨ ਕਿ ਸਾਨੂੰ ਪੰਥ ਵਿਰੋਧੀ ਡੇਰਿਆਂ ਵਿਚ ਠਹਿਰਾ ਕੇ ਸਰਕਾਰ ਨੇ ਗਲਤ ਕੰਮ ਕੀਤਾ ਹੈ। ਬਾਦਲ ਦਲ ਤੇ ਹੋਰ ਵੱਖ-ਵੱਖ ਅਕਾਲੀ ਦਲਾਂ ਵਲੋਂ ਸ਼ਰਧਾਲੂਆਂ ਨੂੰ ਡੇਰਿਆਂ ਵਿਚ ਰੱਖੇ ਜਾਣ ਬਾਰੇ ਧਾਰੀ ਚੁੱਪ ਵੀ ਸ਼ਰਧਾਲੂ ਸਿੱਖਾਂ ਦੇ ਮਨਾਂ ਵਿਚ ਵੱਡੀ ਚੀਸ ਪੈਦਾ ਕਰ ਰਹੀ ਹੈ। ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਅਕਾਲੀ ਲੀਡਰਸ਼ਿਪ ਨੇ ਨੇੜਲੇ ਇਤਿਹਾਸ ਤੋਂ ਵੀ ਕੋਈ ਸਬਕ ਨਹੀਂ ਲਿਆ ਜਦ ਇਕ ਡੇਰੇ ਦੀ ਤਰਫਦਾਰੀ ਕਰਦਿਆਂ ਆਪਣਾ ਹੀ ਝੁੱਗਾ ਚੌੜ ਕਰਵਾ ਲਿਆ ਸੀ ਤੇ ਹੁਣ ਹੋਰ ਡੇਰੇ ਨਾਲ ਪਾਲੀ ਜਾ ਰਹੀ ਲਿਹਾਜ਼ਦਾਰੀ ਫ਼ੇਰ ਮਹਿੰਗੀ ਪੈ ਸਕਦੀ ਹੈ। ਹਰਿਆਣਾ ਰਾਜ ਦੇ ਹਜ਼ੂਰ ਸਾਹਿਬ ਵਿਖੇ ਫਸੇ 452 ਸ਼ਰਧਾਲੂ ਪੰਜਾਬ ਦੀ ਸੰਗਤ ਦੇ ਨਾਲ ਹੀ ਰਹੇ ਸਨ ਤੇ ਵਾਪਸ ਆਏ ਹਨ। ਅੰਬਾਲਾ ਵਿਖੇ ਹਰਿਆਣਾ ਸਰਕਾਰ ਨੇ ਇਨਾਂ ਸਾਰੇ ਸ਼ਰਧਾਲੂਆਂ ਦੇ ਕੋਰੋਨਾ ਟੈਸਟ ਕਰਵਾਏ ਹਨ ਤੇ ਇਨਾਂ ਵਿਚੋਂ ਇਕ ਵੀ ਸ਼ਰਧਾਲੂ ਪਾਜ਼ੀਟਿਵ ਨਹੀਂ ਪਾਇਆ ਗਿਆ ਤੇ ਇਹ ਸ਼ਰਧਾਲੂ ਆਪੋ-ਆਪਣੇ ਜ਼ਿਲਿਆਂ ਵਿਚ ਭੇਜ ਕੇ ਇਕਾਂਤਵਾਸ ਕਰ ਦਿੱਤੇ ਗਏ ਹਨ। ਇਥੇ ਹੈਰਾਨੀ ਇਸ ਗੱਲ ਦੀ ਹੈ ਕਿ ਸਵਾ ਮਹੀਨਾ ਇਕੱਠੇ ਰਹੇ ਲੋਕਾਂ ਦੀ ਏਨੀ ਵੱਡੀ ਗਿਣਤੀ ਵਿਚੋਂ ਹਰਿਆਣਾ ਰਾਜ ਵਾਲੇ ਸ਼ਰਧਾਲੂਆਂ ਨੂੰ ਕੋਰੋਨਾ ਨੇ ਕੁਝ ਵੀ ਨਹੀਂ ਕਿਹਾ ਤੇ ਪੰਜਾਬ ਦੀ ਸੰਗਤ ਨੂੰ ਡੰਗਣ ਵਿਚ ਕਸਰ ਕੋਈ ਨਹੀਂ ਛੱਡੀ। ਪੰਜਾਬ ਵਿਚ ਸ਼ਰਧਾਲੂ ਪੀੜਤਾਂ ਦੀ ਗਿਣਤੀ 1000 ਤੋਂ ਟੱਪ ਗਈ ਹੈ ਤੇ ਅੱਧੇ ਸ਼ਰਧਾਲੂਆਂ ਦੇ ਨਤੀਜੇ ਅਜੇ ਆਉਣੇ ਹਨ।

### ਟੈਸਟ ਨਤੀਜਿਆਂ ਬਾਰੇ ਵੱਡੇ ਸਵਾਲ ?

ਸ਼ਰਧਾਲੂਆਂ ਦੇ ਨਮੂਨਿਆਂ ਦੇ ਆ ਰਹੇ ਨਤੀਜਿਆਂ ਵਿਚ ਵੀ ਵੱਡੀ ਗੜਬੜ ਸਾਹਮਣੇ ਆ ਰਹੀ ਹੈ। ਹਜ਼ੂਰ ਸਾਹਿਬ ਤੋਂ ਆਈ ਸੰਗਤ ਵੇਰਕਾ (ਅੰਮ੍ਰਿਤਸਰ) ਡੇਰੇ ਵਿਚ ਠਹਿਰਾਈ ਗਈ ਹੈ। ਇਹ ਸੰਗਤ 29 ਅਪ੍ਰੈਲ ਰਾਤ ਨੂੰ ਇੱਥੇ ਪੁੱਜੀ ਤੇ 30 ਅਪ੍ਰੈਲ ਸਵੇਰੇ 41 ਸ਼ਰਧਾਲੂਆਂ ਦੇ ਨਮੂਨੇ ਲਏ। 1 ਮਈ ਨੂੰ ਸ਼ਾਮ ਨਤੀਜੇ ਆਏ ਤਾਂ ਦੱਸਿਆ ਕਿ 9 ਪਾਜ਼ੀਟਿਵ ਹਨ ਤੇ 32 ਸ਼ਰਧਾਲੂਆਂ ਦੇ ਕੇਸ ਨੈਗੇਟਿਵ ਆਏ। ਪਾਜ਼ੀਟਿਵ ਆਏ ਸ਼ਰਧਾਲੂ ਉਸੇ ਸਮੇਂ ਸਿਵਲ ਹਸਪਤਾਲ ਦਾਖ਼ਲ ਕਰ ਲਏ ਪਰ ਹੈਰਾਨੀ ਇਸ ਗੱਲ ਦੀ ਹੋਈ ਕਿ ਕੋਈ ਨਵਾਂ ਟੈਸਟ ਕੀਤੇ ਬਗੈਰ ਸਿਹਤ ਅਧਿਕਾਰੀ 5 ਨੈਗੇਟਿਵ ਕਰਾਰ ਦਿੱਤੇ ਸ਼ਰਧਾਲੂਆਂ ਨੂੰ ਚੁੱਕ ਕੇ ਲੈ ਗਏ ਤੇ ਸਿਵਲ ਹਸਪਤਾਲ ਦਾਖ਼ਲ ਕਰਵਾ ਦਿੱਤਾ। ਪੰਜਾਂ ਸ਼ਰਧਾਲੂਆਂ ਵਿਚ ਸ਼ਾਮਿਲ ਪਿੰਡ ਖਲਚੀਆਂ ਦੇ ਜਸਵਿੰਦਰ ਸਿੰਘ ਫ਼ੌਜੀ ਤੇ ਖਡੂਰ ਸਾਹਿਬ ਦੇ ਬਲਵਿੰਦਰ ਸਿੰਘ ਨੇ ਹੈਰਾਨ ਹੁੰਦਿਆਂ ਕਿਹਾ ਕਿ 2 ਦਿਨ ਬਾਅਦ ਉਨਾਂ ਦੇ ਨਮੂਨੇ ਦਾ ਨਤੀਜਾ ਕਿਵੇਂ ਬਦਲ ਗਿਆ ? ਇਸ ਤਰਾਂ ਮੋਗਾ ਵਿਖੇ ਪੁੱਜੇ ਬਾਘਾ ਪੁਰਾਣਾ ਦੇ 5 ਸ਼ਰਧਾਲੂਆਂ ਦਾ ਕਿੱਸਾ ਵੀ ਬੜਾ ਅਜੀਬ ਹੈ। ਇਨਾਂ ਪੰਜਾਂ ਸ਼ਰਧਾਲੂਆਂ ਦੇ 1 ਮਈ ਨੂੰ ਨਤੀਜੇ ਨੈਗੇਟਿਵ ਆਏ ਪਰ 2 ਮਈ ਨੂੰ ਉਨਾਂ ਨੂੰ ਪਾਜ਼ੀਟਿਵ ਐਲਾਨ ਕੇ ਸਿਵਲ ਹਸਪਤਾਲ ਮੋਗਾ ਦਾਖ਼ਲ ਕਰ ਲਿਆ ਪਰ ਹੈਰਾਨੀ ਉਸ ਸਮੇਂ ਹੋਈ ਜਦ ਪੰਜਾਂ ਸ਼ਰਧਾਲੂਆਂ ਦੇ ਕੇਸ ਅੱਜ ਫੇਰ ਨੈਗੇਟਿਵ ਐਲਾਨ ਦਿੱਤੇ ਗਏ।

### ਕਈ ਕਾਮੇ ਵੀ ਪਾਏ ਗਏ ਪਾਜ਼ੀਟਿਵ

ਤਾਲਾਬੰਦੀ ਦੇ ਚੱਲਦੇ ਹੋਏ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਇਕ ਮਹੀਨੇ ਤੋਂ ਵੱਧ ਸਮਾਂ ਠਹਿਰਨ ਤੋਂ ਬਾਅਦ ਪੰਜਾਬ ਪਰਤੀ ਸੰਗਤ ਵਿਚੋਂ ਜਿੱਥੇ ਕਈਆਂ ਦੇ ਕੋਰੋਨਾ ਟੈੱਸਟ ਪਾਜ਼ੀਟਿਵ ਪਾਏ ਗਏ ਹਨ, ਉੱਥੇ ਮਹਾਰਾਸ਼ਟਰ ਦੀਆਂ ਮਿੱਲਾਂ ਵਿਚ ਕੰਮ ਕਰਨ ਵਾਲੇ ਕਈ ਕਾਮਿਆਂ ਦੇ ਕੋਰੋਨਾ ਟੈੱਸਟ ਵੀ ਪਾਜ਼ੀਟਿਵ ਆਏ ਹਨ, ਜੋ ਹਜ਼ੂਰ ਸਾਹਿਬ ਦੀ ਸੰਗਤ ਨਾਲ ਹੀ ਬੱਸਾਂ ਰਾਹੀਂ ਪੰਜਾਬ ਪਰਤੇ ਸਨ। ਹਾਲਾਂਕਿ ਇਨਾਂ ਦੀ ਕੋਈ ਜਾਂਚ ਵੀ ਨਹੀਂ ਹੋਈ। ਸਮਝਿਆ ਜਾਂਦਾ ਹੈ ਕਿ ਸ਼ਰਧਾਲੂ ਸਿੱਖ ਇਨਾਂ ਕਾਰਨ ਕੋਰੋਨਾ ਦੇ ਸ਼ਿਕਾਰ ਹੋਏ ਹਨ। ਕੋਰੋਨਾ ਟੈੱਸਟਾਂ ਦੀ ਤਾਜ਼ੀਆਂ ਰਿਪੋਰਟਾਂ ਆਉਣ ਤੋਂ ਬਾਅਦ ਇਹ ਸਾਹਮਣੇ ਆਇਆ ਹੈ ਕਿ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਅਤੇ ਹੁਸ਼ਿਆਰਪੁਰ ਦੇ ਕਈ ਪਾਜ਼ੀਟਿਵ ਪਾਏ ਗਏ ਵਿਅਕਤੀ, ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਨਹੀਂ ਸਗੋਂ ਮਹਾਰਾਸ਼ਟਰ ਦੀਆਂ ਕਾਟਨ ਮਿੱਲਾਂ ਵਿਚ ਰੋਜ਼ੀ-ਰੋਟੀ ਲਈ ਗਏ ਹੋਏ ਸਨ। ਮਹਾਰਾਸ਼ਟਰ ਵਿਚ ਰੋਜ਼ੀ ਰੋਟੀ ਲਈ ਗਏ ਪਵਨ ਕੁਮਾਰ ਨਾਂਅ ਦੇ ਵਿਅਕਤੀ ਨੇ ਦੱਸਿਆ ਕਿ ਜਦੋਂ ਸਾਨੂੰ ਬੱਸਾਂ ਰਾਹੀਂ ਸ੍ਰੀ ਹਜ਼ੂਰ ਸਾਹਿਬ ਦੀ ਸੰਗਤ ਨੂੰ ਵਾਪਸ ਲਿਜਾਏ ਜਾਣ ਦੀ ਖ਼ਬਰ ਦਾ ਪਤਾ ਚੱਲਿਆ ਤਾਂ ਅਸੀਂ 200 ਕਿੱਲੋਮੀਟਰ ਦੇ ਕਰੀਬ ਸਫ਼ਰ ਤੈਅ ਕਰਕੇ ਸੰਗਤ ਦੀ ਵਾਪਸੀ ਤੋਂ ਦੋ ਦਿਨ ਪਹਿਲਾਂ ਹੀ ਸ੍ਰੀ ਹਜ਼ੂਰ ਸਾਹਿਬ ਪਹੁੰਚ ਗਏ ਸੀ ਤੇ ਉੱਥੇ ਠਹਿਰਨ ਤੋਂ ਬਾਅਦ ਹੀ ਸੰਗਤ ਦੇ ਨਾਲ ਹੀ ਬੱਸਾਂ ਰਾਹੀਂ ਸਾਰੇ ਸਾਥੀ ਪੰਜਾਬ ਪਹੁੰਚ ਗਏ। ਹੁਣ ਜਦੋਂ ਹਜ਼ੂਰ ਸਾਹਿਬ ਤੋਂ ਬੱਸਾਂ ਰਾਹੀਂ ਪਰਤੀ ਸੰਗਤ ਅਤੇ ਇਨਾਂ ਕਾਮਿਆਂ ਦੇ ਕੋਰੋਨਾ ਟੈੱਸਟਾਂ ਤੇ ਨਤੀਜੇ ਸਾਹਮਣੇ ਆਏ ਹਨ ਤਾਂ ਕਈ ਕਾਮਿਆਂ ਦੇ ਪਾਜ਼ੀਟਿਵ ਆਉਣ ਤੋਂ ਬਾਅਦ ਕਈ ਲੋਕਾਂ ਵਲੋਂ ਸੋਸ਼ਲ ਮੀਡੀਆ ’ਤੇ ਮਹਾਰਾਸ਼ਟਰ ਵਿਚ ਮਜ਼ਦੂਰੀ ਕਰਨ ਗਏ ਕਾਮਿਆਂ ਦੇ ਪਾਜ਼ੀਟਿਵ ਪਾਏ ਜਾਣ ਨੂੰ ਲੈ ਕੇ ਸਰਕਾਰ ਤੋਂ ਸਥਿਤੀ ਸਪਸ਼ਟ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਇਨਾਂ ਕਾਮਿਆਂ ਵਿਚ ਸ਼ਹੀਦ ਭਗਤ ਸਿੰਘ ਨਗਰ ਜ਼ਿਲੇ ਦੇ ਹਲਕਾ ਬਲਾਚੌਰ ਦੇ ਕਈ ਵਿਅਕਤੀਆਂ ਅਤੇ ਹੁਸ਼ਿਆਰਪੁਰ ਜ਼ਿਲੇ ਦੇ ਹਲਕਾ ਗੜਸ਼ੰਕਰ ਦੇ 3 ਵਿਅਕਤੀਆਂ ਦੇ ਪਾਜ਼ੀਟਿਵ ਪਾਏ ਜਾਣ ਦੀ ਖ਼ਬਰ ਹੈ।

ਹੁਸ਼ਿਆਰਪੁਰ ਖੇਤਰ ਨਾਲ ਜੁੜੇ ਇੱਕ ਸੇਵਾ ਮੁਕਤ ਬ੍ਰਿਗੇਡੀਅਰ ਰਾਜ ਕੁਮਾਰ, ਜੋ ਕਿ ਬਲਾਚੌਰ ਦੇ ਹਲਕਾ ਇੰਚਾਰਜ ਵਾਂਗੂੰ ਵਿਚਰਦੇ ਹਨ, ਦੁਆਰਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਲਿਖੀ ਦੱਸੀ ਜਾਂਦੀ ਇੱਕ ਪਤਰਿਕਾ ਨੇ ਨੰਦੇੜ ਤੋਂ ਆਏ ਸ਼ਰਧਾਲੂਆਂ ਤੇ ਦੂਸਰੇ ਕੰਮਕਾਜੀ ਯਾਤਰੂਆਂ ਬਾਰੇ ਅੰਕੜੇ ਹੀ ਸਾਫ ਕਰ ਦਿੱਤੇ ਹਨ। ਬ੍ਰਿਗੇਡੀਅਰ ਸਾਹਿਬ ਦੁਆਰਾ ਬੀਬਾ ਹਰਸਿਮਰਤ ਬਾਦਲ ਨੂੰ ਲਿਖੀ 24 ਅਪ੍ਰੈਲ 2020 ਦੀ ਚਿੱਠੀ ਕਪਾਹ ਉਤਪਾਦਨ ਨਾਲ ਜੁੜੀਆਂ ਫੈਕਟਰੀਆਂ ਵਿੱਚ ਕੰਮ ਕਰਦੇ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਲਾਕਡਾਉਨ ਕਾਰਣ ਉਥੇ ਫਸੇ ਲੋਕਾਂ ਦਾ ਦਰਦ ਬਿਆਨ ਰਹੀ ਹੈ। ਗੁਰਦੁਆਰਾ ਲੰਗਰ ਸਾਹਿਬ ਨੰਦੇੜ ਦੇ ਮੁਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ, ਬਾਬਾ ਨਰਿੰਦਰ ਸਿੰਘ ਵਾਰ-ਵਾਰ ਕਹਿ ਰਹੇ ਸਨ ਕਿ ਨੰਦੇੜ ਵਿਖੇ ਰੁਕੀ ਸੰਗਤ ਦੀ ਸਕਰੀਨਿੰਗ ਕਰਵਾਈ ਗਈ ਸੀ। ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਅਕਾਲ ਤਖ਼ਤ ਨੇ ਕਿਹਾ ਹੈ ਕਿ ਮੈਨੂੰ ਇਹ ਸਾਜ਼ਿਸ਼ ਜਾਪਦੀ ਹੈ। ਇਸ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਇਸ ਸਾਜ਼ਿਸ਼ ਪਿੱਛੇ ਕੌਣ ਹੈ। ਜੋ ਕੁਝ ਮੀਡੀਆ ਵਾਲੇ ਸੰਗਤਾਂ ਨੂੰ ਬਦਨਾਮ ਕਰ ਰਹੇ ਹਨ, ਉਨਾਂ ਉੱਪਰ ਕੇਸ ਹੋਣੇ ਚਾਹੀਦੇ ਹਨ।

# ਕੋਰੋਨਾ ਵਾਇਰਸ ਤੋਂ ਭੈਅ ਮੁਕਤ ਰਹੋ, ਬੇਰੁਜ਼ਗਾਰੀ ਦਾ ਸਾਹਮਣਾ ਕਰੋ

**- ਰਜਿੰਦਰ ਸਿੰਘ**

ਕੋਰੋਨਾ ਵਾਇਰਸ ਨੇ ਸਿਰਫ ਇੰਗਲੈਂਡ, ਅਮਰੀਕਾ, ਯੂਰਪ, ਭਾਰਤ ਵਿਚ ਹੀ ਨਹੀਂ, ਬਲਕਿ ਵਿਸ਼ਵ ਅਰਥਚਾਰੇ ਦੀ ਸਥਿਤੀ ਵੀ ਮਾੜੀ ਕਰ ਦਿੱਤੀ ਹੈ। ਵਿਸ਼ਵ ਬੈਂਕ ਦੇ ਅਨੁਮਾਨ ਦੇ ਅਨੁਸਾਰ ਵਿੱਤੀ ਸਾਲ 2019 - 20 ਵਿਚ ਭਾਰਤੀ ਆਰਥਿਕਤਾ ਦੀ ਵਿਕਾਸ ਦਰ ਘੱਟ ਕੇ ਮਹਿਜ਼ 5% ਸੀ, ਜੋ ਕਿ ਹੁਣ ਸਿਰਫ 2.8% ’ਤੇ ਆ ਜਾਵੇਗੀ। ਸਿਰਫ ਭਾਰਤ ਵਿਚ ਹੀ ਨਹੀਂ, ਵਿਸ਼ਵ ਦੇ ਕਾਫੀ ਦੇਸਾਂ ਦੇ ਕਾਰਖਾਨੇ, ਦਫਤਰ, ਮਾਲ, ਕਾਰੋਬਾਰ ਆਦਿ ਸਾਰੇ ਬੰਦ ਹਨ। ਘਰੇਲੂ ਸਪਲਾਈ ਅਤੇ ਮੰਗ ਪ੍ਰਭਾਵਿਤ ਹੋਣ ਕਾਰਨ ਆਰਥਿਕ ਵਿਕਾਸ ਦੀ ਦਰ ਪ੍ਰਭਾਵਿਤ ਹੋਈ ਹੈ। ਜੇਕਰ ਸਥਿਤੀ ਇਹੀ ਰਹਿੰਦੀ ਹੈ ਤਾਂ ਆਰਥਿਕ ਰਫਤਾਰ ਬਹੁਤ ਸੁਸਤ ਰਹੇਗੀ। ਆਰਥਿਕ ਮਾਹਿਰ ਇਹ ਆਖ ਰਹੇ ਹਨ ਕਿ ਭਾਰਤ ਨੂੰ ਇਸ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਜਲਦ ਤੋਂ ਜਲਦ ਵਧੇਰੇ ਪ੍ਰਭਾਵਸ਼ਾਲੀ ਕਦਮ ਚੁੱਕਣੇ ਪੈਣਗੇ।

ਵਿਸ਼ਵ ਬੈਂਕ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਮਹਾਂਮਾਰੀ ਦੇ ਕਾਰਨ, ਸਿਰਫ ਭਾਰਤ ਹੀ ਨਹੀਂ, ਬਲਕਿ ਪੂਰੇ ਦੱਖਣੀ ਏਸ਼ੀਆ ਗਰੀਬੀ ਤੇ ਭੁੱਖਮਰੀ ਹੋਰ ਪਸਰ ਸਕਦੀ ਹੈ। ਅੰਤਰਰਾਸ਼ਟਰੀ ਲੇਬਰ ਆਰਗੇਨਾਈਜ਼ੇਸ਼ਨ ਨੇ ਕਿਹਾ ਸੀ ਕਿ ਕੋਰੋਨਾ ਵਾਇਰਸ ਸਿਰਫ ਵਿਸ਼ਵਵਿਆਪੀ ਸਿਹਤ ਸੰਕਟ ਨਹੀਂ ਸੀ, ਬਲਕਿ ਇਹ ਇੱਕ ਵੱਡਾ ਲੇਬਰ ਮਾਰਕੀਟ ਦੀ ਬੇਰੁਜ਼ਗਾਰੀ ਅਤੇ ਆਰਥਿਕ ਸੰਕਟ ਵੀ ਬਣ ਗਿਆ ਹੈ। ਇਹ ਸੰਕਟ ਲੋਕਾਂ ਨੂੰ ਵੱਡੇ ਪੱਧਰ ’ਤੇ ਪ੍ਰਭਾਵਤ ਕਰੇਗਾ। ਗਲੋਬਲ ਜੀਡੀਪੀ ਰੋਜ਼ਾਨਾ ਦਰਜ ਕੀਤਾ ਜਾ ਰਿਹਾ ਹੈ ਕਿ ਲੱਖਾਂ ਲੋਕਾਂ ਨੇ ਆਪਣਾ ਰੁਜ਼ਗਾਰ ਗੁਆ ਦਿੱਤਾ ਹੈ। ਅੰਤਰਰਾਸ਼ਟਰੀ ਮੁਦਰਾ ਫੰਡ ਨੇ ਕਿਹਾ ਹੈ ਕਿ 90 ਦੇਸ਼ ਵਰਲਡ ਬੈਂਕ ਤੋਂ ਮਦਦ ਮੰਗ ਰਹੇ ਹਨ। ਹਵਾਬਾਜ਼ੀ ਖੇਤਰ ਵਿਚ 50 ਪ੍ਰਤੀਸ਼ਤ ਤਨਖਾਹ ਘਟਾਉਣ ਦੀ ਖ਼ਬਰ ਪਹਿਲਾਂ ਹੀ ਆ ਚੁੱਕੀ ਹੈ। ਰੈਸਟੋਰੈਂਟ ਬੰਦ ਹਨ, ਲੋਕ ਬਾਹਰ ਖਾਣ ਪੀਣ ਨਹੀਂ ਜਾ ਰਹੇ। ਉਹ ਨਵੀਂ ਚੀਜ਼ਾਂ ਨਹੀਂ ਖਰੀਦ ਰਹੇ, ਪਰ ਕੰਪਨੀਆਂ ਨੂੰ ਕਿਰਾਇਆ, ਤਨਖਾਹ ਅਤੇ ਹੋਰ ਖਰਚੇ ਅਦਾ ਕਰਨੇ ਪੈ ਰਹੇ ਹਨ। ਕੰਪਨੀਆਂ ਇਹ ਘਾਟਾ ਜ਼ਿਆਦਾ ਦੇਰ ਤੱਕ ਨਹੀਂ ਸਹਿ ਸਕਣਗੀਆਂ ਅਤੇ ਇਸ ਦਾ ਸਿੱਧਾ ਅਸਰ ਨੌਕਰੀਆਂ ’ਤੇ ਪਵੇਗਾ।

ਵਿਸ਼ਵ ਬੈਂਕ ਦੇ ਮੁੱਖ ਅਰਥ ਸ਼ਾਸਤਰੀ ਹੰਸ ਟਿਮਰ ਨੇ ਕਿਹਾ ਕਿ ਭਾਰਤ ਦਾ ਦ੍ਰਿਸ਼ ਚੰਗਾ ਨਹੀਂ ਹੈ। ਟਿਮਰ ਨੇ ਕਿਹਾ ਕਿ ਜੇ ਭਾਰਤ ਵਿੱਚ ਤਾਲਾਬੰਦੀ ਵਧੇਰੇ ਸਮੇਂ ਤੱਕ ਜਾਰੀ ਰਹੀ ਤਾਂ ਇੱਥੋਂ ਦੇ ਆਰਥਿਕ ਨਤੀਜੇ ਵਿਸ਼ਵ ਬੈਂਕ ਦੇ ਅਨੁਮਾਨਾਂ ਨਾਲੋਂ ਵੀ ਮਾੜੇ ਹੋ ਸਕਦੇ ਹਨ। ਬ੍ਰਿਟੇਨ ਦੀ ਸਰਕਾਰ ਨੇ 400 ਬਿਲੀਅਨ ਡਾਲਰ ਦਾ ਪੈਕੇਜ ਲਿਆਂਦਾ ਹੈ ਜਿਸ ਵਿੱਚ ਟੈਕਸ ਰਿਆਇਤਾਂ, ਕਾਰੋਬਾਰਾਂ ਨੂੰ ਸਸਤੇ ਕਰਜ਼ੇ, ਕਈ ਕਿਸਮਾਂ ਦੀਆਂ ਗ੍ਰਾਂਟਾਂ ਸ਼ਾਮਲ ਹਨ, ਜੋ ਦੇਸ਼ ਦੇ ਜੀਡੀਪੀ ਦਾ 15 ਪ੍ਰਤੀਸ਼ਤ ਹਨ। ਬੈਂਕ ਆਫ ਇੰਗਲੈਂਡ ਵਿਆਜ ਦਰਾਂ ਨੂੰ ਘਟਾ ਕੇ ਬਾਜ਼ਾਰ ਵਿਚ ਤੇਜ਼ੀ ਲਿਆਉਣਾ ਚਾਹੁੰਦਾ ਹੈ। ਭਾਰਤ ਨੇ ਵੀ ਸਾਰੇ ਬੈਂਕਾਂ ਨੂੰ ਕਿਹਾ ਗਿਆ ਹੈ ਕਿ ਉਹ ਸਾਰੇ ਕਰਜ਼ਿਆਂ (ਕਿਸ਼ਤੀ ਰਿਹਾਇਸ਼ਾਂ, ਕਾਰਾਂ, ਕ੍ਰੈਡਿਟ ਕਾਰਡਾਂ) ’ਤੇ ਕਿਸ਼ਤਾਂ ਦੀ ਅਦਾਇਗੀ ਨੂੰ ਤਿੰਨ ਮਹੀਨਿਆਂ ਲਈ ਮੁਲਤਵੀ ਕਰਨ। ਵਿਆਜ ਦਰਾਂ ਵਿਚ ਬੇਮਿਸਾਲ ਕਮੀ ਆਈ ਹੈ। ਭਾਰਤ ਸਰਕਾਰ ਮਜ਼ਦੂਰਾਂ, ਛੋਟੇ ਕਾਰੋਬਾਰੀਆਂ ਅਤੇ ਕੋਰੋਨਾ ਵਿੱਚ ਨੌਕਰੀਆਂ ਗੁਆਉਣ ਵਾਲਿਆਂ ਨੂੰ ਕੋਈ ਸਿੱਧੀ ਸਹਾਇਤਾ ਨਹੀਂ ਦੇ ਸਕੀ ਹੈ। ਇਸ ਤੋਂ ਸਾਫ ਜ਼ਾਹਿਰ ਹੈ ਕਿ ਭਾਰਤ ਦੀ ਆਰਥਿਕ ਹਾਲਤ ਮੰਦੀ ਹੈ। ਸੰਯੁਕਤ ਰਾਸ਼ਟਰ ਦੀ ਕਿਰਤ ਇਕਾਈ ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਨੇ ਵਾਇਰਸ ਮਹਾਂਮਾਰੀ ਕਾਰਨ ਲੋਕਾਂ ਦੇ ਨੌਕਰੀਆਂ ਗੁਆਉਣ ਦੀ ਭਵਿੱਖਬਾਣੀ ਕੀਤੀ ਹੈ। ਸੰਗਠਨ ਦੇ ਅਨੁਸਾਰ ਅਪ੍ਰੈਲ ਤੋਂ ਜੂਨ ਤਕ ਸਿਰਫ਼ ਤਿੰਨ ਮਹੀਨਿਆਂ ਵਿਚ ਲਗਭਗ 30.5 ਕਰੋੜ ਲੋਕਾਂ ਦੀ ਨੌਕਰੀ ਖ਼ਤਮ ਹੋ ਸਕਦੀ ਹੈ। ਸੰਗਠਨ ਨੇ ਕਿਹਾ ਕਿ ਮਹਾਂਮਾਰੀ ਕਾਰਨ ਗੈਰ-ਰਸਮੀ ਸੈਕਟਰ ਦੇ 1.6 ਅਰਬ ਕਾਮਿਆਂ ਨੂੰ ਰੋਜ਼ੀ-ਰੋਟੀ ਦਾ ਖ਼ਤਰਾ ਪੈਦਾ ਹੋ ਚੁੱਕਾ ਹੈ, ਕਿਉਂਕਿ ਮਹਾਂਮਾਰੀ ਕਾਰਨ ਉਨਾਂ ਦੀ ਰੋਜ਼ੀ-ਰੋਟੀ ਦਾ ਸਾਧਨ ਬੰਦ ਹੋ ਚੁੱਕਾ ਹੈ। ਇਹ ਪੂਰੀ ਦੁਨੀਆ ਦੇ 3.3 ਅਰਬ ਮੁਲਾਜ਼ਮਾਂ ਦਾ ਅੱਧਾ ਹਿੱਸਾ ਹੈ। ਦੂਜੇ ਪਾਸੇ ਜੇ ਅਸੀਂ ਭਾਰਤ ਦੀ ਗੱਲ ਕਰੀਏ ਤਾਂ ਦੇਸ਼ ਭਰ ਵਿਚ ਫੈਲੀ ਕੋਰੋਨਾ ਮਹਾਂਮਾਰੀ ਅਤੇ ਇਸ ਦੇ ਨਤੀਜੇ ਵਜੋਂ ਲੌਕਡਾਊਨ ਨਾਲ ਬੇਰੁਜ਼ਗਾਰੀ ਦੀ ਦਰ ਵੱਧ ਕੇ 23.4% ਤਕ ਪਹੁੰਚ ਗਈ ਹੈ। ਸੀਐਮਆਈਈ ਦੀ ਰਿਪੋਰਟ ਦੇ ਅਨੁਸਾਰ ਲੌਕਡਾਊਨ ਨਾਲ ਭਾਰਤ ਦੀ ਸ਼ਹਿਰੀ ਬੇਰੁਜ਼ਗਾਰੀ ਦਰ 30.9% ਤਕ ਵੱਧ ਸਕਦੀ ਹੈ। ਹਾਲਾਂਕਿ ਕੁੱਲ ਬੇਰੁਜ਼ਗਾਰੀ 23.4% ਤਕ ਵਧਣ ਦਾ ਅਨੁਮਾਨ ਹੈ। ਇਹ ਰਿਪੋਰਟ ਅਰਥਚਾਰੇ ’ਤੇ ਕੋਰੋਨਾ ਦੇ ਮਾੜੇ ਪ੍ਰਭਾਵਾਂ ਨੂੰ ਦਰਸਾਉਂਦੀ ਹੈ। ਯਾਦ ਰੱਖੋ ਕਿ ਇਹ ਹਾਲਾਤ ਤੁਹਾਡੇ ਕਾਰਨ ਨਹੀਂ ਆਏ. ਆਪਣੇ ਆਪ ਨੂੰ ਦੋਸ਼ੀ ਨਾ ਸਮਝੋ। ਆਪਣਾ ਮਨੋਬਲ ਉੱਪਰ ਚੁੱਕੋ ਤੇ ਚੜਦੀ ਕਲਾ ਵਿਚ ਰਹੋ, ਰਸਤਾ ਦਿਖਾਈ ਨਹੀਂ ਦੇਵੇਗਾ। ਘੱਟੋ ਘੱਟ ਖਰਚ ਕਰੋ. ਆਪਣੀਆਂ ਮਾਨਸਿਕ ਪ੍ਰੇਸ਼ਾਨੀਆਂ ਬਾਰੇ ਇਕੱਲੇ ਨਾ ਰਹੋ। ਦੋਸਤਾਂ ਤੇ ਰਿਸ਼ਤੇਦਾਰਾਂ ਨਾਲ ਗੱਲਬਾਤ ਕਰੋ। ਤੁਸੀਂ ਸਭ ਦੇ ਨਾਲ ਹੋ, ਪਰ ਹਨੇਰਿਆਂ ਨਾਲ ਟਕਰਾਉਣ ਤੇ ਮੁਸੀਬਤਾਂ ਭਰੇ ਪਹਾੜਾਂ ਨੂੰ ਕੱਟਣ ਦਾ ਜਿਗਰਾ ਰੱਖੋ। ਤੁਸੀਂ ਇਕ ਵਾਰ ਹੋਰ ਜ਼ੀਰੋ ਤੋਂ ਆਰੰਭ ਕਰਕੇ ਕਿਤੇ ਪਹੁੰਚੋਗੇ।

# ਸਪੈਨਿਸ਼ ਲੋਕਾਂ ਲਈ ਫਰਿਸ਼ਤਾ ਬਣੀ ਪੰਜਾਬੀਆਂ ਦੀ ਸੰਸਥਾ ਵੀਰ ਖ਼ਾਲਸਾ

## ਰੈੱਡ ਕਰਾਸ ਤੇ ਮਿਊਂਸਪਲ ਕਮੇਟੀ ਦੀ ਮੱਦਦ ਨਾਲ ਘਰਾਂ 'ਚ ਪਹੁੰਚਾਇਆ ਜਾ ਰਿਹਾ ਰਾਸ਼ਨ

**ਜਲੰਧਰ/ਅਮਰਜੀਤ ਸਿੰਘ ਨਿੱਝਰ:** ਚੀਨ ਦੇ ਵੂਹਾਨ ਸ਼ਹਿਰ ਤੋਂ ਸ਼ੁਰੂ ਹੋਇਆ ਕੋਰੋਨਾ ਵਾਇਰਸ ਜਿੱਥੇ ਦਿਨ-ਬ-ਦਿਨ ਪੂਰੀ ਦੁਨੀਆਂ ਵਿੱਚ ਤੇਜ਼ੀ ਨਾਲ ਪੈਰ ਪਸਾਰਦਾ ਜਾ ਰਿਹਾ ਹੈ ਤੇ ਇਸ ਦੀ ਚਪੇਟ ਵਿੱਚ ਹੁਣ ਤੱਕ ਕਰੀਬ 31 ਲੱਖ 70 ਹਜਾਰ ਤੋਂ ਵੱਧ ਲੋਕ ਆ ਕੇ ਇਸ ਤੋਂ ਬੁਰੀ ਤਰਾਂ ਨਾਲ ਪ੍ਰਭਾਵਿਤ ਹੋ ਚੁੱਕੇ ਹਨ ਤੇ ਮੌਤਾਂ ਦਾ ਅੰਕੜਾ ਵੀ 2.20 ਲੱਖ ਦੇ ਕਰੀਬ ਪਹੁੰਚ ਗਿਆ ਹੈ । ਸਪੇਨ 2 ਲੱਖ 36 ਹਜਾਰ 899 ਮਰੀਜ਼ਾਂ ਨਾਲ ਦੂਸਰੇ ਨੰਬਰ 'ਤੇ ਚੱਲ ਰਿਹਾ ਹੈ ਤੇ ਇਸ ਬਿਮਾਰੀ ਕਾਰਨ ਉੱਥੇ ਮੌਤਾਂ ਦੀ ਗਿਣਤੀ 24 ਹਜ਼ਾਰ 275 ਹੋ ਚੁੱਕੀ ਹੈ । ਇਸ ਬਿਮਾਰੀ ਦੇ ਕਾਰਨ ਜਿੱਥੇ ਵਿਸ਼ਵ ਭਰ ਵਿੱਚ ਮਨੁੱਖੀ ਜ਼ਿੰਦਗੀ ਦੀ ਚਾਲ ਇੱਕ ਤਰਾਂ ਨਾਲ ਰੁਕ ਗਈ ਹੈ, ਜਿਸ ਦੌਰਾਨ ਕੰਮਕਾਰ ਠੱਪ ਹੋ ਜਾਣ ਕਾਰਨ ਲੋਕ ਰੋਟੀ-ਪਾਣੀ ਤੋਂ ਵੀ ਆਵਾਜਾਰ ਹੋ ਗਏ ਹਨ ਤੇ ਕੋਰੋਨਾ ਤੋਂ ਪ੍ਰਭਾਵਿਤ ਹੋਣ ਕਾਰਨ ਲੋਕਾਂ ਨੂੰ ਜਿੱਥੇ ਸਰਕਾਰਾਂ ਆਪੋ -ਆਪਣੇ ਪੱਧਰ 'ਤੇ ਉਨਾਂ ਦੀਆਂ ਰੋਜ਼ਮਰਾਂ ਦੀਆਂ ਜਰੂਰੀ ਲੋੜਾਂ ਨੂੰ ਪੂਰਾ ਕਰ ਰਹੀਆਂ ਹਨ, ਉੱਥੇ ਹੀ ਸਪੈਨਿਸ਼ ਲੋਕਾਂ ਲਈ ਵੀ ਪੰਜਾਬੀਆਂ ਤੇ ਖਾਸਕਰ ਸਿੱਖ ਨੌਜਵਾਨਾਂ ਵੱਲੋਂ ਬਣਾਈ ਗਈ ਸੰਸਥਾ ਵੀਰ ਖ਼ਾਲਸਾ ਗਰੁੱਪ ਮਸੀਹਾ ਬਣ ਕੇ ਬਹੁੜ ਰਹੀ ਹੈ। ਜਿਸ ਵੱਲੋਂ ਸ਼ਹਿਰਾਂ ਤੇ ਦੂਰ -ਦੁਰੇਡੇ ਦੇ ਪੇਂਡੂ ਇਲਾਕਿਆਂ ਤੱਕ ਪਹੁੰਚ ਕਰਕੇ ਲੋਕਾਂ ਨੂੰ ਰੋਜ਼ਮਰਾਂ ਦੀਆਂ ਜੋ ਜ਼ਰੂਰੀ ਵਸਤਾਂ ਹਨ, ਉਪਲਬਧ ਕਰਵਾਈਆਂ ਜਾ ਰਹੀਆਂ ਹਨ।

ਸਮਾਜ ਸੇਵਾ ਲਈ ਸਪੇਨ ਦੀ ਵਿਦੇਸ਼ੀ ਧਰਤੀ 'ਤੇ ਇੱਕ ਜੰਗਜੂ ਯੋਧੇ ਵਜੋਂ ਉੱਭਰੇ ਸਿੱਧਵਾਂ ਦੋਨਾ ਦੇ ਜੰਮਪਲ ਨੌਜਵਾਨ ਅਮਰੀਕ ਸਿੰਘ ਸਪੇਨ , ਜੋ ਕਿ ਵੀਰ ਖਾਲਸਾ ਗਰੁੱਪ ਦੇ ਫਾਊਂਡਰ ਮੈਂਬਰ ਹਨ, ਨੇ ਫੋਨ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਉਨਾਂ ਨੇ 5-7 ਸਾਥੀਆਂ ਸਮੇਤ ਕੁਝ ਮਹੀਨੇ ਪਹਿਲਾਂ ਹੀ ਅਕਾਲ ਪੁਰਖ ਦਾ ਓਟ ਆਸਰਾ ਲੈ ਕੇ ਇਹ ਸੰਸਥਾ ਵੀਰ ਖ਼ਾਲਸਾ ਗਰੁੱਪ ਸਪੇਨ ਖੜੀ ਕਰਕੇ ਸੋਸ਼ਲ ਮੀਡੀਆ ਉੱਤੇ ਲੋਕਾਈ ਦੀ ਮੱਦਦ ਕਰਨ ਬਾਰੇ ਜਾਣਕਾਰੀ ਸਾਂਝੀ ਕੀਤੀ ਸੀ ਤੇ ਸੇਵਾ ਕਾਰਨ ਮਹੀਨੇ ਤੋਂ ਉੱਪਰ ਦਾ ਸਮਾਂ ਉਨਾਂ ਨੂੰ ਹੋ ਚੁੱਕਾ ਹੈ ਕਿ ਉਨਾਂ ਨੇ ਖੁਦ ਆਪਣਾ ਘਰ -ਬਾਰ ਛੱਡਿਆ ਹੋਇਆ ਹੈ ਤੇ 24 ਘੰਟੇ ਪੀੜਤਾਂ ਦੀ ਬਾਂਹ ਫੜ ਰਹੇ ਹਨ ।ਅਮਰੀਕ ਸਿੰਘ ਸਪੇਨ ਨੇ ਦੱਸਿਆ ਕਿ ਵੀਰ ਖਾਲਸਾ ਗਰੁੱਪ ਵੱਲੋਂ ਹਸਪਤਾਲਾਂ, ਪੁਲਿਸ , ਕੋਰੋਨਾ ਪੀੜਤ ਪਰਿਵਾਰਾਂ ਤੇ ਸੜਕਾਂ ਦੇ 'ਤੇ ਸੌਣ ਵਾਲੇ ਬੇਘਰੇ ਲੋਕਾਂ ਤੱਕ ਨੂੰ ਇਹ ਜਰੂਰੀ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤੇ ਲੋੜਵੰਦ ਦੀ ਜਿੱਥੋਂ ਵੀ ਉਨਾਂ ਨੂੰ ਕੋਈ ਫੋਨ ਕਾਲ ਆਉਂਦੀ ਹੈ, ਉੱਥੇ ਹੀ ਸੇਵਾਦਾਰ ਸਹਾਇਤਾ ਪਹੁੰਚਾਉਣ ਦਾ ਹਰ ਸੰਭਵ ਯਤਨ ਕਰਦੇ ਹਨ । ਉਨਾਂ ਦੱਸਿਆ ਕਿ ਕਈ ਥਾਵਾਂ ' ਤੇ ਪੰਜ ਹਜ਼ਾਰ ਲੀਟਰ ਪੀਣ ਵਾਲਾ ਪਾਣੀ ਹਫਤੇ ਭਰ ਲਈ ਮੁਹੱਈਆ ਕਰਵਾਇਆ ਜਾ ਰਿਹਾ ਹੈ ।ਬਾਰਡਰ ਉੱਤੇ ਆਰਮੀ ਦੀਆਂ ਜੋ ਚੌਕੀਆਂ ਉੱਥੇ ਵੀ ਸਾਮਾਨ ਪਹੁੰਚਾਇਆ ਜਾ ਰਿਹਾ, ਜਿਸ ਵਿੱਚ ਫੂਡ, ਕੱਪੜੇ, ਫਲ-ਫਰੂਟ ,ਪਾਣੀ ,ਮਾਸਕ, ਗਲੱਬਜ, ਸੈਨੇਟਾਈਜਰ, ਸਾਬਣ-ਸ਼ੈਂਪੂ ਆਦਿ ਸਾਮਾਨ ਹੈ ।ਉਨਾਂ ਦੱਸਿਆ ਕਿ ਸਾਡੀ ਸੰਸਥਾ ਦੇ ਇੱਕ ਸੇਵਾਦਾਰ ਨੂੰ ਵੀ ਕੋਰੋਨਾ ਪੀੜਤਾਂ ਲਈ ਸੇਵਾਵਾਂ ਦਿੰਦਿਆਂ ਖ਼ੁਦ ਨੂੰ ਵਾਇਰਸ ਨੇ ਆਣ ਘੇਰਿਆ ਹੈ। ਉਨਾਂ ਦੱਸਿਆ ਕਿ ਸਪੇਨ ਦੇ ਮੈਡਿਡ, ਬਾਰਸੀਲੋਨਾ, ਯੂਰੋਨਾ, ਪਲਾਸੌਰ, ਅਲੋਤ, ਰਾਬਸੀਆ, ਲਾਜੂਕੇਰਾ ਆਦਿ ਸ਼ਹਿਰਾਂ ਤੇ ਪਿੰਡਾਂ ਵਿੱਚ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨਾਂ ਦੱਸਿਆ ਕਿ ਇਸ ਮੁਹਿੰਮ ਦੇ ਵਿੱਚ ਜਿੱਥੇ ਅਜੇ ਤੱਕ ਕੋਈ ਵੀ ਅਕਾਊਂਟ ਨਹੀਂ ਖੋਲਿਆ ਗਿਆ ਤੇ ਨਾ ਹੀ ਕਿਸੇ ਤੋਂ ਪੈਸੇ ਦੀ ਹੀ ਕੋਈ ਮੰਗ ਕੀਤੀ ਜਾ ਰਹੀ ਹੈ, ਫਿਰ ਵੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲਬਲੰਕ ਬਾਰਸੀਲੋਨਾ, ਆਜ਼ਾਦ ਚੜਦੀ ਕਲਾ ਕਬੱਡੀ ਕਲੱਬ ਸਪੇਨ ਤੇ ਕਈ ਵੱਡੇ ਵਪਾਰੀਆਂ ਸਮੇਤ ਕਈ ਸੰਸਥਾਵਾਂ ਉਨਾਂ ਦੀ ਪਿੱਠ 'ਤੇ ਇਨਾਂ ਸੇਵਾਵਾਂ ਵਾਸਤੇ ਆ ਗਈਆਂ ਹਨ । ਉਨਾਂ ਦੱਸਿਆ ਕਿ ਸੰਸਥਾ ਵੱਲੋਂ ਮੁੱਖ ਤੌਰ ਤੇ ਪਹਿਲਾਂ ਅਮਰੀਕ ਸਿੰਘ ਸਪੇਨ ( ਸਿੱਧਵਾਂ ਦੋਨਾ), ਦਵਿੰਦਰ ਸਿੰਘ ਮੱਲੀ, ਮੱਖਣ ਸਿੰਘ ਯੋਰਾਨਾ ,ਹਰਮਨਦੀਪ ਸਿੰਘ ਅਲੋਟ, ਹੈਪੀ ਪੱਡਾ, ਜੋਤ ਪੱਡਾ ਤੇ ਹਰਪ੍ਰੀਤ ਸਿੰਘ ਬਾਰਸੀਲੋਨਾ ਆਦਿ ਨੌਜਵਾਨਾਂ ਨੇ ਸੇਵਾ ਦਾ ਇਹ ਚੱਕਣ ਚੁੱਕਿਆ ਸੀ ।

ਉਨਾਂ ਦੱਸਿਆ ਕਿ ਸਪੇਨ ਦੇ ਵਿੱਚ ਰਹਿੰਦੇ ਸਪੈਨਿਸ਼ ਲੋਕਾਂ ਤੋਂ ਇਲਾਵਾ, ਭਾਰਤੀ, ਪਾਕਿਸਤਾਨੀ, ਸ੍ਰੀਲੰਕਾ, ਨੇਪਾਲੀ ਅਰਜਨਟਾਈਨਾ, ਮੈਕਸੀਕੋ ਤੇ ਬ੍ਰਾਜੀਲ ਆਦਿ ਦੇਸ਼ਾਂ ਦੇ ਲੋਕਾਂ ਨੂੰ ਇਹ ਸੇਵਾਵਾਂ ਬਿਨਾਂ ਕਿਸੇ ਭੇਦਭਾਵ ਦੇ ਉਪਲਬਧ ਕਰਵਾਈਆਂ ਜਾ ਰਹੀਆਂ ਹਨ ਤੇ ਸਪੇਨ ਦੇ ਦੋ-ਤਿੰਨ ਟਾਪੂਆਂ ਜਿੱਥੇ ਥੋੜੇ-ਥੋੜੇ ਲੋਕ ਰਹਿ ਰਹੇ ਹਨ, ਉੱਥੇ ਵੀ ਇਹ ਸੇਵਾਵਾਂ ਪਹੁੰਚਾਈਆਂ ਜਾ ਰਹੀਆਂ ਹਨ । ਉਨਾਂ ਦੱਸਿਆ ਕਿ ਸ਼ੋਸ਼ਲ ਮੀਡੀਆ ਰਾਹੀਂ ਸੰਸਥਾ ਵਲੋਂ ਜਾਰੀ ਕੀਤੇ ਹੈਲਪਲਾਈਨ ਨੰਬਰਾਂ ਰਾਹੀਂ ਲੋਕ ਆਪਣੀਆਂ ਮੁਸ਼ਕਿਲਾਂ ਬਾਰੇ ਦੱਸ ਦਿੰਦੇ ਹਨ ਤੇ ਜਿਸ ਪਿੱਛੋਂ ਵੀਰ ਖਾਲਸਾ ਗਰੁੱਪ ਜਾ ਕੇ ਉਨਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਪਹੁੰਚ ਜਾਂਦਾ ਹੈ।ਉਨਾਂ ਇਹ ਵੀ ਦੱਸਿਆ ਕਿ ਕੋਰੋਨਾ ਵਾਇਰਸ ਪੀੜਤਾਂ ਦੀ ਉਹ ਡਿਟੇਲ ਆਪਣੇ ਪਾਸ ਰੱਖਦੇ ਹਨ ਤੇ ਉਨਾਂ ਦੇ ਘਰਾਂ ਦੇ ਵਿੱਚ ਜਾ ਕੇ ਵੀ ਪਰਿਵਾਰਾਂ ਦੀ ਹਰ ਸੰਭਵ ਮੱਦਦ ਕਰਦੇ ਹਨ । ਪੀੜਤਾਂ ਨੂੰ ਡਾਕਟਰੀ ਸਹਾਇਤਾ ਦਿਵਾਉਣ ਤੇ ਮ੍ਰਿਤਕਾਂ ਦੇ ਸੰਸਕਾਰ ਕਰਨ ਦੇ ਵੀ ਫਰਜ ਅਦਾ ਕਰ ਰਹੇ ਹਨ ਤੇ ਸੰਸਥਾ ਕੋਲ ਹੁਣ ਤੱਕ 41 ਪੰਜਾਬੀ ਕੋਰੋਨਾ ਪੀੜਤਾਂ ਦੀ ਜਾਣਕਾਰੀ ਆਈ ਹੈ ਤੇ 4 ਮਰ ਵੀ ਚੁੱਕੇ ਹਨ । ਉਪਰੋਕਤ ਪੰਜਾਬੀਆਂ ਦਾ ਵੀ ਸਮੇਂ -ਸਮੇਂ 'ਤੇ ਖਿਆਲ ਰੱਖਿਆ ਜਾ ਰਿਹਾ ਹੈ। ਉਨਾਂ ਕਿਹਾ ਕਿ ਸਪੇਨ ਦਾ ਹੁਣ ਕੋਈ ਸ਼ਹਿਰ ਅਜਿਹਾ ਨਹੀਂ , ਜਿੱਥੇ ਵੀਰ ਖਾਲਸਾ ਗਰੁੱਪ ਸੇਵਾਵਾਂ ਨਾ ਦੇ ਰਿਹਾ ਹੋਵੇ ਤੇ ਸੇਵਾਦਾਰਾਂ ਵਲੋਂ ਇਹ ਸਮੁੱਚਾ ਸੇਵਾ ਦਾ ਕਾਰਜ ਇੱਕ ਚੇਨ ਬਣਾ ਕੇ ਕੀਤਾ ਜਾ ਰਿਹਾ ਹੈ ।




# ਭਾਰਤੀ ਮੀਡੀਏ ਦਾ ਫਿਰਕੂ ਵਾਇਰਸ ਕਰੋਨਾ ਤੋਂ ਵੱਧ ਘਾਤਕ

**- ਬਘੇਲ ਸਿੰਘ ਧਾਲੀਵਾਲ**

ਕਰੋਨਾ ਵਾਇਰਸ ਨਾਮ ਦੀ ਮਹਾਂਮਾਰੀ ਦੇ ਸੰਦਰਭ ਵਿੱਚ ਮੀਡੀਏ ਅਤੇ ਸ਼ੋਸ਼ਲ ਮੀਡੀਏ ਦੀ ਭੂਮਿਕਾ ਕੋਈ ਬਹੁਤ ਸੁਹਿਰਦਤਾ ਵਾਲੀ ਨਹੀ ਮੰਨੀ ਜਾ ਸਕਦੀ। ਇਸ ਸਮੇ ਦੌਰਾਨ ਦੇਖਿਆ ਗਿਆ ਹੈ ਕਿ ਮੀਡੀਏ ਦਾ ਵੱਡਾ ਹਿੱਸਾ ਕਰੋਨਾ ਮਹਾਂਮਾਰੀ ਲਈ ਕੁਝ ਇੱਕ ਖਾਸ ਫਿਰਕਿਆਂ ਨੂੰ ਨਿਸਾਨਾ ਬਣਾਉਂਦਾ ਆ ਰਿਹਾ ਹੈ। ਪਿਛਲੇ ਦਿਨਾਂ ਤੋ ਜਿਹੜੇ ਸ਼ਰਧਾਲੂ ਤਖਤ ਸ੍ਰੀ ਸੱਚਖੰਡ ਹਜੂਰ ਸਾਹਿਬ ਤੋਂ ਵਾਪਸ ਪਰਤੇ ਹਨ, ਜਿਸ ਤਰਾਂ ਉਹਨਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਨਾਲ ਅਜਿਹਾ ਵਰਤਾਉ ਕੀਤਾ ਜਾ ਰਿਹਾ ਹੈ, ਜਿਵੇਂ ਉਹ ਸ਼ਰਧਾਲੂ ਨਾ ਹੋ ਕੇ ਅੱਤਵਾਦੀ ਹੋਣ, ਜਿਹੜੇ ਹਜੂਰ ਸਾਹਿਬ ਤੋ ਜਾਣਬੁੱਝ ਕੇ ਬਿਮਾਰੀ ਫੈਲਾਉਣ ਦੇ ਇਰਾਦੇ ਨਾਲ ਕਰੋਨਾ ਵਾਇਰਸ ਲੈ ਕੇ ਆਏ ਹੋਣ। ਸੋ ਅਜਿਹੇ ਮੌਕੇ ਮੀਡੀਏ ਦੀ ਭੂਮਿਕਾ ਸਾਰਥਿਕ ਹੋਣੀ ਚਾਹੀਦੀ ਹੈ,ਪ੍ਰੰਤੂ ਇੱਥੋ ਦਾ ਮੀਡੀਆ ਤੇ ਸ਼ੋਸ਼ਲ ਮੀਡੀਏ ਤੇ ਸਰਗਰਮ ਘੱਟ ਗਿਣਤੀ ਵਿਰੋਧੀ ਲਾਬੀ ਵੱਲੋਂ ਸਾਰੀ ਤਾਕਤ ਹਜੂਰ ਸਾਹਿਬ ਤੋ ਵਾਪਸ ਲਿਆਂਦੇ ਗਏ ਯਾਤਰੀਆਂ ਨੂੰ ਬਦਨਾਮ ਕਰਨ ਤੇ ਖਰਚ ਕੀਤੀ ਜਾ ਰਹੀ ਹੈ। ਹਾਲਾਂਕਿ ਕਰੋਨਾ ਪੌਜੇਟਿਵ ਪਾਏ ਗਏ ਯਾਤਰੀਆਂ ਦੀ ਅਸਲ ਸਚਾਈ ਸਬੰਧੀ ਗੁਰਦੁਆਰਾ ਲੰਗਰ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਨਰਿੰਦਰ ਸਿੰਘ ਤੇ ਬਾਬਾ ਬਲਵਿੰਦਰ ਸਿੰਘ ਨੇ ਸ਼ੋਸ਼ਲ ਮੀਡੀਏ ਤੇ ਵੀਡੀਓ ਸਾਂਝੀ ਕਰਕੇ ਦੱਸਿਆ ਹੈ ਕਿ ਨੰਦੇੜ ਸਹਿਰ ਵਿੱਚ ਇੱਕ ਵੀ ਕੇਸ ਕਰੋਨਾ ਦਾ ਨਹੀ ਹੈ ਤੇ ਗੁਰਦੁਆਰਾ ਸਾਹਿਬ ਵਿੱਚ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀ ਹੁੰਦਾ। ਉਹਨਾਂ ਸਪੱਸਟ ਕੀਤਾ ਕਿ ਜਿਲਾ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਇਹਨਾਂ ਸੰਗਤਾਂ ਦੇ ਤਿੰਨ ਤਿੰਨ ਵਾਰੀ ਕਰੋਨਾ ਸਬੰਧੀ ਮੁੱਢਲੇ ਟੈਸਟ ਕੀਤੇ ਜਾ ਚੁੱਕੇ ਹਨ, ਪਰ ਕਿਸੇ ਵੀ ਵਿਅਕਤੀ ਵਿੱਚ ਅਜਿਹੇ ਲੱਛਣ ਨਹੀ ਪਾਏ ਗਏ, ਫਿਰ ਪੰਜਾਬ ਪਹੁੰਚਦਿਆਂ ਹੀ ਉਹ ਕਰੋਨਾ ਤੋ ਪੀੜਤ ਕਿਵੇਂ ਹੋ ਗਏ। ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਵੀ ਸਿੱਖ ਸ਼ਰਧਾਲੂਆਂ ਨੂੰ ਜਾਣ ਬੁੱਝ ਕੇ ਨਿਸਾਨਾ ਬਣਾਏ ਜਾਣ ਤੇ ਸਾਜਿਸ਼ ਦਾ ਸ਼ੱਕ ਪਰਗਟ ਕੀਤਾ ਜਾ ਚੁੱਕਾ ਹੈ, ਉਧਰ ਹਜੂਰ ਸਾਹਿਬ ਤੋ ਵਾਪਸ ਪਰਤੇ ਸ਼ਰਧਾਲੂਆਂ ਨੇ ਸ਼ੋਸ਼ਲ ਮੀਡੀਏ ਤੇ ਵੱਖ ਵੱਖ ਨਿਊਜ ਚੈਨਲਾਂ ਵੱਲੋਂ ਸ਼ਰਧਾਲੂਆਂ ਨੂੰ ਕਰੋਨਾ ਪੌਜੇਟਿਵ ਪਰਚਾਰੇ ਜਾਣ ਤੇ ਇਤਰਾਜ਼ ਪਰਗਟ ਕਰਦਿਆਂ ਕਿਹਾ ਕਿ ਸਾਡੀ ਜਾਂਚ ਕੀਤੇ ਜਾਣ ਤੋ ਪਹਿਲਾਂ ਹੀ ਮੀਡੀਏ ਵੱਲੋਂ ਸਾਨੂੰ ਕਰੋਨਾ ਪੌਜੇਟਿਵ ਹੋਣ ਦੇ ਸਰਟੀਫਿਕੇਟ ਅਕਸਰ ਕੀਹਦੇ ਕਹਿਣ ਤੇ ਦਿੱਤੇ ਜਾ ਰਹੇ ਹਨ।

ਮੀਡੀਏ ਦੀ ਭਰੋਸ਼ੇਯੋਗਤਾ ਖਤਮ ਕਰਨ ਅਤੇ ਆਪਣੇ ਹਿਤਾਂ ਲਈ ਇਸਤੇਮਾਲ ਕਰਨ ਖਾਤਰ ਦੇਸ਼ ਦੀ ਸ਼ਰਮਾਏਦਾਰ ਜਮਾਤ ਨੇ ਟੈਲੀਵਿਜਨ ਨੈਟਵਰਕ ਤੇ ਕਬਜਾ ਜਮਾ ਲਿਆ। ਰਾਸ਼ਟਰੀ ਟੀ ਵੀ ਚੈਨਲ ਜਾਂ ਤਾਂ ਦੇਸ਼ ਦੇ ਸਰਮਾਏਦਾਰ ਨੇ ਸਰਕਾਰ ਦੀ ਮਿਲੀਭੁਗਤ ਨਾਲ ਖਰੀਦ ਲਏ ਜਾਂ ਫਿਰ ਜਿਹੜੇ ਖਰੀਦੇ ਨਹੀ ਜਾ ਸਕੇ ਉਹਨਾਂ ਨੂੰ ਹਕੂਮਤੀ ਜਬਰ ਨਾਲ ਬੰਦ ਕਰਵਾ ਦਿੱਤਾ ਗਿਆ, ਲਿਹਾਜਾ ਲੋਕ ਪੱਖੀ ਮੀਡੀਏ ਦੇ ਯੁੱਗ ਦਾ ਅੰਤ ਹੋ ਗਿਆ। ਜਿਸ ਤਰਾਂ ਭਾਰਤੀ ਮੀਡੀਆ ਮੌਜੂਦਾ ਸਮੇਂ ਵਿੱਚ ਆਪਣੀ ਭੂਮਿਕਾ ਨਿਭਾਅ ਰਿਹਾ ਹੈ, ਉਹ ਸਮੁੱਚੇ ਦੇਸ਼ ਦੇ ਹਿੱਤ ਵਿੱਚ ਨਹੀਂ ਹੈ, ਬਲਕਿ ਦੇਸ਼ ਨੂੰ ਜਾਤਾਂ, ਨਸਲਾਂ, ਧਰਮਾਂ, ਮਜਹਬਾਂ ਵਿੱਚ ਵੰਡਣ ਵਾਲੀ ਜਮਾਤ ਦੀ ਸੋਚ ਨੂੰ ਹਵਾ ਦੇ ਕੇ ਦੇਸ਼ ਨੂੰ ਤੋੜਨ ਵਾਲੇ ਪਾਸੇ ਵੱਧ ਰਿਹਾ ਹੈ। ਜਿਸ ਤਰਾਂ ਬੀਤੇ 5-7 ਸਾਲਾਂ ਤੋਂ ਦੇਸ਼ ਦੇ ਹਾਲਾਤ ਬਣੇ ਹੋਏ ਹਨ, ਉਹਦੇ ਵਿੱਚ ਨਫਰਤ ਦੀ ਚਿੰਗਾਰੀ ਨੂੰ ਭਾਂਬੜ ਬਨਾਉਣ ਵਿੱਚ ਭਾਰਤੀ ਬਿਜਲਈ ਮੀਡੀਏ ਦੀ ਸਭ ਤੋਂ ਵੱਡੀ ਭੂਮਿਕਾ ਰਹੀ ਹੈ। ਇਸ ਕਾਰਨ ਦੇਸ਼ ਅੰਦਰ ਨਸਲਵਾਦ ਦਾ ਬੋਲਬਾਲਾ ਵਧਦਾ ਜਾ ਰਿਹਾ ਹੈ। ਭਾਰਤੀ ਮੀਡੀਆ ਇਕ ਖਾਸ ਜਮਾਤ ਦੇ ਫਿਰਕੂ ਏਜੰਡੇ ਤੇ ਕੰਮ ਕਰਦਾ ਪਰਤੀਤ ਹੁੰਦਾ ਹੈ। ਜਿਸ ਤਰਾਂ ਦੇਸ਼ ਦੇ ਹਾਲਾਤ ਬਣਾਏ ਜਾ ਰਹੇ ਹਨ,ਉਹ ਦਾ ਸਪੱਸ਼ਟ ਰੂਪ ਵਿਚ ਇਹ ਅਰਥ ਹੈ ਕਿ ਆਉਣ ਵਾਲੇ ਸਮੇ ਵਿਚ ਦਲਿਤਾਂ ਅਤੇ ਘੱਟ ਗਿਣਤੀ ਲੋਕਾਂ ਦੇ ਹੱਕ ਹਕੂਕਾਂ ਦਾ ਹੋਰ ਬੇਰਹਿਮੀ ਨਾਲ ਘਾਣ ਹੋਵੇਗਾ, ਉਦੋਂ ਭਗਵੇਂ ਬ੍ਰਿਗੇਡ ਦੇ ਮੀਡੀਆ ਵਿੰਗ ਵਜੋਂ ਵਿਚਰ ਰਹੇ ਭਾਰਤੀ ਮੀਡੀਏ ਦੀ ਭੂਮਿਕਾ ਜਮਹੂਰੀਅਤ ਤੇ ਇਨਸਾਫ ਪਸੰਦ ਲੋਕਾਂ ਦੀ ਨਜ਼ਰ ਵਿੱਚ ਲੋਕ ਵਿਰੋਧੀ ਅਤੇ ਫਿਰਕੂ ਸਰਮਾਏਦਾਰੀ ਜਮਾਤ ਪੱਖੀ ਹੋਵੇਗੀ। ਇਹ ਬੇਹੱਦ ਹੀ ਸ਼ਰਮਨਾਕ ਵਰਤਾਰਾ ਹੈ ਕਿ ਪਿਛਲੇ ਇੱਕ ਦਹਾਕੇ ਤੋਂ ਭਾਰਤ ਅੰਦਰ ਮੀਡੀਆ ਅਪਣੀਆਂ ਕਦਰਾਂ ਕੀਮਤਾਂ ਨੂੰ ਤਿਲਾਂਜਲੀ ਦੇ ਕੇ ਸਿੱਧੇ ਰੂਪ ਚ ਇੱਕ ਧਿਰ ਦੇ ਬੁਲਾਰੇ ਦੇ ਰੂਪ ਵਿਚ ਵਿਚਰਦਾ ਆ ਰਿਹਾ ਹੈ। ਬੇਸ਼ੱਕ ਸਾਰਾ ਸੰਸਾਰ ਹੀ ਪੈਸੇ ਦੀ ਦੌੜ ਵਿਚ ਇੱਕ ਦੂਸਰੇ ਤੋਂ ਅਗੇ ਨਿਕਲਣ ਲਈ ਯਤਨਸ਼ੀਲ ਹੈ, ਪ੍ਰੰਤੂ ਜਿਸ ਤਰਾਂ ਭਾਰਤੀ ਮੀਡੀਏ ਨੇ ਆਪਣੇ ਉੱਚੇ ਸੁੱਚੇ ਆਦਰਸ਼ਾਂ ਨੂੰ ਪਦਾਰਥ ਅਤੇ ਸੁਆਰਥ ਪਿੱਛੇ ਤਿਆਗ ਦਿੱਤਾ ਹੈ, ਅਜਿਹੀ ਮਿਸ਼ਾਲ ਦੁਨੀਆਂ ਦੇ ਹੋਰ ਕਿਸੇ ਖਿਤੇ ਵਿੱਚ ਨਹੀਂ ਮਿਲਦੀ। ਰਾਸ਼ਟਰੀ ਟੈਲੀਵਿਜਨ ਚੈਨਲਾਂ ਦੇ ਪੱਤਰਕਾਰ, ਐਂਕਰ ਜਦੋਂ ਕਿਸੇ ਵਿਰੋਧੀ ਵਿਚਾਰਾਂ ਵਾਲੇ ਵਿਅਕਤੀ ਨਾਲ ਗੱਲਬਾਤ ਕਰ ਰਹੇ ਹੁੰਦੇ ਹਨ ਤਾਂ ਇੰਜ ਜਾਪਦਾ ਹੈ ਕਿ ਕੋਈ ਪੱਤਰਕਾਰ ਨਹੀਂ, ਬਲਕਿ ਕੋਈ ਕਿਸੇ ਖਾਸ ਧਿਰ ਦਾ ਨੁਮਾਇੰਦਾ ਪੱਤਰਕਾਰੀ ਦੇ ਡਰ ਤੇ ਰੋਹਬ ਨਾਲ ਸਾਹਮਣੇ ਵਾਲੇ ਵਿਅਕਤੀ ਨੂੰ ਚਿੱਤ ਕਰਨਾ ਚਾਹੁੰਦਾ ਹੈ, ਅਜਿਹਾ ਵਰਤਾਰਾ ਭਾਰਤੀ ਟੀ ਵੀ ਚੈਨਲਾਂ ਤੇ ਆਮ ਦੇਖਣ ਸੁਨਣ ਨੂੰ ਮਿਲਦਾ ਹੈ। ਹਰ ਗੱਲ,ਹਰ ਮੁੱਦੇ ਤੇ ਨਸਲੀ ਵਿਤਕਰੇ ਭਰੀ ਪੱਤਰਕਾਰੀ ਨਾਲ ਕਿਸੇ ਇੱਕ ਫਿਰਕੇ ਨੂੰ ਨਿਸ਼ਾਨਾਂ ਬਣਾਇਆ ਜਾਂਦਾ ਹੈ, ਫਿਰ ਉਸ ਮੁੱਦੇ ਤੇ ਡਿਬੇਟ ਕਰਵਾਈ ਜਾਂਦੀ ਹੈ, ਡਿਬੇਟ ਵਿੱਚ ਇੱਕ ਨੁਮਾਇੰਦਾ ਉਸ ਪੀੜਤ ਧਿਰ ਦਾ ਸ਼ਾਮਲ ਕੀਤਾ ਜਾਂਦਾ ਹੈ, ਜਿਹੜੀ ਭਾਰਤੀ ਤੰਤਰ ਦੇ ਨਿਸ਼ਾਨੇ ਤੇ ਹੈ ਤੇ ਬਾਕੀ ਦੇ ਤਿੰਨ ਜਾਂ ਚਾਰ ਵਿਅਕਤੀ ਹੋਰ ਅਜਿਹੇ ਲੱਭ ਕੇ ਚੈਨਲ ਤੇ ਬਿਠਾਏ ਜਾਂਦੇ ਹਨ, ਜਿਹੜੇ ਪੀੜਤ ਵਿਅਕਤੀ ਨੂੰ ਬੋਲਣ ਤੱਕ ਨਹੀਂ ਦਿੰਦੇ, ਜੇਕਰ ਕਿਤੇ ਗਲਤੀ ਨਾਲ ਉਪਰੋਕਤ ਵਿਅਕਤੀ ਉਹਨਾਂ ਦੇ ਪੱਖਪਾਤੀ ਵਰਤਾਰੇ ਦੀ ਨਿਖੇਧੀ ਕਰਨ ਦੀ ਭੁੱਲ ਕਰ ਬੈਠਦਾ ਹੈ ਜਾਂ ਉਸ ਨਫਰਤੀ ਭੀੜ ਦੇ ਰੌਲੇ ਰੱਪੇ 'ਚੋਂ ਕੁਝ ਉੱਚੀ ਅਵਾਜ ਵਿੱਚ ਬੋਲ ਕੇ ਦੱਸਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸਬੰਧਿਤ ਟੀ ਵੀ ਚੈਨਲ ਦਾ ਪੱਤਰਕਾਰ ਐਨੀ ਨਫਰਤ ਅਤੇ ਗੁੱਸੇ ਭਰੇ ਅੰਦਾਜ਼ ਵਿੱਚ ਚੁੱਪ ਰਹਿਣ ਦੀ ਚਿਤਾਵਨੀ ਦਿੰਦਾ ਹੈ, ਜਿਸ ਤੇ ਟੀ.ਵੀ ਦੇਖਣ ਵਾਲੇ ਦਰਸ਼ਕ ਵੀ ਭੈਅ ਭੀਤ ਹੋ ਜਾਂਦੇ ਹਨ। ਇਹ ਵਰਤਾਰਾ ਅੱਜ ਕੱਲ ਟੀ.ਵੀ ਚੈਨਲਾਂ ਤੇ ਆਮ ਸੁਭਾਵਿਕ ਹੀ ਦੇਖਣ ਨੂੰ ਮਿਲਦਾ ਹੈ।

ਦਿਲੀ ਦੀ ਘਟਨਾ ਕਿਸੇ ਤੋਂ ਭੁੱਲੀ ਨਹੀਂ ਜਿਥੇ ਮੁਸਲਮ ਭਾਈਚਾਰੇ ਦੀ ਇੱਕ ਜਮਾਤ ਵੱਲੋਂ ਇਸ ਬਿਮਾਰੀ ਫੈਲਣ ਦੇ ਸ਼ੁਰੂਆਤੀ ਦਿਨਾਂ ਵਿੱਚ ਆਪਣਾ ਇੱਕ ਸਲਾਨਾ ਸਮਾਗਮ ਕੀਤਾ ਸੀ,ਜਿਸ ਵਿੱਚ ਸ਼ਾਮਿਲ ਹੋਣ ਵਾਲੇ ਬਹੁਤ ਸਾਰੇ ਲੋਕ ਇਤਫਾਕ ਨਾਲ ਕਰੋਨਾ ਦੇ ਲੌਕ ਡਾਉਨ ਵਿਚ ਫਸ ਗਏ ਸਨ। ਭਾਰਤੀ ਮੀਡੀਏ ਨੇ ਉਸ ਜਮਾਤ ਨੂੰ ਨਿਸ਼ਾਨਾ ਬਣਾ ਕੇ ਜਿਸ ਤਰਾਂ ਮੁਸਲਿਮ ਭਾਈਚਾਰੇ ਨੂੰ ਬਦਨਾਮ ਕੀਤਾ, ਉਹ ਸਭ ਦੇ ਸਾਹਮਣੇ ਹੈ, ਜਦੋਂ ਕਿ ਅਸਲੀਅਤ ਮੀਡੀਏ ਦੀਆਂ ਰਿਪੋਰਟਾਂ ਤੇ ਬਿਲਕੁਲ ਹੀ ਵੱਖਰੀ ਰਹੀ ਹੈ। ਏਸੇ ਤਰਾਂ ਵਿਦੇਸ਼ਾਂ ਤੋ ਪੰਜਾਬ ਚ ਆਏ ਵਿਦੇਸ਼ੀ ਪੰਜਾਬੀਆਂ ਨੂੰ ਨਿਸ਼ਾਨਾ ਬਣਾਇਆ ਗਿਆ, ਸਿੱਖਾਂ ਦੇ ਤਿਉਹਾਰ ਹੋਲੇ ਮੁਹੱਲੇ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ,ਇਹ ਸਮਝ ਤੋ ਬਾਹਰ ਹੈ ਕਿ ਅਕਸਰ ਅਜਿਹੀ ਸੋਚ ਨੂੰ ਕਿਉਂ ਤੂਲ ਦਿੱਤਾ ਜਾ ਰਿਹਾ ਹੈ,ਜਿਹੜੀ ਇਸ ਕੁਦਰਤ ਦੀ ਮਾਰ ਸਮੇ ਵੀ ਲੋਕਾਂ ਵਿੱਚ ਦਹਿਸਤ ਦਾ ਮਹੌਲ ਸਿਰਜ ਕੇ ਭਾਈਚਾਰਕ ਸਾਂਝਾਂ ਨੂੰ ਤੋੜਨ ਲਈ ਯਤਨਸ਼ੀਲ ਹੈ,ਜਦੋਂ ਕਿ ਅਜਿਹੀ ਕੁਦਰਤੀ ਕਰੋਪੀ ਤੋਂ ਮਨੁੱਖ ਨੂੰ ਸਬਕ ਸਿੱਖਣ ਦੀ ਜਰੂਰਤ ਹੈ,ਪਰ ਅਫਸੋਸ ਕਿ ਨਫਰਤੀ ਸਿਆਸਤ ਅਤੇ ਸਰਮਾਏਦਾਰੀ ਗੱਠਜੋੜ ਦੇ ਹੱਥਾਂ ਦੀ ਕਠਪੁਤਲੀ ਬਣੇ ਭਾਰਤੀ ਮੀਡੀਏ ਵੱਲੋਂ ਦੇਸ਼ ਦੀ ਸਾਂਤ ਫਿਜਾ ਅੰਦਰ ਅਜਿਹੀ ਫਿਰਕੂ ਜਹਿਰ ਘੋਲੀ ਜਾ ਰਹੀ ਹੈ,ਜਿਸ ਦੇ ਨਤੀਜੇ ਕਰੋਨਾ ਵਾਇਰਸ ਦੇ ਖਤਰਿਆਂ ਤੋ ਵੱਧ ਘਾਤਕ ਸਿੱਧ ਹੋ ਸਕਦੇ ਹਨ।

# ਜ਼ਰਦ ਘੋੜੇ ਤੇ ਸਵਾਰ ਸੰਸਾਰ...

## (ਅੰਦਰਲੇ ਵਾਇਰਸਾਂ ਦੀ ਕਥਾ)

- ਕੁਲਦੀਪ ਸਿੰਘ ਦੀਪ (ਡਾ.)
+91-9855255956

ਬਾਈਬਲ ਵਿਚ ਚਾਰ ਘੋੜਿਆਂ ਦੀ ਮਿੱਥ ਆਉਂਦੀ ਹੈ। ਕਥਾ ਤਾਂ ਖੈਰ ਲੰਮੀ ਹੈ, ਪਰ ਉਸ ਵਿਚ ਚਾਰ ਘੋੜਿਆਂ ਦਾ ਬਹੁਤ ਖ਼ੂਬਸੂਰਤ ਮੈਟਾਫਰ ਵਰਤਿਆ ਗਿਆ ਹੈ। ਪਹਿਲਾ ਘੋੜਾ ਚਿੱਟੇ ਰੰਗ ਦਾ ਹੈ, ਜੋ ਜਿੱਤ ਦਾ ਪ੍ਰਤੀਕ ਹੈ, ਦੂਜਾ ਘੋੜਾ ਲਾਲ ਹੈ ਜੋ ਖ਼ੂਨ ਤੇ ਕਤਲੋਗਾਰਤ ਦਾ ਪ੍ਰਤੀਕ ਹੈ ਤੇ ਤੀਜਾ ਘੋੜਾ ਕਾਲਾ ਹੈ ਜੋ ਅਕਾਲ ਦਾ ਪ੍ਰਤੀਕ ਹੈ ਤੇ ਚੌਥਾ ਘੋੜਾ ਘਸਮੈਲੇ ਪੀਲੇ ਰੰਗ ਦਾ ਹੈ ਜੋ ਮਹਾਂਮਾਰੀ ਰਾਹੀਂ ਹੋ ਰਹੀਆਂ ਮੌਤਾਂ ਦਾ ਪ੍ਰਤੀਕ ਹੈ। ਇਸ ਮਿੱਥ ਤੇ ਆਧਾਰਿਤ ਬ੍ਰਿਟਿਸ਼ ਲੇਖਿਕਾ ਕੈਥਰੀਨ ਐਨ ਪੋਰਟਰ ਨੇ 1939 ਵਿਚ ਪੇਲ ਹੌਰਸ ਪੇਲ ਰਾਈਡਰ (Pale Horse Pale Rider) ਨਾਵਲ ਲਿਖਿਆ। 1918 ਦੀ ਸਪੈਨਿਸ਼ ਫਲੂ ਦੀ ਮਹਾਂਮਾਰੀ ਤੇ ਅਧਾਰਿਤ ਇਹ ਨਾਵਲ ਉਸ ਦੀ ਆਪਬੀਤੀ ਤੇ ਅਧਾਰਿਤ ਹੈ, ਜਿਸ ਦੇ ਤਹਿਤ ਉਹ ਉਹ ਇਸ ਮਹਾਂਮਾਰੀ ਦੇ ਦੌਰਾਨ ਬਹੁਤ ਬੀਮਾਰ ਹੋ ਜਾਂਦੀ ਹੈ ਤੇ ਉਸ ਦਾ ਦੋਸਤ ਉਸ ਦੀ ਦੇਖਭਾਲ ਕਰਦਾ ਹੋਇਆ ਖੁਦ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਨਾਵਲ ਵਿਚ ਉਸ ਨੇ ਆਪਣੀ ਥਾਂ ਮਿਰਾਂਡਾ ਦਾ ਕਿਰਦਾਰ ਘੜਿਆ ਹੈ। ਇਸ ਨਾਵਲ ਦੇ ਆਰੰਭ ਵਿਚ ਮਿਰਾਂਡਾ ਇਕ ਸੁਪਨਾ ਦੇਖਦੀ ਹੈ ਕਿ ਉਸ ਦਾ ਦੋਸਤ ਘਸਮੈਲੇ ਪੀਲੇ ਰੰਗ ਦੇ ਘੋੜੇ ਤੇ ਸਵਾਰ ਹੋ ਕੇ ਜਾ ਰਿਹਾ ਹੈ। ਇਹ ਨਾਵਲ ਇਕ ਦੂਜੇ ਨੂੰ ਬਚਾਉਣ ਅਤੇ ਇਕ ਦੂਜੇ ਲਈ ਕੁਰਬਾਨ ਹੋਣ ਦੀ ਖ਼ੂਬਸੂਰਤ ਕਹਾਣੀ ਹੈ। ਇਸ ਦੇ ਨਾਲ ਹੀ ਇਹ ਵਿਸ਼ਵ ਦੀ ਹੁਣ ਤੱਕ ਦੀ ਸਭ ਤੋਂ ਭਿਆਨਕ ਮਹਾਂਮਾਰੀ ਦਾ ਸਿਰਜਣਾਤਕ ਗਵਾਹ ਵੀ ਹੈ ਜਿਸ ਵਿਚ ਦੋ ਵਿਸ਼ਵ ਜੰਗਾਂ ਤੋਂ ਵੀ ਵੱਧ (10 ਕਰੋੜ ਦੇ ਕਰੀਬ) ਲੋਕ ਮਾਰੇ ਗਏ ਸੀ।

ਦੋਸਤੋ ! ਕਿਸੇ ਘਟਨਾ ਦੀ ਮਿਤੀ, ਉਸ ਵਿਚ ਸ਼ਾਮਿਲ ਲੋਕ, ਉਸ ਦਾ ਸਥਾਨ ਤੇ ਵੇਰਵਾ ਲੱਭਣਾ ਹੋਵੇ ਤਾਂ ਸਾਨੂੰ ਇਤਿਹਾਸ ਦੀਆਂ ਕਿਤਾਬਾਂ ਫੋਲਣੀਆਂ ਪੈਂਦੀਆਂ ਹਨ, ਪਰ ਕਿਸੇ ਘਟਨਾ ਨੇ ਮਨੁੱਖੀ ਸੰਵੇਦਨਾ ਅਤੇ ਮਨੁੱਖਾਂ ਦੇ ਵਿਚਕਾਰ ਸਥਾਪਤ ਰਿਸ਼ਤਿਆਂ ਨੂੰ ਕਿਵੇਂ ਜੋੜਿਆ ਜਾਂ ਤੋੜਿਆ..ਕਿਸੇ ਖਾਸ ਦੌਰ ਵਿਚ ਵਸਦੇ ਲੋਕਾਂ ਦੇ ਸਮੂਹਕ ਤੇ ਨਿੱਜੀ ਕਿਰਦਾਰਾਂ ਨੇ ਉਸ ਦੌਰ ਦੀ ਰਫਤਾਰ ਨੂੰ ਕਿਵੇਂ ਪ੍ਰਭਾਵਿਤ ਕੀਤਾ, ਇਸ ਦਾ ਪਤਾ ਉਸ ਦੌਰ ਦਾ ਸਾਹਿਤ ਪੜ੍ਹ ਕੇ ਲਗਦਾ ਹੈ।

ਗੱਲ ਸ਼ੁਰੂ ਕਰਦੇ ਹਾਂ ਇਕ ਰੋਚਕ ਕਹਾਣੀ ਤੋਂ....

ਜਦ ਵੀ ਮਨੁੱਖ ਆਪਣੇ ਵਰਗੀਆਂ ਹੋਰ ਨਸਲਾਂ ਨਾਲ ਵਿਤਕਰਾ ਕਰਦਾ ਹੈ ਤਾਂ ਇਹ ਸਿਆਸੀ, ਸਮਾਜਿਕ ਜਾਂ ਆਰਥਿਕ ਪੱਧਰ ਤੇ ਵੱਡੇ ਸੰਕਟਾਂ ਦਾ ਆਧਾਰ ਬਣਦਾ ਹੈ ਅਤੇ ਇਸ ਵਿਤਕਰੇ ਦੇ ਵਿਨਾਸ਼ ਦੀਆਂ ਜੜਾਂ ਵੀ ਕਿਸੇ ਨਾ ਕਿਸੇ ਰੂਪ ਵਿਚ ਇਸ ਦੇ ਵਿੱਚ ਹੀ ਛੁਪੀਆਂ ਹੁੰਦੀਆਂ ਹਨ। ਫਰਾਂਸੀਆਂ ਨੇ ਵੀਅਤਨਾਮ ਤੇ ਕਬਜ਼ਾ ਕੀਤਾ। ਆਪਣੇ ਆਪ ਨੂੰ ਸੁਪਰ ਤੇ ਦੂਜਿਆਂ ਨੂੰ ਜੰਗਲੀ ਸਮਝਣ ਦੇ ਰੁਝਾਨ ਕਾਰਨ ਉਹਨਾਂ ਨੇ ਆਪਣੇ ਰਹਿਣ ਲਈ ਵੀਅਤਨਾਮ ਦੀ ਰਾਜਧਾਨੀ ਹਨੋਈ ਵਿਚ ਉਸ ਜਮਾਨੇ ਦਾ ਰਈਸ ਸ਼ਹਿਰ ਵਸਾਇਆ ਪਰ ਵੀਅਤਨਾਮੀ ਲੋਕ ਉਸੇ ਤਰ੍ਹਾਂ ਗੰਦੀਆਂ ਬਸਤੀਆਂ ਵਿਚ ਰਹਿੰਦੇ ਰਹੇ। ਇਕ ਪਾਸੇ ਸੋਹਣੀਆਂ ਇਮਾਰਤਾਂ, ਚੌੜੀਆਂ ਸੜਕਾਂ ਤੇ ਨਿਕਾਸੀ ਲਈ ਲੰਮਾ ਚੌੜਾ ਸੀਵਰ ਸਿਸਟਮ..ਜੋ ਅਗੇ ਜਾ ਕੇ ਨਦੀ ਵਿਚ ਨਿਕਲਦਾ ਸੀ। ਪਰ ਦੂਜੇ ਪਾਸੇ ਗੰਦੀਆਂ ਬਸਤੀਆਂ, ਭੀੜੀਆਂ ਗਲੀਆਂ, ਤੇ ਗਲੀਆਂ ਵਿਚ ਖੇਡਦਾ ਗੰਦਾ ਪਾਣੀ...ਜਾਣੀ ਕਿ ਇਕ ਪਾਸੇ ਪੂਰਾ ਸਵਰਗ ਤੇ ਦੂਜੇ ਪਾਸੇ ਨਿਰਾ ਨਰਕ..ਹੜਾਂ ਦੇ ਦਿਨਾਂ ਵਿਚ ਤਾਂ ਨਦੀ ਦੀ ਸਾਰੀ ਮਨੁੱਖੀ ਗੰਦਗੀ ਇਹਨਾਂ ਬਸਤੀਆਂ ਵਿਚ ਤੈਰਦੀ ਫਿਰਦੀ ਸੀ। ਇਹਨਾਂ ਵਿਤਕਰੇ ਭਰੇ ਗਲੀਜ਼ ਹਾਲਤਾਂ ਵਿਚ ਬਹੁਤ ਸਾਰੇ ਚੂਹੇ ਪੈਦਾ ਹੋਏ। ਨਵੇਂ ਸ਼ਹਿਰ ਤੋਂ ਪਹਿਲਾਂ ਕੁਦਰਤੀ ਸਿਸਟਮ ਸੀ, ਥੋੜੇ ਬਹੁਤ ਚੂਹੇ ਜਿਸ ਤਰ੍ਹਾਂ ਹੁਣ ਵੀ ਆਮ ਅਬਾਦੀਆਂ ਵਿਚ ਰਹਿੰਦੇ ਸੀ, ਉੱਥੇ ਵੀ ਸੀ। ਪਰ ਇਸ ਨਵੇਂ ਸੀਵਰ ਸਿਸਟਮ ਨੇ ਇਹਨਾਂ ਚੂਹਿਆਂ ਨੂੰ ਕਈ ਕਿਲੋਮੀਟਰ ਲੰਬੀ ਬਸਤੀ ਰਹਿਣ ਲਈ ਦੇ ਦਿੱਤੀ। ਭਾਵ ਸਾਰੇ ਚੂਹੇ ਇਸ ਸੀਵਰ ਵਿਚ ਰਹਿਣ ਲੱਗ ਪਏ ਤੇ ਇਸ ਸੀਵਰੇਜ ਨੂੰ ਚੂਹਿਆਂ ਦਾ ਸਵਰਗ ਕਿਹਾ ਜਾਣ ਲੱਗ ਪਿਆ। ਇਸ ਸਵਰਗ ਵਿਚੋਂ ਪਲੇਗ ਪੈਦਾ ਹੋਈ ਤੇ ਪਲੇਗ ਹੌਲੀ ਹੋਲੀ ਮਹਿਲਾਂ ਤੱਕ ਵੀ ਪਹੁੰਚ ਗਈ। ਫਿਰ ਇਹਨਾਂ ਚੂਹਿਆਂ ਨੂੰ ਮਾਰਨ ਲਈ 1902 ਵਿਚ ਮਹਿਲਾਂ ਵਾਲਿਆਂ ਨੇ ਝੁੱਗੀਆਂ ਵਾਲਿਆਂ ਨੂੰ ਕਿਹਾ ਕਿ ਇਕ ਚੂਹਾ ਮਾਰੋ, ਇਕ ਸੈਂਟ (ਸਿੱਕਾ) ਲੈ ਜਾਓ। ਸਿੱਟਾ ਕੀ ਨਿਕਲਿਆ ਕਿ ਇਕ ਦਿਨ ਵਿਚ 20 ਹਜ਼ਾਰ ਚੂਹੇ ਪਕੜ ਲਏ ਗਏ। ਪਰ ਇਸ ਦੌਰਾਨ ਉਹਨਾਂ ਲੋਕਾਂ ਅੰਦਰ ਇਕ ਸਮੂਹਿਕ ਅਹਿਸਾਸ ਇਹ ਪੈਦਾ ਹੋਇਆ ਕਿ ਕਿਉਂ ਨਾ ਇਸੇ ਨੂੰ ਕਮਾਈ ਦਾ ਜਰੀਆ ਬਣਾ ਲਿਆ ਜਾਵੇ ਤੇ ਚੂਹੇ ਫੜ੍ਹ ਕੇ ਦਿਖਾ ਦਿੱਤੇ ਜਾਣ ਪਰ ਮਾਰੇ ਨਾ ਜਾਣ..ਸੋ ਇਸ ਸਕੀਮ ਦੇ ਤਹਿਤ ਚੂਹੇ ਕਦ ਮੁੱਕਣੇ ਸੀ ? ਮਹਿਲਾਂ ਵਾਲਿਆਂ ਨੂੰ ਸ਼ੱਕ ਪਿਆ ਕਿ ਕਿਤੇ ਗੜਬੜ ਹੈ। ਉਹਨਾਂ ਕਿਹਾ ਕਿ ਇਕ ਸੈਂਟ ਉਹਨਾਂ ਨੂੰ ਮਿਲੇਗਾ ਜੋ ਚੂਹੇ ਨੂੰ ਮਾਰ ਕੇ ਸਬੂਤ ਦੇ ਤੌਰ ਤੇ ਉਸ ਦੀ ਪੂਛ ਲੈ ਕੇ ਆਏਗਾ। ਹੁਣ ਤੱਕ ਝੁੱਗੀਆਂ ਵਾਲਿਆਂ ਵਿਚ ਚੇਤਨਾ ਪੈਦਾ ਹੋ ਚੁੱਕੀ ਸੀ। ਉਹਨਾਂ ਨੇ ਚੂਹਿਆਂ ਨੂੰ ਮਾਰਿਆ ਫਿਰ ਵੀ ਨਹੀਂ, ਸਿਰਫ ਉਹਨਾਂ ਦੀਆਂ ਪੂਛਾਂ ਕੱਟ ਕੇ ਪਕੜਾਉਣ ਲੱਗੇ। ਸਗੋਂ ਉਲਟਾ ਇਹ ਹੋਇਆ ਕਿ ਕੁਝ ਲੋਕਾਂ ਨੇ ਚੂਹੇ ਪਾਲਣੇ ਸ਼ੁਰੂ ਕਰ ਦਿੱਤੇ। ਦੁਨੀਆਂ ਦੇ ਵਿਚ ਇਸ ਨੂੰ ਰੈਟ ਫਾਰਮਿੰਗ (ਚੂਹਿਆਂ ਦੀ ਖੇਤੀ) ਦੇ ਨਾਂ ਹੇਠ ਜਾਣਿਆ ਜਾਂਦਾ ਹੈ। ਇਸ ਤਰ੍ਹਾਂ ਇਹ ਪਲੇਗ ਬਹੁਤ ਜ਼ਿਆਦਾ ਫੈਲ ਗਈ ਤੇ ਬਹੁਤ ਜ਼ਿਆਦਾ ਨੁਕਸਾਨ ਕੀਤਾ। ਇਹ ਕਹਾਣੀ ਇਹ ਸਿੱਧ ਕਰ ਦਿੰਦੀ ਹੈ ਕਿ ਜਿੰਨਾਂ ਨਾਲ ਬੇਇਨਸਾਫੀ ਹੁੰਦੀ ਹੈ, ਉਹ ਬਦਲਾ ਲੈਣ ਦਾ ਹਰ ਤਰੀਕਾ ਲਭਦੇ ਹਨ ਜਿਵੇ ਵੀਅਤਨਾਮੀਆਂ ਨੇ ਲੱਭਿਆ। ਬਦਲਾ ਲੈਣ ਦੀਆਂ ਭਾਰਤ ਵਿਚ ਅਜਿਹੀਆਂ ਕਈ ਕਹਾਣੀਆਂ ਹਨ।

ਇਸ ਤੋਂ ਬਾਅਦ ਚਰਚਾ ਕਰਦੇ ਹਾਂ ਡੇਨੀਅਲ ਡਿਫੋ (Daniel Defoe) ਦੁਆਰਾ 1722 ਵਿਚ ਲਿਖੀ ਕਿਤਾਬ ਏ ਜਰਨਲ ਆਫ ਦਾ ਪਲੇਗ ਈਅਰ (A Journal of the Plague Year) ਇਹ ਪੁਸਤਕ 1665 ਵਿਚ ਲੰਦਨ ਵਿਚ ਫੈਲੀ ਪਲੇਗ ਦੀ ਮਹਾਂਮਾਰੀ ਤੇ ਆਧਾਰਿਤ ਹੈ। ਹੈਰਾਨੀ ਦੀ ਗੱਲ ਹੈ ਕਿ ਉਸ ਦੌਰ ਵਿਚ ਬਹੁਤ ਕੁਝ ਅਜਿਹਾ ਹੀ ਵਾਪਰਿਆ ਸੀ, ਜਿਹੋ ਜਿਹਾ ਹੁਣ ਵਾਪਰ ਰਿਹਾ ਹੈ। ਸਤੰਬਰ 1664 ਵਿਚ ਮਹਾਂਮਾਰੀ ਦੀ ਸੁਰੂਆਤ ਇਕ ਅਫਵਾਹ ਤੋਂ ਫੈਲਦੀ ਹੈ ਕਿ ਕਿਸੇ ਕਰੋਪੀ ਨੇ ਹਾਲੈਂਡ ਤੇ ਹੱਲਾ ਬੋਲ ਦਿੱਤਾ ਹੈ। ਤਿੰਨ ਮਹੀਨਿਆਂ ਬਾਅਦ ਲੰਦਨ ਵਿਚ ਇਸ ਬੀਮਾਰੀ ਨਾਲ ਹੋਈ ਪਹਿਲੀ ਸ਼ੱਕੀ ਮੌਤ ਸਾਮ੍ਹਣੇ ਆਉਂਦੀ ਹੈ। ਅਗਲੇ ਸਾਲ ਦੀ ਸ਼ੁਰੂਆਤ ਤੇ ਮੌਤਾਂ ਬਹੁਤ ਵਧ ਜਾਂਦੀਆਂ ਹਨ ਤੇ ਜੁਲਾਈ 1665 ਵਿਚ ਹੁਣ ਵਾਲੇ ਲਾਕਡਾਉਨ ਵਰਗਾ ਕੁਝ ਲਾਗੂ ਹੋ ਜਾਂਦਾ ਹੈ। ਸਾਰੇ ਜਨਤਕ ਪ੍ਰੋਗਰਾਮ ਠੱਪ, ਸ਼ਰਾਬਬੰਦੀ, ਢਾਬਿਆਂ ਤੇ ਸਰਾਵਾਂ ਤੇ ਪਾਬੰਦੀ, ਅਖਾੜੇ ਤੇ ਖੁੱਲ੍ਹੇ ਸਟੇਡੀਅਮ ਆਦਿ ਸਭ ਕੁਝ ਬੰਦ..ਪਰ ਉਸ ਦੌਰ ਦੇ ਫਿਰੰਗੀ ਅੱਜ ਦੇ ਭਾਰਤ ਵਰਗੇ ਲਾਪਰਵਾਹ...ਕਿੱਥੇ ਟਿਕਦੇ ਨੇ.. ਕੁਝ ਇਕ ਸਿਆਣੇ ਲੋਕਾਂ ਨੂੰ ਛੱਡ ਕੇ ਗੱਲੀਆਂ ਵਿਚ ਗੇੜੀਆਂ, ਸਮਾਨ ਖਰੀਦਣ ਲਈ ਭੀੜਾਂ ਆਦਿ ਸਭ ਕੁਝ ਇੰਝ ਹੀ ਚਲਦਾ ਸੀ..ਅਗਸਤ 1665 ਤੱਕ ਮਹਾਂਮਾਰੀ ਸ਼ਿਖਰ ਤੇ ਪਹੁੰਚ ਗਈ। ਫੇਰ ਬਹੁਤ ਜ਼ਿਆਦਾ ਸਖ਼ਤੀ ਹੋਈ ਤਾਂ ਕਿਤੇ ਦਸੰਬਰ ਤੱਕ ਜਾ ਕੇ ਇਸ ਦਾ ਪ੍ਰਭਾਵ ਘਟਿਆ। ਜਦ ਲੰਦਨ ਦੀ ਆਖਰੀ ਗਲੀ ਵੀ ਇਸ ਤੋਂ ਮੁਕਤ ਹੋਈ ਤਦ ਲੰਦਨ ਵਾਸੀਆਂ ਨੇ ਸ਼ੁਕਰ ਮਨਾਇਆ।

ਇਸ ਤੋਂ ਬਾਅਦ ਵਿਸ਼ਵ ਪ੍ਰਸਿਧ ਲੇਖਕ ਅਲਬੇਅਰ ਕਾਮੂ ਦੇ 1947 ਵਿਚ ਪ੍ਰਕਾਸ਼ਿਤ ਨਾਵਲ ਦ ਪਲੇਗ (La Peste) ਦਾ ਇੱਥੇ ਜ਼ਿਕਰ ਕਰਨਾ ਬਣਦਾ ਹੈ। ਇਸ ਨਾਵਲ ਦਾ ਪਲਾਟ ਅਲਜੀਰੀਆ ਦੇ ਸ਼ਹਿਰ ਓਰਾਨ ਵਿਚ ਆਈ ਪਲੇਗ ਦੀ ਮਹਾਂਮਾਰੀ ਤੇ ਉੱਸਰਿਆ ਹੈ। ਇਸ ਨਾਵਲ ਦੀ ਕਹਾਣੀ ਦੇ ਮੁਤਾਬਕ ਜਿੰਨੇ ਉਸ ਸ਼ਹਿਰ ਦੇ ਲੋਕ ਐਸਪ੍ਰਸਤ ਸਨ, ਉਥੋਂ ਦੇ ਹਾਕਮ ਉਨੇ ਹੀ ਲਾਪਰਵਾਹ ਸੀ। ਜਦ ਸ਼ਹਿਰੀਆਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਚੂਹੇ ਮਰੇ ਹੋਏ ਦੇਖੇ ਤਾਂ ਲੋਕਾਂ ਵਿਚ ਖੌਫ਼ ਪੈਦਾ ਹੋਇਆ। ਅਖਬਾਰਾਂ ਵਿਚ ਖ਼ਬਰਾਂ ਲੱਗੀਆ ਤਾਂ ਕਾਫੀ ਢਿਸਰ-ਮਿਸਰ ਕਰਨ ਤੋਂ ਬਾਅਦ ਹਾਕਮਾਂ ਨੇ ਚੂਹਿਆਂ ਨੂੰ ਜਲਾ ਕੇ ਖਤਮ ਕਰ ਦਿੱਤਾ। ਉਸ ਤੋਂ ਕੁਝ ਸਮਾਂ ਬਾਅਦ ਸ਼ਹਿਰ ਦੇ ਇਕ ਬੰਦੇ ਨੂੰ ਵੱਖਰੀ ਤਰ੍ਹਾਂ ਦਾ ਬੁਖਾਰ ਹੋਇਆ ਤੇ ਉਸ ਦੀ ਮੌਤ ਹੋ ਗਈ..ਫਿਰ ਕੁਝ ਦਿਨਾਂ ਬਾਅਦ ਇਕ ਹੋਰ ਕੇਸ ਆਇਆ। ਸ਼ਹਿਰ ਦੇ ਕਾਬਲ ਡਾਕਟਰ ਰਿਕਸ ਨੇ ਆਪਣੇ ਦੋਸਤ ਡਾ. ਕਾਸਲ ਨੂੰ ਨਾਲ ਲੈ ਕੇ ਖੋਜ ਕੀਤੀ ਤਾਂ ਇਸ ਸਿੱਟੇ ਤੇ ਪਹੁੰਚੇ ਕਿ ਇਹ ਪਲੇਗ ਨਾਂ ਦਾ ਲਾਗ ਦਾ ਰੋਗ ਹੈ। ਉਸ ਨੇ ਲੋਕਾਂ ਨੂੰ ਕਿਹਾ। ਪਹਿਲਾਂ ਲੋਕ ਨਾ ਗੌਲੇ, ਜਦ ਮੌਤਾਂ ਵਧ ਗਈਆ ਤਾਂ ਸਰਕਾਰ ਕੋਲ ਪਿੱਟ ਸਿਆਪਾ ਹੋਇਆ ਤਾਂ ਸਰਕਾਰ ਨਾ ਗੌਲੀ। ਪਾਦਰੀ ਨੇ ਐਲਾਨ ਕਰ ਦਿੱਤਾ ਕਿ ਇਹ ਬੀਮਾਰੀ ਲਾਗ ਦਾ ਰੋਗ ਨਹੀਂ, ਲੋਕ ਪਾਪੀ ਹਨ ਤੇ ਇਹ ਉਹਨਾਂ ਦੇ ਪਾਪਾਂ ਦਾ ਫਲ ਹੈ। ਜਦ ਪਾਣੀ ਸਿਰ ਤੋਂ ਦੀ ਲੰਘ ਗਿਆ ਤਾਂ ਸ਼ਹਿਰ ਦੇ ਸਾਰੇ ਦਰਵਾਜੇ ਬੰਦ ਕਰ ਦਿੱਤੇ ਗਏ ਤੇ ਮਰੀਜਾਂ ਨੂੰ ਵੱਖਰਾ ਕਰ ਦਿੱਤਾ ਗਿਆ ਤੇ ਹੌਲੀ ਹੋਲੀ ਇਹ ਬੀਮਾਰੀ ਕਾਬੂ ਵਿਚ ਆਈ। ਇਸ ਨਾਵਲ ਦਾ ਮਤਲਬ ਮਹਿਜ ਕਹਾਣੀ ਪੇਸ਼ ਕਰਨਾ ਨਹੀਂ ਹੈ। ਕਾਮੂ ਦੁਨੀਆਂ ਦਾ ਬਹੁਤ ਵੱਡਾ ਦਾਰਸ਼ਨਿਕ ਸੀ। ਕਹਾਣੀ ਵਿਚ ਬਹੁਤ ਸਾਰੇ ਬੱਚਿਆਂ ਦੀ ਮੌਤ ਹੁੰਦੀ ਹੈ ਜਿਸ ਵਿਚ ਮੇਅਰ ਦਾ ਬੱਚਾ ਵੀ ਸ਼ਾਮਿਲ ਸੀ। ਇਸ ਘਟਨਾ ਤੋਂ ਬਾਅਦ ਪਾਦਰੀ ਆਪਣਾ ਪਹਿਲਾਂ ਵਾਲਾ ਬਿਆਨ ਵਾਪਿਸ ਲੈਂਦਾ ਹੈ। ਉਸ ਦੁਆਰਾ ਬਿਆਨ ਵਾਪਿਸ ਲੈਣਾ ਇਸ ਤੱਥ ਦਾ ਸੂਚਕ ਹੈ ਕਿ ਬਹੁਤੀ ਵਾਰ ਧਰਮ ਦੇ ਉਚ ਰੁਤਬਿਆਂ ਤੇ ਬੈਠੇ ਲੋਕ ਘਟਨਾ ਦੇ ਅਸਲ ਕਾਰਨ ਨਾ ਸਮਝ ਕੇ ਸਮਾਜ ਨੂੰ ਵੱਡੀ ਮੁਸੀਬਤ ਵੱਲ ਧੱਕ ਦਿੰਦੇ ਹਨ। ਮੰਦੇ ਭਾਗੀਂ ਕਰੋਨਾ ਕਾਲ ਦੇ ਕੁਝ ਕੇਸਾਂ ਵਿਚ ਵੀ ਇਸੇ ਤਰ੍ਹਾਂ ਹੀ ਹੋਇਆ ਜਿਸ ਦੇ ਆਧਾਰ ਤੇ ਕਰੋਨਾ ਨੂੰ ਕਰੋਨਾ ਖਾਨ ਬਣਾਉਣ ਦੀ ਨਾਪਾਕ ਕੋਸ਼ਿਸ਼ ਕੀਤੀ ਗਈ। ਇਸ ਨਾਵਲ ਦਾ ਇਕ ਹੋਰ ਖ਼ੂਬਸੂਰਤ ਪੱਖ ਜੋ ਅੱਜ ਦੇ ਸੰਦਰਭ ਵਿਚ ਮਹੱਵਪੂਰਨ ਹੈ। ਉਹ ਹੈ ਡਾਕਟਰ ਰਿਕਸ ਦੁਆਰਾ ਆਪਣੀ ਬੀਵੀ ਦੀ ਜਾਨ ਖਤਰੇ ਵਿਚ ਪਾ ਕੇ ਵੀ ਲੋਕ ਸੇਵਾ ਕਰਨਾ ਤੇ ਇਹ ਕਹਿਣਾ :

ਮੈਨੂੰ ਪਤਾ ਨਹੀਂ ਕਿ ਮੌਤ ਕਿਸ ਪਲ ਮੇਰਾ ਇੰਤਜ਼ਾਰ ਕਰ ਰਹੀ ਹੈ ਅਤੇ ਅਖੀਰ ਤੱਕ ਕੀ ਹੋਵੇਗਾ ? ਅਜੇ ਤਾਂ ਬਸ ਮੈਂ ਇਹ ਜਾਣਦਾ ਹਾਂ ਕਿ ਲੋਕ ਬੀਮਾਰ ਹਨ ਅਤੇ ਉਹਨਾਂ ਨੂੰ ਇਲਾਜ ਦੀ ਜ਼ਰੂਰਤ ਹੈ ਅਤੇ ਆਖਿਰ ਵਿਚ ਇਸ ਮਹਾਂਮਾਰੀ ਵਿਚ ਬਚੇ ਹੋਏ ਲੋਕਾਂ ਲਈ ਇਕ ਸਬਕ ਵੀ ਹੈ ਕਿ ਉਹਨਾਂ ਨੂੰ ਹੁਣ ਪਤਾ ਲੱਗ ਗਿਆ ਹੋਵੇਗਾ ਕਿ ਕਿਸੇ ਵੀ ਮੁਸ਼ਕਿਲ ਦੌਰ ਵਿਚ ਸਭ ਤੋਂ ਵੱਧ ਜ਼ਰੂਰਤ ਹੁੰਦੀ ਹੈ : ਇਨਸਾਨ ਨਾਲ ਮੁਹੱਬਤ ਕਰਨਾ।

ਇੱਕੀਵੀ ਸਦੀ ਵਿਚ ਤਿੰਨ ਮਹਾਂਮਾਰੀਆਂ ਆਈਆਂ :

2012 ਵਿਚ ਸਾਰਸ ਨਾਂ ਦੇ ਵਾਇਰਸ ਰਾਹੀਂ ਆਈ ਮਹਾਂਮਾਰੀ ਜਿਸ ਤੇ ਆਧਾਰਿਤ ਮਾਰਗਰੇਟ ਐਟਵੁੱਡ ਦਾ ਨਾਵਲ ਈਅਰ ਆਫ ਦਾ ਫਲੱਡ ਆਇਆ। ਇਸ ਨਾਵਲ ਵਿਚ ਇਕ ਅਜਿਹੀ ਸਥਿਤੀ ਦੀ ਕਲਪਨਾ ਕੀਤੀ ਗਈ ਹੈ ਜਿਸ ਵਿਚ ਕੋਈ ਵਾਇਰਸ ਹਵਾ ਵਿਚ ਤੈਰਦਾ ਹੋਇਆ ਬਿਨਾ ਪਾਣੀ ਤੋਂ ਹੜ੍ਹ ਦੀ ਤਰ੍ਹਾਂ ਆਉਂਦਾ ਹੈ ਤੇ ਸਭ ਕੁਝ ਹੂੰਝ ਕੇ ਲੈ ਜਾਂਦਾ ਹੈ ਅਤੇ ਕਈ ਸ਼ਹਿਰਾਂ ਨੂੰ ਤਬਾਹ ਕਰ ਦਿੰਦਾ ਹੈ। ਇਹ ਤਬਾਹੀ ਕੁਝ-ਕੁਝ ਹੀਰੋਸ਼ੀਮਾ ਦਾ ਦ੍ਰਿਸ਼ ਯਾਦ ਕਰਾਉਂਦੀ ਹੈ ਜਿਸ ਵਿਚ ਸਵੇਰੇ ਅੱਠ ਵੱਜ ਕੇ ਪੰਦਰਾਂ ਮਿੰਟ ਤੇ ਧਮਾਕਾ ਹੋਇਆ ਤੇ ਇਕ ਅਜਿਹੀ ਅੱਗ ਦੀ ਹਨੇਰੀ ਆਈ ਜਿਸ ਵਿਚ ਕੁਝ ਮਿੰਟਾਂ ਵਿਚ ਹੀ ਸਹਿਰ ਦਾ ਵੱਡਾ ਹਿੱਸਾ ਸੜ ਕੇ ਸੁਆਹ ਹੋ ਗਿਆ। ਇਸ ਨਾਵਲ ਦੀ ਮਹਾਂਮਾਰੀ ਵਿਚ ਕੋਈ ਟਾਵਾਂ ਬੰਦਾ ਹੀ ਬਚਦਾ ਹੈ। ਇਕ ਅਜਿਹੇ ਦ੍ਰਿਸ਼ ਵਿਚ ਬਚੀ ਹੋਈ ਇਕ ਪਾਤਰ ਟੋਬੀ ਉਜਾੜ ਤੇ ਤਬਾਹੀ ਵਿਚ ਖੜੋ ਕੇ ਅਸਮਾਨ ਵੱਲ ਤੱਕਦੇ ਹੋਏ ਕਹਿੰਦੀ ਹੈ ਕਿ :

ਕੋਈ ਹੋਰ ਵੀ ਜ਼ਰੂਰ ਬਚਿਆ ਹੋਵੇਗਾ... ਇਸ ਧਰਤੀ ਤੇ ਉਹ ਇਕੱਲੀ ਇਨਸਾਨ ਤਾਂ ਨਹੀਂ ਹੋਵੇਗੀ।

ਇਹ ਨਾਵਲ ਵਿਸ਼ਵ ਦੇ ਉਸ ਗ਼ੈਰ ਕੁਦਰਤੀ ਵਿਕਾਸ ਮਾਡਲ ਵੱਲ ਵੀ ਇਸ਼ਾਰਾ ਕਰਦਾ ਹੈ ਜਿਸ ਦੀ ਗੱਲ ਪਿਛਲੇ ਲੇਖਾਂ ਵਿਚ ਕੀਤੀ ਗਈ ਹੈ। ਫਲੈਸ਼ ਬੈਕ ਵਿਚ ਲੇਖਿਕਾ ਦਸਦੀ ਹੈ ਕਿ : ਕਿਸ ਤਰ੍ਹਾਂ ਕੁਦਰਤ ਅਤੇ ਇਨਸਾਨੀ ਦੁਨੀਆਂ ਦਾ ਸੰਤੁਲਨ ਵਿਗੜਿਆ ? ਕਿਉਂਕਿ ਸੱਤਾਧਾਰੀ ਕੰਪਨੀਆਂ ਨੇ ਬਾਇਓ ਇੰਜੀਨੀਅਰਿੰਗ ਦੇ ਜਰੀਏ ਕੁਦਰਤ ਨਾਲ ਛੇੜਖਾਨੀ ਕੀਤੀ ਅਤੇ ਕਿਸ ਤਰ੍ਹਾਂ ਟੋਬੀ ਵਰਗੀ ਸੋਸ਼ਲ ਐਕਟੀਵਿਸਟ ਨੇ ਇਹਨਾਂ ਕਾਰਪੋਰੇਟ ਅਦਾਰਿਆਂ ਦਾ ਵਿਰੋਧ ਕੀਤਾ ਸੀ।

2012 ਦੀ ਮਰਸ (MERS) ਮਹਾਂਮਾਰੀ ਤੋਂ ਬਾਅਦ 2018 ਵਿਚ ਚੀਨੀ ਮੂਲ ਦੀ ਅਮਰੀਕੀ ਲੇਖਿਕਾ ਨੇ ਸੇਵਰੈਂਸ ਨਾਮ ਹੇਠ ਨਾਵਲ ਲਿਖਿਆ ਜਿਸ ਵਿਚ ਇਤਫਾਕਨ ਉਹ ਨਿਉਯਾਰਕ ਸ਼ਹਿਰ ਵਿਚ, ਜਿੱਥੇ ਹੁਣ ਕਰੋਨਾ ਨੇ ਵੀ ਸਭ ਤੋਂ ਵੱਧ ਤਬਾਹੀ ਮਚਾਈ ਹੈ, ਇਕ ਅਜਿਹੇ ਬੁਖਾਰ ਦੀ ਕਲਪਨਾ ਕਰਦੀ ਹੈ ਜਿਸ ਵਿਚ ਉਸ ਦੀ ਮੁੱਖ ਪਾਤਰ ਕੇਂਡੇਸ ਚੇਨ ਨਾਮ ਦੀ ਔਰਤ ਸਮੇਤ ਸਿਰਫ ਨੌ ਬੰਦੇ ਬਚਦੇ ਹਨ। ਨਾਵਲ ਦੀ ਪ੍ਰਾਪਤੀ ਤਬਾਹੀ ਨੂੰ ਪੇਸ਼ ਕਰਨ ਵਿਚ ਨਹੀਂ ਬਲਕਿ ਤਬਾਹੀ ਤੋਂ ਬਾਅਦ ਉਹਨਾਂ ਨੌਆਂ ਦੁਆਰਾ ਜ਼ਿੰਦਗੀ ਨੂੰ ਮੁੜ ਸ਼ੁਰੂ ਕਰਨ ਦੀ ਇੱਛਾ ਵਿਚ ਹੈ। ਕਰੋਨਾ ਕਾਲ ਵਿਚ ਵੀ ਜਦ ਕਿਸੇ ਨੇ ਇਹ ਅਫ਼ਵਾਹ ਫੈਲਾਈ ਸੀ ਕਿ ਇਟਲੀ ਵਿਚ ਲੋਕ ਨੇ ਨੋਟ ਗਲੀਆਂ ਵਿਚ ਸੁੱਟ ਦਿੱਤੇ ਕਿ ਜਦ ਆਪਣੇ ਹੀ ਮਰ ਗਏ ਤਾਂ ਫਿਰ ਜੀ ਕੇ ਕੀ ਕਰਨਾ। ਪਰ ਉਹ ਇਕ ਫਿਲਮ ਦੇ ਦ੍ਰਿਸ਼ ਦੀ ਫੋਟੋ ਸੀ। ਤੇ ਉਦੋਂ ਵੀ ਇਹ ਤਰਕ ਹੀ ਦਿੱਤਾ ਸੀ ਕਿ ਕੁਝ ਵੀ ਹੋਵੇ, ਬਚੇ ਹੋਏ ਲੋਕ ਹਰ ਹਾਲ ਵਿਚ ਨਵੀਂ ਜ਼ਿੰਦਗੀ ਸ਼ੁਰੂ ਕਰਨ ਦਾ ਸੁਪਨਾ ਲੈਂਦੇ ਹਨ, ਇਹੀ ਕੁਕਨੂਸ ਵਾਂਗ ਆਪਣੀ ਅੱਗ ਵਿੱਚੋਂ ਪੈਦਾ ਹੋਣ ਦਾ ਹੁੱਨਰ ਹੈ ਜੋ ਮਨੁੱਖ ਨੇ ਸਿੱਖਿਆ ਹੈ।

2014 ਦੇ ਈਬੋਲਾ ਵਾਇਰਸ ਦੀ ਤਬਾਹੀ ਤੇ ਆਧਾਰਿਤ ਏਮਲੀ ਸੇਂਟ ਜਾਨ ਮੰਡੇਲ ਦਾ 2014 ਵਿਚ ਹੀ ਆਇਆ ਨਾਵਲ ਸਟੇਸ਼ਨ ਇਲੈਵਨ ਹੈ ਜਿਸ ਵਿਚ ਜਾਰਜੀਆ ਗਣਰਾਜ ਵਿਚ ਇਕ ਲਾਗ ਦੀ ਬੀਮਾਰੀ ਦੀ ਕਹਾਣੀ ਹੈ ਜਿਸ ਵਿਚ ਇਸ ਤਰ੍ਹਾਂ ਦੀ ਤਬਾਹੀ ਪੈਦਾ ਹੁੰਦੀ ਹੈ ਜਿਵੇਂ ਨਿਊਟਰਾਨ ਬੰਬ ਫਟ ਗਿਆ ਹੋਵੇ ਅਤੇ ਇੱਥੋ ਦੀ 99 ਫੀਸਦੀ ਅਬਾਦੀ ਖਤਮ ਹੋ ਗਈ ਹੋਵੇ। ਇਸ ਨਾਟਕ ਦੀ ਕਹਾਣੀ ਸ਼ੈਕਸਪੀਅਰ ਦੇ ਨਾਟਕ ਕਿੰਗ ਲੀਅਰ ਦੇ ਮੰਚਨ ਤੋਂ ਸ਼ੁਰੂ ਹੁੰਦੀ ਹੈ ਜਿਸ ਵਿਚ ਮੰਚ ਤੇ ਅਦਾਕਾਰੀ ਕਰਦੇ ਬੰਦੇ ਨੂੰ ਮੰਚ ਤੇ ਹੀ ਦੌਰਾ ਪੈ ਗਿਆ ਸੀ। ਇਸ ਘਟਨਾ ਤੋਂ 20 ਸਾਲ ਬਾਅਦ ਦਾ ਇਕ ਦ੍ਰਿਸ਼ ਹੈ ਜਿਸ ਵਿਚ ਉਸ ਅਦਕਾਰ ਦੀ ਪਤਨੀ ਬਚੇ-ਖੁਚੇ ਅਦਾਕਾਰਾਂ ਨਾਲ ਨਾਟਕ ਕਰ ਰਹੀ ਹੈ। ਇਸ ਤੋਂ ਵੀ ਇਹੀ ਅਹਿਸਾਸ ਹੁੰਦਾ ਹੈ ਕਿ ਜ਼ਿੰਦਗੀ ਹਰ ਹਾਲ ਵਿਚ ਚਲਦੀ ਰਹੇਗੀ...ਸ਼ੋ ਮਸਟ ਗੋ ਆਨ..

ਇਸ ਤੋਂ ਇਲਾਵਾ ਜਿਓਫ਼ਰੀ ਚੌਸਰ ਦੀ ਵਿਸ਼ਵ ਪ੍ਰਸਿੱਧ ਰਚਨਾ ਕੈਂਟਨਬਰੀ ਟੇਲਜ਼ ਵੀ ਚੌਦਵੀਂ ਸਦੀ ਵਿਚ ਇੰਗਲੈਂਡ ਵਿਚ ਆਈ ਗਰੇਟ ਪਲੇਗ ਦੀ ਮਹਾਂਮਾਰੀ ਉੱਪਰ ਉਸ ਦੇ ਸਮਕਾਲ ਵਿਚ ਲਿਖੀ ਇੱਕੋ ਇਕ ਰਚਨਾ ਹੈ ਜਿਸ ਵਿਚ ਉਸ ਮਹਾਂਮਾਰੀ ਦੇ ਪ੍ਰਭਾਵਾਂ ਨੂੰ ਅੰਕਿਤ ਕੀਤਾ ਗਿਆ ਹੈ ਜਿਸ ਵਿਚ ਪਹਿਲਾਂ 1300 ਈਸਵੀ ਵਿਚ ਤੇ ਫਿਰ 1340 ਵਿਚ ਹੋਈਆਂ ਹੋਈਆਂ ਤਬਾਹੀਆਂ ਵਿਚ ਕ੍ਰਮਵਾਰ 6 ਤੇ 4 ਮਿਲੀਅਨ ਲੋਕ ਤਬਾਹ ਹੋਏ। ਇਸ ਪੁਸਤਕ ਵਿਚ ਤੀਹ ਯਤਰੀਆਂ ਨੇ ਸਫਰ ਦੌਰਾਨ ਦੋ ਕਹਾਣੀਆਂ ਆਉਂਦੇ ਹੋਏ ਤੇ ਦੋ ਜਾਂਦੇ ਹੋਏ ਸੁਣਾਉਣੀਆਂ ਹੁੰਦੀਆਂ ਹਨ। ਉਹਨਾਂ ਵਿਚ ਇਕ ਕਹਾਣੀ ਦ ਪਾਰਡਨਰਜ਼ ਟੇਲ (The Pardoner's Tale) ਹੈ ਜਿਸ ਵਿਚ ਇਸ ਪਲੇਗ ਦੇ ਪ੍ਰਭਾਵ ਅੰਕਿਤ ਹਨ।

ਹੋਰ ਵੀ ਕੁਝ ਰਚਨਾਵਾਂ ਹੋਣਗੀਆਂ। ਇਹ ਸਾਰੀਆਂ ਰਚਨਾਵਾਂ ਇਹਨਾਂ ਮਹਾਂਮਾਰੀਆਂ ਦੀਆਂ ਡਾਇਰੀਆਂ ਹਨ। ਜਦ ਵੀ ਕੋਈ ਪਾਠਕ ਇਹਨਾਂ ਨੂੰ ਪੜ੍ਹੇਗਾ ਤਾਂ ਉਸ ਨੂੰ ਬੰਦੇ ਅੰਦਰ ਕੰਮ ਕਰਦੇ ਵਾਇਰਸ ਦੇ ਸਾਖਿਆਤ ਦਰਸ਼ਨ ਹੋਣਗੇ। ਅਲਬੇਅਰ ਕਾਮੂ ਇਹੀ ਨੁਕਤਾ ਮੁੱਖ ਤੌਰ ਤੇ ਉਠਾਉਂਦਾ ਹੈ ਕਿ ਮਨੁੱਖ ਅੰਦਰ ਤਬਾਹੀ ਦਾ ਇਹ ਵਾਇਰਸ ਹਮੇਸ਼ਾ ਮੌਜੂਦ ਰਹਿੰਦਾ ਹੈ। ਇਸ ਲਈ ਜਦ ਵੀ ਕਿਤੇ ਅਜਿਹੇ ਹਾਲਾਤ ਬਣਦੇ ਹਨ ਤਾਂ ਉਹ ਅੰਦਰਲਾ ਵਾਇਰਸ ਬਾਹਰਲੀਆਂ ਸੰਭਾਵਨਾਵਾਂ ਨਾਲ ਮੈਚ ਕਰਕੇ ਤਬਾਹੀ ਮਚਾ ਦਿੰਦਾ ਹੈ। ਇਹ ਗੱਲ ਇਸ ਤੱਥ ਦੇ ਬਿਲਕੁਲ ਉਲਟ ਹੈ ਜੋ ਅਸੀਂ ਕਰੋਨਾ ਦੇ ਪ੍ਰਸੰਗ ਵਿਚ ਇਹ ਸਮਝ ਰਹੇ ਹਾਂ ਕਿ ਵਾਇਰਸ ਬਾਹਰ ਹੈ, ਤੇ ਉਹ ਮੌਕਾ ਤਾੜਕੇ ਮਨੁੱਖ ਦੇ ਅੰਦਰ ਪ੍ਰਵੇਸ਼ ਕਰਦਾ ਹੈ। ਜਦ ਕਿ ਸਾਹਿਤ ਸਾਨੂੰ ਇਹ ਸਮਝਣਾ ਸਿਖਾਉਂਦਾ ਹੈ ਕਿ ਮਨੁੱਖ ਦੇ ਅੰਦਰ ਅਣਗਿਣਤ ਵਾਇਰਸ ਹਨ। ਕਦੇ ਮੌਕਾ ਇਹ ਆਉਂਦਾ ਹੈ ਕਿ ਨਾਂਹ ਪੱਖੀ ਵਾਇਰਸ ਜਾਗਦੇ ਹਨ ਤੇ ਉਹ ਬਾਹਰਲੇ ਹਾਲਤਾਂ ਵਿਚ ਘੁਸਪੈਠ ਕਰ ਕੇ ਤਬਾਹੀ ਦੀ ਖੇਡ ਖੇਡਦੇ ਹਨ। ਪਰ ਨਾਲ ਹੀ ਅਜਿਹੀਆਂ ਤਬਾਹੀਆਂ ਦੇ ਦੌਰ ਵਿਚ ਬਹੁਤ ਸਾਰੇ ਹਾਂਪੱਖੀ ਵਾਇਰਸ ਵੀ ਜਾਗਦੇ ਹਨ, ਜਿੰਨਾ ਕਰਕੇ ਬਹੁਤ ਸਾਰੇ ਲੋਕ ਮਿਲ ਜੁਲ ਕੇ ਡਾਕਟਰ ਰਿਕਸ ਤੇ ਟੋਬੀ ਵਾਂਗ ਨਾਂਹ ਪੱਖੀ ਵਾਇਰਸਾਂ ਨਾਲ ਲੜਨ ਤੇ ਤਬਾਹੀ ਵਿਚੋਂ ਮੁੜ ਉੱਭਰਨ ਦਾ ਸੁਪਨਾ ਲੈਂਦੇ ਹਨ ਤੇ ਮਾਨਵਤਾ ਦੀ ਗੱਡੀ ਫਿਰ ਚਲ ਪੈਂਦੀ ਹੈ। ਬਾਈਬਲ ਦੀ ਕੱਥਾ ਦੇ ਜ਼ਰਦ ਘੋੜੇ ਵਾਂਗ ਅੱਜ ਵੀ ਵਿਸ਼ਵ ਪੀਲੇ ਘੋੜੇ ਤੇ ਸਵਾਰ ਹੈ। ਪਰ ਇਹ ਸਾਹਿਤ ਦਸਦਾ ਹੈ ਕਿ ਭਾਈਚਾਰਾ ਮਜ਼ਬੂਤ ਰੱਖੋ, ਅੰਦਰਲੇ ਵਾਇਰਸਾਂ ਦੀ ਪਹਿਚਾਣ ਕਰੋ। ਉਮੀਦ ਹੈ ਕਿ ਹੁਣ ਵੀ ਜ਼ਿੰਦਗੀ ਮੁੜ ਲੀਹ ਤੇ ਆਏਗੀ ਕਿਉਂਕਿ ਸ਼ੋ ਮਸਟ ਗੋ ਆਨ..। ਕਰੋਨਾ ਦੌਰ ਵਿਚ ਵੀ ਦੁਨੀਆਂ ਅੰਦਰ ਕੰਮ ਕਰਦੇ ਹਾਂ ਪੱਖੀ ਤੇ ਨਾਂਹ ਪੱਖੀ ਵਾਇਰਸਾਂ ਦੀਆਂ ਕਥਾਵਾਂ ਲਿਖੀਆਂ ਜਾਣਗੀਆ। ਸੁਰਜੀਤ ਪਾਤਰ ਕਹਿੰਦਾ ਹੈ :

ਜੇ ਆਈ ਪਤਝੜ ਤਾਂ ਫੇਰ ਕੀ ਏ, ਤੂੰ ਅਗਲੀ
ਰੁੱਤ ਵਿਚ ਯਕੀਨ ਰੱਖੀਂ
ਮੈਂ ਲੱਭ ਕੇ ਕਿਤਿਓ ਲਿਆਉਨਾ ਕਲਮਾਂ, ਤੂੰ
ਫੁੱਲਾਂ ਜੋਗੀ ਜ਼ਮੀਨ ਰੱਖੀ


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਐਟਮ ਬੰਬ ਦੀ ਤਿਆਰੀ ਦਾ ਪ੍ਰਾਜੈਕਟ ਸੀ ਮਨੁੱਖ ਦੀ ਬਰਬਾਦੀ ਦਾ ਰਾਹ



**- ਡਾ. ਕੁਲਦੀਪ ਸਿੰਘ ਧੀਰ**

ਮੈਨਹੱਟਨ ਪ੍ਰਾਜੈਕਟ ਐਟਮ ਬੰਬ ਦੀ ਤਿਆਰੀ ਦਾ ਪ੍ਰਾਜੈਕਟ ਸੀ। ਐਟਮ ਬੰਬ, ਜਿਸ ਨੇ ਬੀਤੀ ਸਦੀ ਦੇ ਮੱਧ ਵਿਚ ਵਿਸ਼ਵ ਸਭਿਅਤਾ ਨੂੰ ਇਕ ਵੱਡਾ ਮੋੜ ਦਿੱਤਾ ਅਤੇ ਸਿੱਧ ਕਰ ਦਿੱਤਾ ਕਿ ਇਸ ਸਭਿਅਤਾ ਨੂੰ ਤਬਾਹ ਕਰਨ ਦੇ ਸਮਰੱਥ ਇਸ ਧਰਤੀ ਦਾ ਕੋਈ ਜੀਅ ਜੰਤੂ ਹੈ ਤਾਂ ਉਹ ਮਨੁੱਖ ਹੀ ਹੈ। ਇਸ ਤਬਾਹੀ ਦੀ ਪਰਖ ਉਸ ਨੇ ਆਪਣੇ ਹੱਥੀਂ ਕਰ ਕੇ ਵੇਖ ਲਈ ਹੈ ਪਰ ਫਿਰ ਵੀ ਉਹ ਇਸ ਰਾਹ ਉੱਤੇ ਤੁਰਨੋਂ ਬਾਜ਼ ਨਹੀਂ ਆਇਆ। ਰੱਬ ਦੀ ਕੁਦਰਤ ਵਿਚ ਮਨੁੱਖ ਲਈ ਕਿਸੇ ਗੱਲ ਦੀ ਥੁੜ ਨਹੀਂ। ਧਰਤੀ ਦਾ ਹਰ ਕੋਨਾ ਖੁਸ਼ੀ ਖੁਸ਼ਹਾਲੀ ਨਾਲ ਰੌਸ਼ਨ ਹੋ ਸਕਦਾ ਹੈ। ਭੁੱਖੇ ਰੱਜ ਕੇ ਰੋਟੀ ਖਾ ਸਕਦੇ ਹਨ। ਧਰਤੀ ਦੇ ਹਨੇਰੇ ਖੂੰਜੇ ਰੌਸ਼ਨ ਹੋ ਸਕਦੇ ਹਨ। ਉਦਾਸ ਚਿਹਰੇ ਖੁਸ਼ੀਆਂ ਨਾਲ ਖਿੜ ਸਕਦੇ ਹਨ। ਪਰ ਇਸ ਸਾਰੇ ਕੁਝ ਦੀ ਥਾਂ ਹਰ ਦੇਸ਼ ਅਰਬਾਂ ਖਰਬਾਂ ਰੁਪਏ ਦੀ ਤਬਾਹੀ ਦੇ ਹਥਿਆਰ ਬਣਾਉਣ ਉੱਤੇ ਲਾ ਰਿਹਾ ਹੈ। ਇਕੋ ਮੈਨਹੱਟਨ ਪ੍ਰਾਜੈਕਟ ਨੇ 1945 ਵਿਚ ਸਵਾ ਦੋ ਲੱਖ ਬੰਦੇ ਅੱਖ ਝਪਕਦੇ ਹੀ ਮਾਰ ਮੁਕਾਏ। ਕਿਸੇ ਵੀ ਸ਼ੈਅ ਨੂੰ ਬਣਾਉਣਾ ਔਖਾ ਹੈ। ਢਾਹੁਣਾ ਜਾਂ ਬਰਬਾਦ ਕਰਨਾ ਕੀ ਮੁਸ਼ਕਲ ਹੈ ? ਮਨੁੱਖੀ ਸਭਿਅਤਾ ਦਾ ਵੀ ਇਹੀ ਹਾਲ ਹੈ। ਹਜ਼ਾਰਾਂ ਸਾਲ ਦੀ ਮਿਹਨਤ ਨਾਲ ਇਸ ਸਿਖਰ 'ਤੇ ਪੁੱਜੀ ਸਾਡੀ ਸਭਿਅਤਾ ਕਿਸੇ ਮੈਨਹੱਟਨ ਪ੍ਰਾਜੈਕਟ ਦੀ ਭੇਟ ਕਦੋਂ ਚੜ ਜਾਵੇ, ਇਹ ਕੌਣ ਜਾਣਦਾ ਹੈ। ਕੀ ਚਾਹੀਦਾ ਹੈ ਇਸ ਲਈ ਰਿਫੈਲਕਟਰਾਂ ਵਿਚ ਜੜੇ ਦਸ-ਦਸ ਪੌਂਡ ਦੇ ਯੂਰੇਨੀਅਮ ਦੇ ਥੋੜੇ ਜਿਹੇ ਗੋਲੇ। ਜੇ ਰਿਫਲੈਕਟਰ ਨਹੀਂ ਤਾਂ ਵੀਹ-ਵੀਹ ਪੌਂਡ ਦੇ ਗੋਲੇ। ਜਿੰਨੇ ਕੁ ਸ਼ਹਿਰ ਤੁਸੀਂ ਤਬਾਹ ਕਰਨੇ ਹਨ, ਬੱਸ ਓਨੇ ਹੀ ਗੋਲੇ। ਤੇ ਇਹ ਗੋਲੇ ਅੱਜ ਦੁਨੀਆਂ ਦੇ ਕਿਸੇ ਇਕ ਮੁਲਕ ਦੀ ਅਜ਼ਾਰੇਦਾਰੀ ਨਹੀਂ ਵੱਡੀਆਂ ਤਾਕਤਾਂ ਕੋਲ ਤਾਂ ਐਨੇ ਹੀ ਨਹੀਂ, ਇਸ ਤੋਂ ਹਜ਼ਾਰਾਂ ਗੁਣਾ ਤਾਕਤ ਵਾਲੇ ਹਜ਼ਾਰਾਂ ਗੋਲੇ ਹਨ। ਉਨਾਂ ਨੂੰ ਛੱਡੋ, ਛੋਟੇ ਛੋਟੇ ਮੁਲਕ ਵੀ ਆਪਣੀ ਗਰੀਬ ਜਨਤਾ ਨੂੰ ਆਏ ਦਿਨ ਸਖ਼ਤ ਤੋਂ ਸਖਤ ਭੁੱਖਮਰੀ ਤੇ ਮਹਿੰਗਾਈ ਵੱਲ ਧੱਕ ਕੇ ਮੌਤ ਦੇ ਇਹ ਗੋਲੇ ਬਣਾ ਰਹੇ ਹਨ। ਮੈਨਹੱਟਨ ਪ੍ਰਾਜੈਕਟ ਨੇ ਤਾਂ ਵਰਿਆਂਬੱਧੀ ਮਿਹਨਤ ਬਾਅਦ ਇਹ ਗੋਲੇ ਬਣਾਏ ਸਨ, ਹੁਣ ਤਾਂ ਬਹੁਤੇ ਦੇਸ਼ਾਂ ਨੂੰ ਸਾਰਾ ਕੁਝ ਪਤਾ ਲੱਗ ਗਿਆ ਹੈ, ਉਹ ਕਿਸੇ ਲੀਹ ਉੱਤੇ ਤੁਰ ਕੇ ਵਰਿਆਂ ਦੀ ਥਾਂ ਮਹੀਨਿਆਂ ਅਤੇ ਦਿਨਾਂ ਵਿਚ ਤਥਾਕਥਿਤ ਪ੍ਰਾਪਤੀ ਕਰਨ ਯੋਗ ਹੋ ਗਏ ਹਨ। ਆਓ ਵੇਖੀਏ ਕਿਵੇਂ ਨੇਪਰੇ ਚੜਿਆ ਸਭਿਅਤਾ ਦੀ ਬਰਬਾਦੀ ਦੇ ਬੀਜ ਬੀਜਣ ਵਾਲਾ ਇਹ ਮੈਨਹੱਟਨ ਪ੍ਰਾਜੈਕਟ।

ਯੂਰੇਨੀਅਮ ਵਿਖੰਡਨ ਨੂੰ ਤਬਾਹੀ ਦਾ ਹਥਿਆਰ ਬਣਾਉਣ ਲਈ ਵਰਤਣ ਦੀ ਕਲਪਨਾ 1934 ਵਿਚ ਜ਼ਿਲਾਰਡ ਨਾਂ ਦੇ ਬਰਤਾਨਵੀ ਵਿਗਿਆਨੀ ਨੇ ਕੀਤੀ ਸੀ ਅਤੇ ਉਸ ਨੇ ਸਿਧਾਂਤਕ ਰੂਪ ਵਿਚ ਇਸ ਲਈ ਪੇਟੈਂਟ ਲੈਣ ਵਾਸਤੇ ਅਰਜ਼ੀ ਵੀ ਦੇ ਦਿੱਤੀ ਸੀ। ਇਸ ਦੇ ਬਾਵਜੂਦ ਵਿਵਹਾਰਕ ਰੂਪ ਵਿਚ ਐਟਮ ਬੰਬ ਬਣਾਉਣ ਲਈ, ਉਸ ਸਮੇਂ ਜਿਹੜੇ ਸਾਧਨ, ਸਮੱਗਰੀ ਤੇ ਮੁਹਾਰਤ ਨੂੰ ਸੰਗਠਤ ਕਰਨ ਦੀ ਲੋੜ ਸੀ, ਉਸ ਦੀ ਸਮਰੱਥਾ ਸ਼ਾਇਦ ਅਮਰੀਕਾ ਕੋਲ ਹੀ ਸੀ। ਇਸੇ ਲਈ ਜ਼ਿਲਾਰਡ ਨੇ ਅਮਰੀਕੀ ਵਿਗਿਆਨੀ ਆਈਨਸਟਾਈਨ ਨੂੰ ਪ੍ਰੇਰਨਾ ਦੇ ਕੇ ਅਮਰੀਕੀ ਰਾਸ਼ਟਰਪਤੀ ਰੂਜ਼ਵੈਲਟ ਦੇ ਨਾਂ ਪੱਤਰ ਲਿਖਾ ਕੇ ਐਟਮ ਬੰਬ ਬਣਾਉਣ ਦੀ ਸਲਾਹ ਦਿੱਤੀ। ਅਕਤਬੂਰ 1939 ਵਿਚ ਉਨਾਂ ਪੱਤਰ ਲਿਖਿਆ ਤੇ ਦਸ ਦਿਨ ਵਿਚ ਹੀ ਰਾਸ਼ਟਰਪਤੀ ਨੇ ਇਸ ਮਸਲੇ ਉੱਤੇ ਇਕ ਕਮੇਟੀ ਬਣਾ ਦਿੱਤੀ। ਅਮਰੀਕਾ ਵਿਚ ਸਾਲ-ਡੇਢ ਸਾਲ ਇਹ ਕੰਮ ਮੱਠੀ ਤੋਰੇ ਤੁਰਦਾ ਰਿਹਾ ਤੇ ਆਰਥਰ ਕਾਂਪਟਨ ਦੀ ਅਗਵਾਈ ਹੇਠ ਐਸ-1 ਪ੍ਰਾਜੈਕਟ ਦੇ ਨਾਂ ਹੇਠ ਐਟਮ ਬੰਬ ਦੀ ਤਿਆਰੀ ਦਾ ਕਾਰਜ ਆਰੰਭ ਹੋ ਗਿਆ। ਅਗਸਤ 1942 ਵਿਚ ਇਸ ਪ੍ਰਾਜੈਕਟ ਨੂੰ 'ਮੈਨਹੱਟਨ ਪ੍ਰਾਜੈਕਟ' ਦਾ ਨਾਂ ਦੇ ਦਿੱਤਾ ਗਿਆ। ਅਗਵਾਈ ਅਜੇ ਵੀ ਆਰਥਰ ਕਾਂਪਟਨ ਕੋਲ ਰਹੀ। 17 ਸਤੰਬਰ, 1942 ਨੂੰ ਸਵੇਰੇ ਸਾਢੇ ਦਸ ਵਜੇ ਅਮਰੀਕੀ ਜਰਨੈਲ ਸਾਮਰਵੈਲ ਨੇ ਆਪਣੇ ਕਰਨਲ ਲੈਸਲੀ ਗਰੱਵਜ਼ ਨੂੰ ਵਿਸ਼ੇਸ਼ ਆਦੇਸ਼ਾਂ ਰਾਹੀਂ ਮੈਨਹੱਟਨ ਪ੍ਰਾਜੈਕਟ ਦੇ ਸੰਚਾਲਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਤੇ ਕਿਹਾ ਕਿ ਇਸ ਪ੍ਰਾਜੈਕਟ ਨੂੰ ਛੇਤੀ ਤੋਂ ਛੇਤੀ ਪੂਰਾ ਕੀਤਾ ਜਾਵੇ। ਫੌਜੀ ਹੁਕਮ ਅਤੇ ਫੌਜੀ ਕਮਾਨ ਹੇਠ ਹੁਣ ਹਰ ਕੰਮ ਬਿਜਲੀ ਦੀ ਤੇਜ਼ੀ ਨਾਲ ਹੋਣ ਲੱਗਾ। ਮਹੀਨਿਆਂ ਤੋਂ ਰਿੜਕ ਰਿਹਾ ਕੰਮ ਹੁਣ ਯਕਦਮ ਚੁਸਤੀ ਫੜ ਗਿਆ।

ਕਰਨਲ ਗਰੱਵਜ਼ ਨੇ ਮੈਨਹੱਟਨ ਪ੍ਰਾਜੈਕਟ ਸੰਭਾਲਦੇ ਸਾਰ ਅਗਲੇ ਹੀ ਦਿਨ 1250 ਟਨ ਯੂਰੇਨੀਅਮ ਦੀ ਖਰੀਦ ਦੇ ਆਦੇਸ਼ ਦੇ ਦਿੱਤੇ। 52000 ਏਕੜ ਜ਼ਮੀਨ ਇਸ ਕਾਰਜ ਲਈ ਖਰੀਦ ਲਈ ਇਕ ਹਫਤੇ ਵਿਚ ਹੀ ਕਰਨਲ ਗਰੱਵਜ਼ ਨੂੰ ਬ੍ਰਿਗੇਡੀਅਰ ਜਨਰਲ ਵਜੋਂ ਤਰੱਕੀ ਦੇ ਦਿੱਤੀ ਗਈ ਅਤੇ ਕੁਝ ਵੀ ਖਰੀਦਣ ਲਈ ਸੰਕਟ ਕਾਲੀ ਪਹਿਲ ਦੇ ਸਾਰੇ ਅਧਿਕਾਰ ਦੇ ਦਿੱਤੇ ਗਏ। ਤਿੱਖਾ ਤੇਜ਼-ਤਰਾਰ ਤੇ ਕੁਝ ਹੱਦ ਤਕ ਹੰਕਾਰੀ ਵੀ ਸੀ ਗਰੱਵਜ਼। ਇਸੇ ਕਾਰਨ ਪ੍ਰਾਜੈਕਟ ਦੇ ਵਿਗਿਆਨੀ ਉਸ ਨੂੰ ਬਹੁਤ ਚੰਗਾ ਨਹੀਂ ਸਨ ਮੰਨਦੇ। ਜ਼ਿਲਾਰਡ ਤੇ ਗਰੱਵਜ਼ ਵਿਚ ਤਾਂ ਖਾਸੀ ਦੁਸ਼ਮਣੀ ਪੈਦਾ ਹੋ ਗਈ ਸੀ। ਜਨਰਲ ਨੂੰ ਕਿਸੇ ਦੀ ਕੋਈ ਪ੍ਰਵਾਹ ਨਹੀਂ ਸੀ। ਉਸ ਉੱਤੇ ਛੇਤੀ ਤੋਂ ਛੇਤੀ ਬੰਬ ਬਣਾਉਣ ਦੀ ਧੁਨ ਸਵਾਰ ਸੀ। ਉਹ ਹਰ ਕੰਮ, ਹਰ ਜ਼ਿੰਮੇਵਾਰੀ, ਹਰ ਸਮੱਸਿਆ ਦੀ ਆਪ ਨਿਸ਼ਾਨਦੇਹੀ ਕਰਕੇ ਉਸ ਦੀ ਸਪਸ਼ਟ ਸੌਂਪਣੀ ਕਿਸੇ ਵਿਗਿਆਨੀ, ਇੰਜੀਨੀਅਰ, ਪ੍ਰਬੰਧਕ ਜਾਂ ਅਧਿਕਾਰੀ ਨੂੰ ਕਰਕੇ ਉਸ ਨੂੰ ਸਮਾਂਬੱਧ ਸੀਮਾਵਾਂ ਵਿਚ ਨੇਪਰੇ ਚਾੜਨ ਦੇ ਹੁਕਮ ਦੇਈ ਰੱਖਦਾ ਸੀ। ਫਰਮੀ ਉਸ ਸਮੇਂ ਗਰੇਫਾਈਟ ਅਤੇ ਯੂਰੇਨੀਅਮ ਨਾਲ ਪਹਿਲਾ ਨਿਊਕਲੀਅਰ ਰਿਐਕਟਰ ਡਿਜ਼ਾਈਨ ਕਰ ਰਿਹਾ ਸੀ। ਇਸ ਨੂੰ ਉਸ ਨੇ ਸੀ.ਪੀ.-1 ਦਾ ਨਾਮ ਦਿੱਤਾ ਸੀ। ਉਹ ਇਹ ਕੰਮ ਸ਼ਿਕਾਗੋ ਯੂਨੀਵਰਸਿਟੀ ਵਿਚ ਮੈਟ-ਲੈਬ ਨਾਂ ਦੇ ਗੁਪਤ ਪ੍ਰਾਜੈਕਟ ਅਧੀਨ ਕਰਦਾ ਆ ਰਿਹਾ ਸੀ।

ਗਰੱਵਜ਼ ਨੂੰ ਵਿਖੰਡਨ ਨਾਲ ਸਬੰਧਤ ਇਸ ਕਿਸਮ ਦਾ ਕਾਰਜ ਬਹੁਤਾ ਕੰਮ ਵਿਗਿਆਨੀਆਂ ਦੇ ਹੱਥਾਂ ਤੋਂ ਲੈ ਕੇ ਡੂ-ਪੋਂਟ ਤੇ ਕੈਲਾਗ ਜਿਹੀਆਂ ਉਦਯੋਗਿਕ ਕਾਰਪੋਰੇਸ਼ਨਾਂ ਦੇ ਹਵਾਲੇ ਕਰ ਦਿੱਤਾ। 15 ਅਕਤੂਬਰ 1942 ਨੂੰ ਉਸ ਨੇ ਹਥਿਆਰਾਂ ਨਾਲ ਜੁੜੇ ਭੌਤਿਕ ਵਿਗਿਆਨ ਲਈ ਇਕ ਨਵੀਂ ਪ੍ਰਯੋਗਸ਼ਾਲਾ ਦਾ ਗਠਨ ਕੀਤਾ। ਇਸ ਨੂੰ ਉਸ ਨੇ ਪ੍ਰਾਜੈਕਟ-ਵਾਈ ਦਾ ਨਾਂ ਦਿੱਤਾ ਅਤੇ ਇਸ ਦੇ ਸੰਚਾਲਨ ਦੀ ਜ਼ਿੰਮੇਵਾਰੀ ਰਾਬਰਟ ਓਪਨਹੀਮਰ ਨੂੰ ਸੌਂਪੀ। ਇਹ ਕਾਰਜ 16 ਨਵੰਬਰ ਨੂੰ ਨਿਊ ਮੈਕਸੀਕੋ ਵਿਚ ਲਾਸ ਐਲਮਾਸ ਵਿਚ ਵਿਵਹਾਰਕ ਰੂਪ ਵਿਚ ਆਰੰਭ ਕਰ ਦਿੱਤਾ ਗਿਆ। ਓਪਨ ਹੀਮਰ ਬਰਕਲੇ ਵਿਚ ਭੌਤਿਕ ਵਿਗਿਆਨ ਦਾ ਪ੍ਰੋਫੈਸਰ ਸੀ। ਐਸ.-1 ਪ੍ਰਾਜੈਕਟ ਵਿਚ ਉਸ ਨੇ ਵਿਗਿਆਨੀਆਂ ਦੇ ਵੱਖ-ਵੱਖ ਗਰੁੱਪਾਂ ਨੂੰ ਸੰਗਠਤ ਰੂਪ ਵਿਚ ਚਲਾਉਣ ਸਮੇਂ ਬੜੀ ਸੂਝ-ਬੂਝ ਦਿਖਾਈ ਸੀ। ਗਰੱਵਜ਼ ਤੇ ਓਪਨਹੀਮਰ ਦੋਵੇਂ ਇਕੋ ਸੋਚ ਅਤੇ ਵਿਵਹਾਰਕ ਸੂਝ ਦੇ ਮਾਲਕ ਸਨ। ਇਸ ਲਈ ਦੋਹਾਂ ਵਿਚ ਖੂਬ ਬਣੀ। ਪ੍ਰਾਜੈਕਟ ਵਿਚ ਹੁਣ ਦਿਨ ਰਾਤ ਇਕ ਕਰ ਦਿੱਤਾ ਗਿਆ। ਫਰਮੀ ਅਤੇ ਉਸ ਦੇ ਸਾਥੀਆਂ ਨੇ ਪਹਿਲੀ ਦਸੰਬਰ 1942 ਤਕ ਸੀ.ਪੀ.-1 ਦਾ ਡਿਜ਼ਾਈਨ ਪੂਰਾ ਕਰ ਦਿੱਤਾ। ਉਸਾਰੀ ਤਾਂ ਪਹਿਲਾਂ ਹੀ ਜਾਰੀ ਸੀ। ਇਸ ਲਈ ਡਿਜ਼ਾਈਨ ਮਿਲਦੇ ਸਾਰ ਇਸ ਨੂੰ ਅਮਲੀ ਰੂਪ ਦੇ ਦਿੱਤਾ ਗਿਆ ਤੇ ਅਗਲੇ ਦਿਨ ਸ਼ਾਮ ਨੂੰ ਸੀ.ਪੀ.-1 ਚਾਲੂ ਕਰ ਦਿੱਤਾ ਗਿਆ। ਜਨਵਰੀ 1943 ਵਿਚ ਗਰੱਵਜ਼ ਨੇ ਹੈਂਫਰਡ ਇੰਜੀਨੀਅਰਿੰਗ ਵਰਕਸ ਨਾਂ ਹੇਠ 780 ਵਰਗ ਕਿਲੋਮੀਟਰ ਥਾਂ ਲੈ ਕੇ ਪਲੂਟੋਨੀਅਮ ਉਤਪਾਦਕ ਰਿਐਕਟਰ ਅਤੇ ਨਿਖੇੜਕ ਪਲਾਂਟ ਦਾ ਕੰਮ ਵੀ ਸ਼ੁਰੂ ਕਰਵਾ ਦਿੱਤਾ। ਮਾਰਚ ਵਿਚ ਇਹ ਪਲਾਂਟ ਵੀ ਚਾਲੂ ਹੋ ਗਿਆ। ਇੰਜ ਮਾਹਰ ਵਿਗਿਆਨੀ ਇਕ ਪਾਸੇ ਓਕ ਰਿਜ ਦੇ 52000 ਏਕੜ ਉੱਤੇ ਯੂਰੇਨੀਅਮ ਦੀ ਤਿਆਰੀ ਵਿਚ ਦਿਨ-ਰਾਤ ਇਕ ਕਰਦੇ ਰਹੇ ਅਤੇ ਦੂਜੇ ਪਾਸੇ ਉਹ ਹੈਮਫਰਡ ਦੇ 780 ਵਰਗ ਮੀਲ ਖੇਤਰ ਵਿਚ ਪਲੂਟੋਨੀਅਮ ਦੇ ਉਤਪਾਦਨ ਵਿਚ ਰੁਝ ਗਏ। ਮੁੱਢ ਵਿਚ ਅਸਫਲਤਾਵਾਂ ਦੇ ਬਾਵਜੂਦ ਇਹ ਸਾਰਾ ਕੰਮ ਸਹੀ ਲੀਹਾਂ ਉੱਤੇ ਪੈ ਗਿਆ।

ਪਿੰਡ ਵੱਸਿਆ ਨਹੀਂ ਕਿ ਉਚੱਕਿਆਂ ਦੀ ਤਿਆਰੀ ਸ਼ੁਰੂ ਹੋ ਗਈ। ਬੰਬ ਅਜੇ ਬਣਿਆ ਵੀ ਨਹੀਂ ਸੀ ਕਿ ਗਰੱਵਜ਼ ਨੇ ਇਸ ਨੂੰ ਸੁੱਟਣ ਵਾਸਤੇ ਜਹਾਜ਼ਾਂ ਵਿਚ ਯੋਗ ਅਦਲਾ- ਬਦਲੀ ਸ਼ੁਰੂ ਕਰ ਦਿੱਤੀ। ਉਨਾਂ ਦੀ ਵਰਤੋਂ ਤੇ ਬੰਬ ਨੂੰ ਨਿਸ਼ਾਨੇ ਉੱਤੇ ਸੁੱਟਣ ਲਈ ਅਮਲੇ ਦੀ ਟਰੇਨਿੰਗ ਵੀ ਆਰੰਭ ਕਰਵਾ ਦਿੱਤੀ। ਬੰਬ ਡਿਜ਼ਾਈਨ ਵਿਚ ਆਈਆਂ ਵਿਹਾਰਕ ਸਮੱਸਿਆਵਾਂ ਨੂੰ ਹੱਲ ਕਰਨ ਲਈ ਗਰੱਵਜ਼ ਨੇ ਇੰਗਲੈਂਡ ਤੋਂ ਜੀਓਫਰੀ ਟੇਲਰ ਅਤੇ ਜੇਮਜ਼ ਟੱਕ ਨੂੰ ਲਾਸ ਐਲਮਾਸ ਸੱਦਿਆ। ਓਪਨਹੀਮਰ ਅਤੇ ਗਰੱਵਜ਼ ਨੂੰ ਵਾਰ ਵਾਰ ਨਵੀਂ ਤੋਂ ਨਵੀਂ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ। ਹਰ ਵਾਰ ਉਹ ਪੂਰੇ ਜ਼ੋਰ ਨਾਲ ਉਸ ਦਾ ਹੱਲ ਕਰਨ ਲਈ ਪੈਸੇ ਨੂੰ ਅੰਨੇ ਵਾਹ ਵਰਤਦੇ, ਕਿਸੇ ਵੀ ਸਾਧਨ ਦੀ ਵਰਤੋਂ ਜਾਂ ਪ੍ਰਾਪਤੀ ਲਈ ਉਨਾਂ ਕੋਲ ਪੂਰੇ ਅਖ਼ਤਿਆਰ ਸਨ। ਅਗਸਤ 1944 ਵਿਚ ਗਰੱਵਜ਼ ਨੇ ਸਰਕਾਰ ਨੂੰ ਦੱਸ ਦਿੱਤਾ, "ਅਸੀਂ 1945 ਦੀ ਬਹਾਰ ਰੁੱਤ ਵਿਚ ਤੁਹਾਨੂੰ ਬੰਬ ਬਣਾ ਕੇ ਦੇ ਦਿਆਂਗੇ।" ਉਸ ਨੇ ਬੰਬ ਦੀ ਵਰਤੋਂ ਲਈ 17 ਬੀ-29 ਬੰਬਾਰ ਜਹਾਜ਼ਾਂ ਵਿਚ ਲੋੜੀਂਦੀਆਂ ਸੋਧਾਂ ਦਾ ਕੰਮ ਵੀ ਤੁਰੰਤ ਸ਼ੁਰੂ ਕਰਵਾ ਦਿੱਤਾ। 27 ਅਕਤੂਬਰ, 1944 ਨੂੰ ਓਪਨਹੀਮਰ ਨੇ ਬੰਬ ਨੂੰ ਅਲਾਮੋਗੋਰਦੋ ਬੰਬਿੰਗ ਰੇਂਜ ਵਿਚ ਟੈਸਟ ਕਰਨ ਦੀ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਤੇ ਪੰਜ ਦਿਨ ਪਿੱਛੋਂ ਗਰੱਵਜ਼ ਨੇ ਵੀ ਇਸ ਉੱਤੇ ਸਹੀ ਪਾ ਦਿੱਤੀ। ਦਸੰਬਰ ਦੇ ਅੱਧ ਵਿਚ ਬੰਬ ਲਈ ਵਿਸਫੋਟਕ ਲੈਂਜ਼ ਦੀ ਸਫਲ ਪਰਖ ਨੇ ਬੰਬ ਦੀ ਤਿਆਰੀ ਦਾ ਰਾਹ ਲਗਪਗ ਪੱਧਰਾ ਕਰ ਦਿੱਤਾ। ਬੰਬ ਦੇ ਬਣਨ ਦੀ ਇਸ ਆਸ ਵਿਚ ਐਟਮੀ ਹੱਲੇ ਲਈ ਟਿਨੀਅਨ ਟਾਪੂ ਨੂੰ ਅੱਡੇ ਵਜੋਂ ਚੁਣਨ ਦਾ ਫੈਸਲਾ ਕਰ ਲਿਆ ਗਿਆ। ਇਸ ਟਾਪੂ ਉੱਤੇ ਬੰਬ ਦੀ ਅਸੈਂਬਲੀ ਲਈ ਤਿਆਰੀ ਲਈ ਅਧਿਕਾਰੀਆਂ ਦੀ ਕਮੇਟੀ ਵੀ ਤਿੰਨ ਅਪਰੈਲ 1945 ਨੂੰ ਗਠਿਤ ਕਰ ਦਿੱਤੀ ਗਈ।

12 ਅਪਰੈਲ, 1945 ਨੂੰ ਰਾਸ਼ਟਰਪਤੀ ਰੂਜ਼ਵੈਲਟ ਦੀ ਬਰੇਨ ਹੈਮਰੇਜ ਨਾਲ ਅਚਾਨਕ ਮੌਤ ਹੋ ਗਈ। ਟਰੂਮੈਨ ਨਵਾਂ ਰਾਸ਼ਟਰਪਤੀ ਬਣਿਆ। ਅਗਲੇ ਹੀ ਦਿਨ ਸੈਕਟਰੀ ਆਫ ਵਾਰ ਹੈਨਰੀ ਸਟਿਮਸਨ ਨੇ ਉਸ ਨੂੰ ਐਟਮੀ ਬੰਬ ਦੀ ਤਿਆਰੀ ਦੀ ਸਥਿਤੀ ਤੋਂ ਜਾਣੂ ਕਰਵਾਇਆ। ਕੁਝ ਹੀ ਦਿਨ ਵਿਚ ਜਨਰਲ ਗਰੱਵਜ਼ ਨੇ ਟਰੂਮੈਨ ਨੂੰ ਮੈਨਹੱਟਨ ਪ੍ਰਾਜੈਕਟ ਦੀ ਪੂਰੀ ਜਾਣਕਾਰੀ ਦੇ ਦਿੱਤੀ। 27 ਅਪਰੈਲ ਨੂੰ ਬੰਬ ਸੁੱਟਣ ਲਈ ਸੰਭਾਵੀ ਨਿਸ਼ਾਨੇ ਮਿੱਥਣ ਵਾਲੀ ਕਮੇਟੀ ਦੀ ਮੀਟਿੰਗ ਕਰਕੇ ਸਤਾਰਾਂ ਥਾਵਾਂ ਦੀ ਨਿਸ਼ਾਨਦੇਹੀ ਕੀਤੀ ਗਈ। ਦਸ ਮਈ ਨੂੰ ਮੁੜ ਟਾਰਗੈਟ ਕਮੇਟੀ ਦੀ ਮੀਟਿੰਗ ਕਰਕੇ ਉਕਤ ਸੂਚੀ ਵਿਚੋਂ ਬਾਕੀ ਥਾਵਾਂ ਛੱਡ ਕੇ ਕਿਓਟੋ, ਯੋਕੋਹਾਮਾ, ਹੀਰੋਸ਼ੀਮਾ ਤੇ ਨਾਗਾਸਾਕੀ ਨੂੰ ਬੰਬਾਰੀ ਲਈ ਚੁਣਿਆ ਗਿਆ। ਇਸ ਚੋਣ ਤੋਂ ਹਫਤੇ ਦੇ ਅੰਦਰ ਅੰਦਰ 'ਲਿਟਲ ਬੁਆਏ' ਨਾਂ ਦਾ ਐਟਮ ਬੰਬ ਵਰਤੋਂ ਤੇ ਪਰਖ ਹਿੱਤ ਤਿਆਰ ਹੋ ਗਿਆ। ਟਾਰਗੈਟ ਕਮੇਟੀ ਦੀ ਮੁੜ ਮੀਟਿੰਗ ਹੋਈ ਤਾਂ ਲੈਫਟੀਨੈਂਟ ਕਰਨਲ ਤਿਬੇਤਸ ਨੇ ਦੱਸਿਆ ਕਿ ਜਾਪਾਨ ਦੇ ਬਹੁਤੇ ਸ਼ਹਿਰ ਤਾਂ ਸਾਧਾਰਨ ਬੰਬਾਂ ਨਾਲ ਹੀ 1946 ਦੇ ਆਰੰਭ ਤੋਂ ਪਹਿਲਾਂ ਤਬਾਹ ਹੋਣ ਦੀ ਸੰਭਾਵਨਾ ਹੈ। ਸਟਿਮਸਨ ਨੇ ਕਿਹਾ ਕਿ ਕਿਓਟੋ ਨੂੰ ਜਪਾਨ ਦੀ ਪੁਰਾਤਨ ਰਾਜਧਾਨੀ ਹੋਣ ਕਾਰਨ ਨਾ ਛੇੜਿਆ ਜਾਵੇ। ਇਸ ਲਈ ਨਿਸ਼ਾਨਦੇਹੀ ਹੋਰ ਸੀਮਤ ਕੀਤੀ ਗਈ। ਇਸ ਦੇ ਨਾਲ ਹੀ ਪਹਿਲੇ ਐਟਮ ਬੰਬ ਦੀ ਪਰਖ 16 ਜੁਲਾਈ, 1945 ਨੂੰ ਅਲਾਮੋਗੋਰਦੋ ਵਿਚ ਕਰਨ ਦਾ ਨਿਰਣਾ ਕਰ ਲਿਆ ਗਿਆ। ਇਸ ਨੂੰ 'ਟਰਿਨਿਟੀ' ਦਾ ਕੋਡ ਨਾਂ ਦਿੱਤਾ ਗਿਆ। 3 ਜੁਲਾਈ ਨੂੰ 'ਲਿਟਲ ਬੁਆਏ ਬੰਬ' ਦਾ ਬਾਹਰੀ ਖੋਲ ਤਿਆਰ ਹੋ ਗਿਆ। ਸੱਤ ਜੁਲਾਈ ਨੂੰ ਬੰਬ ਲਈ ਵਿਸਫੋਟਕ ਲੈਂਜ਼ ਵੀ ਤਿਆਰ ਹੋ ਗਿਆ। ਗਿਆਰਾਂ ਜੁਲਾਈ ਨੂੰ ਬੰਬ ਨੂੰ ਅਸੈਂਬਲ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਅਤੇ 13 ਜੁਲਾਈ ਸ਼ਾਮ ਤਕ ਇਹ ਕੰਮ ਪੂਰਾ ਹੋ ਗਿਆ। 14 ਜੁਲਾਈ ਨੂੰ ਹੀ ਪਰਖ ਤੋਂ ਪਹਿਲਾਂ ਐਟਮ ਬੰਬ ਵਾਲੀਆਂ ਫੌਜੀ ਟੁਕੜੀਆਂ ਟਿਨੀਅਨ ਟਾਪੂ ਨੂੰ ਰਵਾਨਾ ਕਰ ਦਿੱਤੀਆਂ ਗਈਆਂ ਕਿ ਉਹ ਤਬਾਹੀ ਦੀ ਖੇਡ ਲਈ ਮੋਰਚਾ ਸੰਭਾਲ ਲੈਣ ਕਿਉਂਕਿ ਬੰਬ ਤਾਂ ਹੁਣ ਦੋ ਕੁ ਦਿਨ ਵਿਚ ਪਰਖ ਹੀ ਲਿਆ ਜਾਣਾ ਹੈ। ਫੌਜੀ ਟੁਕੜੀਆਂ ਦੀ ਰਵਾਨਗੀ ਤੋਂ ਦੋ ਦਿਨ ਪਿੱਛੋਂ 16 ਜੁਲਾਈ, 1945 ਨੂੰ ਸਵੇਰੇ ਅੰਮ੍ਰਿਤ ਵੇਲੇ ਹੀ ਐਟਮ ਬੰਬ ਦੀ ਪਰਖ ਲਈ ਵਿਸਫੋਟ ਕਰ ਦਿੱਤਾ ਗਿਆ। ਮਨੁੱਖ ਨੇ ਆਪਣੇ ਹੱਥੀਂ ਆਪਣੀ ਬਰਬਾਦੀ ਦਾ ਰਸਤਾ ਆਖਰ ਲੱਭ ਹੀ ਲਿਆ।



## ਬਰਸੀ 9 ਮਈ ਨੂੰ

# ਪ੍ਰਸਿੱਧ ਗ਼ਦਰੀ ਆਗੂ ਬਾਬਾ ਜਵਾਲਾ ਸਿੰਘ ਠੱਠੀਆਂ

**- ਦਲਜੀਤ ਰਾਏ**

ਪ੍ਰਸਿੱਧ ਗ਼ਦਰੀ ਆਗੂ ਬਾਬਾ ਜਵਾਲਾ ਸਿੰਘ ਦਾ ਜਨਮ 1876 ਈਸਵੀ ਵਿੱਚ ਸ੍ਰੀ ਘਨੱਈਆ ਸਿੰਘ ਦੇ ਘਰ ਪਿੰਡ ਠੱਠੀਆਂ ਤਹਿਸੀਲ ਬਾਬਾ ਬਕਾਲਾ ਜ਼ਿਲਾ ਅੰਮ੍ਰਿਤਸਰ ਵਿਖੇ ਹੋਇਆ। ਉਨਾਂ ਦੇ ਮੁੱਢਲੇ ਜੀਵਨ ਬਾਰੇ ਵਧੇਰੇ ਜਾਣਕਾਰੀ ਨਹੀਂ ਮਿਲਦੀ। ਉਹ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਹੋਰਨਾਂ ਪੰਜਾਬੀਆਂ ਵਾਂਗ ਆਰਥਿਕ ਖ਼ੁਸ਼ਹਾਲੀ ਦੀ ਤਲਾਸ਼ ਵਿੱਚ ਵਿਦੇਸ਼ ਚਲੇ ਗਏ। ਉਹ 1905 ਵਿੱਚ ਚੀਨ ਪਹੁੰਚ ਗਏ। ਇੱਥੋਂ ਪਨਾਮਾ, ਮੈਕਸਿਕੋ ਦੇ ਰਸਤੇ 1908 ਵਿੱਚ ਕੈਲੇਫੋਰਨੀਆ (ਅਮਰੀਕਾ) ਜਾ ਪੁੱਜੇ। ਕੁਝ ਸਮੇਂ ਬਾਅਦ ਉਨਾਂ ਸੈਕਰਾਮੈਂਟੋ ਨੇੜੇ ਦਰਿਆ ਹੋਲਟਵਿੱਲ ਦੇ ਕੰਢੇ ’ਤੇ 500 ਏਕੜ ਜ਼ਮੀਨ ਪਟੇ ’ਤੇ ਲੈ ਕੇ ਖੇਤੀਬਾੜੀ ਕਰਨੀ ਸ਼ੁਰੂ ਕਰ ਦਿੱਤੀ। ਇਸ ਫਾਰਮ ਵਿੱਚ ਉਨਾਂ ਦੇ ਭਾਈਵਾਲ ਬਾਬਾ ਵਿਸਾਖਾ ਸਿੰਘ ਦਦੇਹਰ ਅਤੇ ਭਾਈ ਸੰਤੋਖ ਸਿੰਘ ਸਨ। ਬਾਬਾ ਜੀ ਦੇ ਫਾਰਮ ’ਤੇ ਆਲੂਆਂ ਦੀ ਫ਼ਸਲ ਬਹੁਤ ਹੁੰਦੀ ਸੀ, ਜਿਸ ਕਰਕੇ ਕੈਲੇਫੋਰਨੀਆ ਵਿੱਚ ਉਨਾਂ ਨੂੰ ਆਲੂਆਂ ਦੇ ਬਾਦਸ਼ਾਹ ਕਿਹਾ ਜਾਣ ਲੱਗ ਪਿਆ।

ਬਾਬਾ ਜਵਾਲਾ ਸਿੰਘ ਧਾਰਮਿਕ ਵਿਚਾਰਾਂ ਵਾਲੇ ਗੁਰਸਿੱਖ ਸਨ। ਉਨਾਂ ਅਮਰੀਕਾ ਵਿੱਚ ਬਾਬਾ ਵਿਸਾਖਾ ਸਿੰਘ ਦਦੇਹਰ ਅਤੇ ਹੋਰਨਾਂ ਨਾਲ ਮਿਲ ਕੇ ਪੈਸੇਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ ਕਾਇਮ ਕੀਤੀ ਅਤੇ ਕੈਲੇਫੋਰਨੀਆ ਦੇ ਸ਼ਹਿਰ ਸਟਾਕਟੋਨ ਵਿੱਚ ਗੁਰਦੁਆਰਾ ਵੀ ਬਣਾਇਆ। ਇਸ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਅਤੇ ਖਜ਼ਾਨਚੀ ਵਿਸਾਖਾ ਸਿੰਘ ਦਦੇਹਰ ਸਨ। ਇਹ ਗੁਰਦੁਆਰਾ ਬਾਅਦ ਵਿੱਚ ਰਾਜਸੀ ਸਰਗਰਮੀਆਂ ਦੇ ਕੇਂਦਰ ਅਤੇ ਇਨਕਲਾਬੀਆਂ ਦੀ ਠਹਿਰ ਵਜੋਂ ਬਹੁਤ ਪ੍ਰਸਿੱਧ ਹੋਇਆ। 21 ਅਪਰੈਲ 1913 ਨੂੰ ਅਮਰੀਕਾ ਵਿੱਚ ਗ਼ਦਰ ਪਾਰਟੀ ਕਾਇਮ ਹੋ ਚੁੱਕੀ ਸੀ ਜਿਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ ਅਤੇ ਖਜ਼ਾਨਚੀ ਪੰਡਤ ਕਾਂਸ਼ੀ ਰਾਮ ਸਨ। ਗ਼ਦਰ ਅਖ਼ਬਾਰ ਦੀ ਪ੍ਰਕਾਸ਼ਨਾਂ ਤੋਂ ਬਾਅਦ ਪਾਰਟੀ ਦਾ ਪ੍ਰਚਾਰ ਬਹੁਤ ਵੱਧ ਗਿਆ ਸੀ ਅਤੇ ਉਸ ਨੂੰ ਸਰਬ ਅਮਰੀਕੀ ਜਥੇਬੰਦੀ ਬਨਾਉਣ ਲਈ ਉਪਰਾਲੇ ਜਾਰੀ ਸਨ। ਦਸੰਬਰ 1913 ਦੀਆਂ ਵੱਡੇ ਦਿਨਾਂ ਦੀਆਂ ਛੁੱਟੀਆਂ ਦੌਰਾਨ ਕੈਲੇਫੋਰਨੀਆ ਦੇ ਸ਼ਹਿਰ ਸੈਕਰਾਮੈਂਟੋ ਵਿੱਚ ਪਰਵਾਸੀ ਭਾਰਤੀਆਂ ਦੀ ਵਿਸ਼ਾਲ ਕਾਨਫਰੰਸ ਬਾਬਾ ਵਿਸਾਖਾ ਸਿੰਘ ਦਦੇਹਰ ਅਤੇ ਬਾਬਾ ਜਵਾਲਾ ਸਿੰਘ ਦੇ ਉੱਦਮ ਨਾਲ ਹੋਈ। ਇਸ ਕਾਨਫਰੰਸ ਵਿੰਚ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਮੀਤ ਪ੍ਰਧਾਨ ਭਾਈ ਕੇਸਰ ਸਿੰਘ ਠੱਠਗੜ, ਜਨਰਲ ਸਕੱਤਰ ਲਾਲਾ ਹਰਦਿਆਲ, ਖਜ਼ਾਨਚੀ ਪੰਡਤ ਕਾਂਸ਼ੀ ਰਾਮ ਅਤੇ ਆਰਗੇਨਾਈਜ਼ਰ ਸਕੱਤਰ ਮੁਨਸ਼ੀ ਰਾਮ ਸ਼ਾਮਲ ਹੋਏ। ਕਾਨਫਰੰਸ ਵਿੱਚ ਪਾਰਟੀ ਨੂੰ ਸਰਬ ਅਮਰੀਕੀ ਬਨਾਉਣ ਦਾ ਫੈਸਲਾ ਹੋਇਆ। ਕੈਲੇਫੋਰਨੀਆ ਤੋਂ ਬਾਬਾ ਜਵਾਲਾ ਸਿੰਘ ਨੂੰ ਪਾਰਟੀ ਦਾ ਮੀਤ ਪ੍ਰਧਾਨ ਬਣਾ ਲਿਆ ਗਿਆ ਅਤੇ ਪਹਿਲਾਂ ਬਣੀ ਐਗਜ਼ੈਕਟਿਵ ਕਮੇਟੀ ਵਿੱਚ ਵੀ ਵਾਧਾ ਕੀਤਾ ਗਿਆ।

ਗ਼ਦਰ ਲਹਿਰ ਦੇ ਹੋ ਰਹੇ ਵਿਕਾਸ ਤੋਂ ਅਮਰੀਕਾ ਅਤੇ ਕੈਨੇਡਾ ਦੇ ਗੋਰੇ ਅਧਿਕਾਰੀ ਭੈ-ਭੀਤ ਸਨ। ਅਮਰੀਕਾ ਸਰਕਾਰ ਨੇ ਗ਼ਦਰ ਲਹਿਰ ਨੂੰ ਖ਼ੁੰਡਿਆਂ ਕਰਨ ਲਈ 25 ਮਾਰਚ, 1914 ਨੂੰ ਪਾਰਟੀ ਦੇ ਜਨਰਲ ਸਕੱਤਰ ਲਾਲਾ ਹਰਦਿਆਲ ਵਿਰੁੱਧ ਕੇਸ ਬਣਾ ਕੇ ਉਨਾਂ ਨੂੰ ਗ੍ਰਿਫਤਾਰ ਕਰ ਲਿਆ। ਪਾਰਟੀ ਨੇ ਉਸੇ ਦਿਨ ਜ਼ਮਾਨਤ ਦੇ ਕੇ ਉਨਾਂ ਨੂੰ ਰਿਹਾਅ ਕਰਵਾ ਲਿਆ। ਪਰ ਉਨਾਂ ਨੂੰ ਗੁਪਤ ਤੌਰ ’ਤੇ ਅਮਰੀਕਾ ਵਿਚੋਂ ਭੇਜ ਦਿੱਤਾ ਗਿਆ। ਲਾਲਾ ਹਰਦਿਆਲ ਤੋਂ ਬਾਅਦ ਭਾਈ ਸੰਤੋਖ ਸਿੰਘ ਨੂੰ ਗ਼ਦਰ ਪਾਰਟੀ ਦਾ ਜਨਰਲ ਸਕੱਤਰ ਬਣਾਇਆ ਗਿਆ। ਅੰਗਰੇਜ਼ਾਂ ਦੀ ਸੋਚ ਅਨੁਸਾਰ ਲਾਲਾ ਹਰਦਿਆਲ ਦੇ ਚਲੇ ਜਾਣ ਪਿੱਛੋਂ ਪਾਰਟੀ ਦਾ ਕੰਮ ਮੱਧਮ ਨਾ ਪਿਆ। ਸਗੋਂ ਪਾਰਟੀ ਦੀਆਂ ਇਨਕਲਾਬੀ ਸਰਗਰਮੀਆਂ ਵੱਧ ਗਈਆਂ। ਬਾਬਾ ਜਵਾਲਾ ਸਿੰਘ ਦੇ ਫਾਰਮ ’ਤੇ ਮਾਸਟਰ ਊਧਮ ਸਿੰਘ ਕਸੇਲ ਦੀ ਦੇਖ-ਰੇਖ ਹੇਠ ਪਰਵਾਸੀ ਭਾਰਤੀਆਂ ਲਈ ਫੌਜੀ ਸਿਖਲਾਈ, ਬੰਬ ਬਨਾਉਣ ਅਤੇ ਚਲਾਉਣ ਬਾਰੇ ਸਿਖਲਾਈ ਕੈਂਪ ਖੋਲ ਦਿੱਤਾ ਗਿਆ। ਭਾਰਤੀਆਂ ਨੂੰ ਹਥਿਆਰਬੰਦ ਬਗ਼ਾਵਤ ਲਈ ਪੂਰੀ ਤਰਾਂ ਤਿਆਰ ਕੀਤਾ ਜਾਣ ਲੱਗ ਪਿਆ। ਉਧਰ 5 ਅਗਸਤ, 1914 ਦੇ ਗ਼ਦਰ ਅਖ਼ਬਾਰ ਵਿੱਚ ਐਲਾਨ-ਏ-ਜੰਗ ਛਾਪ ਕੇ ਗ਼ਦਰੀਆਂ ਨੂੰ ਦੇਸ਼ ਪਹੁੰਚਣ ਲਈ ਕਹਿ ਦਿੱਤਾ ਗਿਆ। ਇਸ ਸਮੇਂ ਦੇਸ਼ ਵੱਲ ਵਹੀਰਾਂ ਘੱਤਣ ਵਾਲੇ ਗ਼ਦਰੀਆਂ ਵਿਚੋਂ ਜਵਾਲਾ ਸਿੰਘ ਪ੍ਰਮੁੱਖ ਸਨ। 29 ਅਗਸਤ, 1914 ਨੂੰ ਬਾਬਾ ਕੇਸਰ ਸਿੰਘ ਠੱਠਗੜ ਅਤੇ ਬਾਬਾ ਜਵਾਲਾ ਸਿੰਘ ਠੱਠੀਆਂ (ਦੋਵੇਂ ਗ਼ਦਰ ਪਾਰਟੀ ਦੇ ਮੀਤ ਪ੍ਰਧਾਨ) ਦੀ ਅਗਵਾਈ ਹੇਠ 60-70 ਗ਼ਦਰੀਆਂ ਦਾ ਜਥਾ ‘ਕੋਰੀਆਂ’ ਨਾਮੀ ਜਹਾਜ਼ ’ਤੇ ਭਾਰਤ ਲਈ ਰਵਾਨਾ ਹੋ ਗਿਆ। ਰਸਤੇ ਵਿੱਚ ਹਾਂਗ-ਕਾਂਗ



ਤੋਂ ਕੋਰੀਆ ਜਹਾਜ਼ ਦੇ ਮੁਸਾਫਰ ਤੋਸ਼ਾਮਾਰੂ ਜਹਾਜ਼ ਵਿੱਚ ਸਵਾਰ ਹੋ ਕੇ 29 ਅਕਤੂਬਰ, 1914 ਨੂੰ ਕਲਕੱਤੇ ਪਹੁੰਚੇ। ਕਲਕੱਤੇ ਵਿੱਚ ਜਹਾਜ਼ ਦੀ ਤਲਾਸ਼ੀ ਇੰਦਰ ਸਿੰਘ ਸੋਢੀ ਫੌਜੀ ਅਫਸਰ ਦੀ ਟੀਮ ਨੇ ਲਈ ਅਤੇ ਜਹਾਜ਼ ਦੇ ਮੁਸਾਫਰਾਂ ਨੂੰ ਫੌਜੀ ਪਹਿਰਿਆਂ ਹੇਠ ਪੰਜਾਬ ਵੱਲ ਤੋਰ ਦਿੱਤਾ ਗਿਆ। ਪੰਜਾਬ ਪਹੁੰਚਣ ’ਤੇ ਬਾਬਾ ਜਵਾਲਾ ਸਿੰਘ ਨੂੰ 2 ਨਵੰਬਰ, 1914 ਨੂੰ ਕੁਝ ਹੋਰ ਸਾਥੀਆਂ ਸਮੇਤ ਮਿੰਟਗੁਮਰੀ ਜੇਲ ਭੇਜ ਦਿੱਤਾ ਗਿਆ। ਇੱਥੋਂ ਉਨਾਂ ਨੂੰ 23 ਨਵੰਬਰ ਨੂੰ ਪਾਲ ਸਿੰਘ ਮਰਹਾਣਾ ਅਤੇ ਇੰਦਰ ਸਿੰਘ ਦੇ ਨਾਲ ਬੇੜੀ, ਹਥੱਕੜੀ ਲਾ ਕੇ ਮੀਆਂਵਾਲੀ ਜੇਲ ਭੇਜ ਦਿੱਤਾ ਗਿਆ। ਉੱਥੋਂ ਉਨਾਂ ਨੂੰ ਲਾਹੌਰ ਜੇਲ ਵਿੱਚ ਤਬਦੀਲ ਕਰ ਦਿੱਤਾ ਗਿਆ। ਫਰਵਰੀ 1915 ਵਿੱਚ ਗ਼ਦਰ ਦੀ ਅਸਫਲਤਾ ਪਿੱਛੋਂ ਗ਼ਦਰੀਆਂ ਉੱਪਰ ਲਾਹੌਰ ਸਾਜ਼ਿਸ਼ ਕੇਸ ਤਹਿਤ ਮੁਕੱਦਮੇ ਚਲਾਏ ਗਏ। ਇਸ ਸਮੇਂ ਉਨਾਂ ਨੂੰ ਲਾਹੌਰ ਸਾਜ਼ਿਸ਼ ਕੇਸ ਪਹਿਲੇ ਵਿੱਚ ਰੱਖ ਲਿਆ ਗਿਆ। ਇਹ ਮੁਕੱਦਮਾ 26 ਅਪਰੈਲ, 1915 ਨੂੰ ਸੈਂਟਰਲ ਜੇਲ ਲਾਹੌਰ ਵਿੱਚ ਸ਼ੁਰੂ ਹੋਇਆ। ਸੁਣਵਾਈ ਕਰਨ ਲਈ ਤਿੰਨ ਮੈਂਬਰੀ ਟ੍ਰਿਬਿਊਨਲ ਪ੍ਰਧਾਨ ਜੱਜ ਮੇਜਰ ਇਰਵਨ ਸਨ। ਟੀ.ਪੀ. ਏਲਿਸ ਅਤੇ ਰਾਏ ਬਹਾਦਰ ਸ਼ਿਵ ਨਰਾਇਣ ਟ੍ਰਿਬਿਊਨਲ ਦੇ ਦੋ ਹੋਰ ਮੈਂਬਰ ਸਨ। ਟ੍ਰਿਬਿਊਨਲ ਨੇ 13 ਸਤੰਬਰ ਨੂੰ ਸਜ਼ਾਵਾਂ ਸੁਣਾ ਦਿੱਤੀਆਂ। ਬਾਬਾ ਜਵਾਲਾ ਸਿੰਘ ਨੂੰ 26 ਹੋਰ ਗ਼ਦਰੀਆਂ ਨਾਲ ਕੈਦ ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ। ਮੁਕੱਦਮੇ ਦੇ ਦੌਰਾਨ ਬਾਬਾ ਜਵਾਲਾ ਸਿੰਘ ਨੂੰ ਅਦਾਲਤ ਦੀ ਹੱਤਕ ਕਰਨ ਦੇ ਦੋਸ਼ ਵਿੱਚ ਤੀਹ ਬੈਂਤਾਂ ਦੀ ਸਜ਼ਾ ਵੱਖਰੇ ਤੌਰ ’ਤੇ ਦਿੱਤੀ ਗਈ। ਬਾਬਾ ਜੀ ਨੇ ਇਹ ਸਜ਼ਾ ਖਿੜੇ ਮੱਥੇ ਸਹਾਰੀ। ਬਾਬਾ ਜੀ ਨੂੰ ਹੋਰਨਾਂ ਸਾਥੀਆਂ ਸਮੇਤ ਗ੍ਰਿਫਤਾਰ ਕਰਕੇ ਕਾਲੇ ਪਾਣੀ ਭੇਜ ਦਿੱਤਾ ਗਿਆ। ਬਾਬਾ ਜੀ ਨੇ ਛੇ ਸਾਲ ਅੰਡੇਮਾਨ ਜੇਲ ਵਿੱਚ ਬਿਤਾਏ। ਉਨਾਂ ਦੇਸ਼ ਦੀਆਂ ਕਈ ਹੋਰਨਾਂ ਜੇਲਾਂ ਵਿੱਚ ਵੀ ਕੈਦ ਦੀ ਸਜ਼ਾ ਭੁਗਤੀ। 1933 ਵਿੱਚ ਬਾਬਾ ਜਵਾਲਾ ਸਿੰਘ ਜੇਲ ਤੋਂ ਰਿਹਾਅ ਹੋ ਕੇ ਪੰਜਾਬ ਆਏ ਤਾਂ ਉਨਾਂ ਆਉਂਦਿਆਂ ਸਾਰ ਹੀ ਕਿਰਤੀ ਕਿਸਾਨ ਲਹਿਰ ਦੀ ਅਗਵਾਈ ਆਪਣੇ ਹੱਥਾਂ ਹੇਠ ਲੈ ਲਈ। 1934 ਵਿੱਚ ਬਾਬਾ ਜੀ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਐਕਟਿੰਗ ਪ੍ਰਧਾਨ ਬਣਾਏ ਗਏ। ਉਨਾਂ ਪੰਜਾਬ ਵਿੱਚ ਕਿਸਾਨ ਸਭਾ ਦੀ ਨੀਂਹ ਰੱਖੀ। ਉਨਾਂ ਨੂੰ 1935 ਵਿੱਚ ਇੱਕ ਸਾਲ ਲਈ ਕੈਦ ਦੀ ਸਜ਼ਾ ਅਤੇ ਢਾਈ ਸੌ ਰੁਪਏ ਜੁਰਮਾਨਾ ਕੀਤਾ ਗਿਆ। ਉਹ 1937 ਵਿੱਚ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਬਣੇ। ਇਸ ਸਮੇਂ ਉਨਾਂ ਨੀਲੀ ਬਾਰ ਦੇ ਮੁਜ਼ਾਹਰਿਆਂ ਦੇ ਹੱਕਾਂ ਲਈ ਸੰਘਰਸ਼ ਕੀਤਾ। 1938 ਵਿੱਚ ਬਾਬਾ ਜੀ ਸਰਬ ਹਿੰਦ ਕਿਸਾਨ ਸਭਾ ਦੇ ਅਜਲਾਸ ਵਿੱਚ ਸ਼ਾਮਲ ਹੋਣ ਲਈ ਕੋਮੀਲਾ (ਬੰਗਾਲ) ਜਾ ਰਹੇ ਸਨ ਤਾਂ ਰਸਤੇ ਵਿੱਚ ਜ਼ਖ਼ਮੀ ਹੋ ਗਏ। ਉਨਾਂ ਨੂੰ ਲਾਹੌਰ ਦੇ ਮਿਊ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਜਿੱਥੇ ਉਹ 9 ਮਈ, 1938 ਨੂੰ ਆਪਣੀ ਜੀਵਨ ਯਾਤਰਾ ਸਮਾਪਤ ਕਰ ਗਏ।


**Homeopathicvibes**

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :

940, E. El Camino Real, Sunnyvale, CA 94087

Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H

(Ex Homeopathic Medical officer Punjab Govt.)

# 2020 ਦੀ ਮਰਦਮਸ਼ੁਮਾਰੀ ਸ਼ੁਰੂ



## ਇਹ 10 ਮਿੰਟਾਂ ਦਾ ਅਸਰ ਅਗਲੇ 10 ਸਾਲਾਂ ਉੱਪਰ ਪਵੇਗਾ

ਹਰ 10 ਸਾਲ ਬਾਦ ਅਮਰੀਕਾ ਦਾ ਮਰਦਮਸ਼ੁਮਾਰੀ ਵਿਭਾਗ ਉਹ ਹਰ ਇੱਕ ਵਿਅਕਤੀ ਦੀ ਗਿਣਤੀ ਕਰਦਾ ਹੈ ਜੋ ਅਮਰੀਕਾ ਦਾ ਵਸਨੀਕ ਹੈ। ਇਹ ਗਿਣਤੀ ਦਾ ਅਸਰ ਸਕੂਲ, ਸੜਕਾਂ, ਹਸਪਤਾਲ, ਬੱਚਿਆਂ ਦੀ ਦੇਖ ਭਾਲ਼ ਅਤੇ ਹੋਰ ਕਈ ਸਰਕਾਰੀ ਯੋਜਨਾਵਾਂ ਉੱਪਰ ਪੈਂਦਾ ਹੈ। ਮਰਦਮਸ਼ੁਮਾਰੀ ਦੀ ਗਿਣਤੀ ਰਾਹੀਂ ਅਮਰੀਕਾ ਦੀ ਸਰਕਾਰ ਆਪਣਾ ਨੁਮਾਇੰਦਾ ਵੀ ਚੁਣਦੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਇਹ ਗਿਣਤੀ ਸਹੀ ਤਰੀਕੇ ਨਾਲ ਕੀਤੀ ਜਾਵੇ।

ਤੁਹਾਡੇ ਦਿੱਤੇ ਹੋਏ ਜਵਾਬ ਗੁਪਤ ਰੱਖੇ ਜਾਣਗੇ। ਮਰਦਮਸ਼ੁਮਾਰੀ ਵਿੱਚ ਤੁਹਾਡੇ ਦਿੱਤੇ ਹੋਏ ਜਵਾਬ ਤੁਹਾਡੇ ਖਿਲਾਫ਼ ਨਹੀਂ ਵਰਤੇ ਜਾਣਗੇ।

ਆਪਣਾ ਫ਼ਰਜ ਬਣਦਾ ਹੈ ਕਿ ਮਰਦਮਸ਼ੁਮਾਰੀ ਵਿੱਚ ਹਿੱਸਾ ਲਈਏ ਤਾਂ ਜੋ ਆਪਣੇ ਭਾਈਚਾਰੇ ਨੂੰ ਲੋੜੀਂਦੀਆਂ ਸਹੂਲਤਾਂ ਮਿਲ ਸਕਣ।

ਤੁਸੀਂ ਇਸ ਮਰਦਮਸ਼ੁਮਾਰੀ ਦੇ ਫ਼ਾਰਮ ਨੂੰ ਔਣਲਾਈਨ, ਫ਼ੋਨ ਜਾਂ ਫ਼ਿਰ ਡਾਕ ਦੇ ਰਾਹੀਂ ਭਰ ਸਕਦੇ ਹੋ।

ਹੋਰ ਜਾਣਕਾਰੀ ਲਈ: **KernCounts.org**

**#KernCounts**

KERN COUNTS CENSUS 2020

**Message sponsored by the Kern Complete Count Committee.**

ਪ੍ਰਕਾਸ਼ ਪੁਰਬ ’ਤੇ ਵਿਸ਼ੇਸ਼

# ਗੁਰੂ ਅਮਰਦਾਸ ਸਾਹਿਬ ਜੀ



- ਪ੍ਰਮਿੰਦਰ ਸਿੰਘ ਪ੍ਰਵਾਨਾ

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਧਰਮ ਸੰਕਲਪ ਨੂੰ ਪ੍ਰਚਾਰਨ ਅਤੇ ਪ੍ਰਫੁੱਲਤ ਕਰਨ ਦੇ ਆਸ਼ੇ ਵਿਚ ਸਿੱਖ ਗੁਰੂਆਂ ਵਲੋਂ ਸਮੇਂ ਸਮੇਂ ਤੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਅਧਿਆਤਮਕਤਾ ਨੂੰ ਬੜੀ ਦ੍ਰਿੜਤਾ ਨਾਲ ਚਲਾਈ ਰੱਖਣ ਦੀ ਜਿੰਮੇਵਾਰੀ ਸੰਭਾਲੀ। ਇਸ ਨਿਰੰਤਰ ਸੁਧਾਰ ਵਿਚ ਗੁਰੂਆਂ ਨੇ ਮੁਕਤੀ ਦੇ ਵਿਚਾਰ ਨੂੰ ਨਵਾਂ ਅਰਥ ਦਿੱਤਾ। ਮੁਕਤੀ ਨੂੰ ਮਨੁੱਖਤਾ ਦੀ ਸੇਵਾ ਨਾਲ ਜੋੜ ਦਿੱਤਾ ਗਿਆ। ਇਸ ਆਸ਼ੇ ਨੂੰ ਅੱਗੇ ਵਧਾਉਣ ਲਈ ਤੀਸਰੇ ਗੁਰੂ ਦਾ ਆਗਮਨ ਪਿੰਡ ਬਾਸਰਕੇ ਗਿੱਲਾਂ ਜ਼ਿਲਾ ਅੰਮ੍ਰਿਤਸਰ ਵਿਖੇ 5 ਮਈ, 1479 ਨੂੰ ਪਿਤਾ ਤੇਜ਼ਭਾਨ ਭੱਲਾ ਅਤੇ ਮਾਤਾ ਬਖਤ ਕੌਰ ਦੇ ਘਰ ਹੋਇਆ ਜਿਨਾਂ ਦਾ ਕੱਟੜ ਹਿੰਦੂ ਪਰਿਵਾਰ ਸੀ। ਹਰ ਸਾਲ ਗੰਗਾ ਹਰਿਦੁਆਰ ਤੀਰਥ ਅਸਥਾਨ ਤੇ ਜਾਇਆ ਕਰਦੇ ਸਨ। ਆਪਜੀ ਦਾ ਵਿਆਹ 24 ਸਾਲ ਦੀ ਉਮਰ ਵਿਚ ਮਾਤਾ ਮਨਸਾ ਦੇਵੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ ਦੋ ਧੀਆਂ ਬੀਬੀ ਦਾਨੀ ਅਤੇ ਬੀਬੀ ਭਾਨੀ ਜੀ ਸਨ।

ਇਕ ਦਿਨ ਗੁਰੂ ਅਮਰਦਾਸ ਜੀ ਨੇ ਬੀਬੀ ਅਮਰੋ ਦੇ ਮੁੱਖ ਤੋਂ ਬਾਣੀ ਦਾ ਸ਼ਬਦ ਸੁਣਿਆ, ਉਨਾਂ ਦੇ ਮਨ ਤੇ ਡੂੰਘਾ ਪ੍ਰਭਾਵ ਪਿਆ। ਗੁਰੂ ਦਰਸ਼ਨਾਂ ਦੀ ਤਾਂਘ ਉਨਾਂ ਨੂੰ ਖਡੂਰ ਸਾਹਿਬ ਵਿਚ ਲਿਆਈ। ਗੁਰੂ ਅੰਗਦ ਦੇਵ ਸਾਹਿਬ ਦੇ ਦਰਸ਼ਨ ਕਰਕੇ ਉਨਾਂ ਜਾਣ ਲਿਆ ਕਿ ਮੈਨੂੰ ਆਪਣਾ ਅਧਿਆਤਮਕ ਰਾਹ ਦਸੇਰਾ ਮਿਲ ਗਿਆ ਹੈ। ਉਨਾਂ ਨੇ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਆਪਣਾ ਗੁਰੂ ਧਾਰ ਲਿਆ। ਉਹ ਗੁਰੂ ਜਰੀ ਦੀ ਸੇਵਾ ਵਿਚ ਪੱਕੇ ਤੌਰ ’ਤੇ ਰਹਿਣ ਲੱਗੇ। ਉਨਾਂ ਨੇ ਲਗਭਗ 12 ਸਾਲ ਗੁਰੂ ਦੀ ਸੇਵਾ ਕੀਤੀ। ਉਹ ਹਰ ਰੋਜ਼ ਪ੍ਰਭਾਤ ਪੇਲੇ ਬਿਆਸ ਨਦੀ ਤੋਂ ਗੁਰੂ ਸਾਹਿਬ ਦੇ ਇਸ਼ਨਾਨ ਲਈ ਪਾਣੀ ਲਿਆਇਆ ਕਰਦੇ ਸਨ। ਗੁਰੂ ਦੇ ਲੰਗਰਾਂ ਵਿਚ ਲੱਕੜੀ ਅਤੇ ਪਾਣੀ ਦੀ ਸੇਵਾ ਵੀ ਕਰਦੇ।

ਲੋਕ ਉਨਾਂ ਦਾ ਮਖੌਲ ਵੀ ਉਡਾਉਂਦੇ ਸਨ, ਪਰ ਉਹ ਹਮੇਸ਼ਾ ਗੁਰੂ ਦੇ ਸਤਿਕਾਰ ਵਿਚ ਰਹੇ। ਗੁਰੂ ਪ੍ਰਤੀ ਉਨਾਂ ਦੀ ਸ਼ਰਧਾ ਤੇ ਤਨ ਮਨ ਨਾਲ ਕੀਤੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਗੁਰੂ ਅੰਗਦ ਦੇਵ ਸਾਹਿਬ ਜੀ ਨੇ ਕਿਹਾ ਤੁਸੀਂ ਧੰਨ ਹੋ। ਨਿਥਾਣਿਆਂ ਦੀ ਥਾਂ ਹੈ। ਨਿਆਸਰਿਆਂ ਦਾ ਆਸਰਾ ਹੋ ਆਦਿ ਨਾਵਾਂ ਨਾਲ ਦਿਲੋਂ ਸਨਮਾਨ ਦਿੱਤਾ। ਉਨਾਂ ਨੂੰ ਆਪਣਾ ਉਤਰਾਧਿਕਾਰੀ 29 ਮਾਰਚ 1552 ਨੂੰ ਬਣਾ ਕੇ ਗੁਰਗੱਦੀ ਸੌਂਪ ਦਿੱਤੀ। ਜਦ ਆਪ ਜੀ ਦੀ ਉਮਰ ਸੱਤ ਦਹਾਕੇ ਪਾਰ ਕਰ ਚੁੱਕੀ ਸੀ। ਗੁਰੂ ਅੰਗਦ ਦੇਵ ਸਾਹਿਬ ਦੇ ਆਦੇਸ਼ ਅਨੁਸਾਰ ਉਨਾਂ ਨੇ ਆਪਣਾ ਟਿਕਾਣਾ ਗੋਇੰਦਵਾਲ ਬਣਾ ਲਿਆ।

ਆਪਣੇ 22 ਸਾਲ ਦੇ ਗੁਰੂ ਕਾਲ ਵਿਚ ਅਧਿਆਤਮਕ ਉਪਦੇਸ਼ ਦੇ ਨਾਲ ਨਾਲ ਸਮਾਜਿਕ ਸੁਧਾਰ ਦੇ ਕੰਮ ਵੀ ਕੀਤੇ। ਪਹਿਲੇ ਗੁਰੂਆਂ ਵਾਂਗ ਉਨਾਂ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲਿਆ। ਸਿੱਖ ਗੁਰੂ ਸੰਸਾਰ ਨੂੰ ਸੱਚਾ ਅਤੇ ਆਰਥ ਭਰਪੂਰ ਮੰਨਦੇ ਹਨ। ਜਦਕਿ ਲੋਕ ਝੂਠੇ ਕਰਮਕਾਂਡਾਂ, ਰੀਤੀ ਰਿਵਾਜ਼ਾਂ ਵਿਚ ਫਸੇ ਹੋਏ ਹਨ। ਗੁਰੂ ਜੀ ਨੇ ਮਨੁੱਖਤਾ ਵਿਚ ਹਰ ਪ੍ਰਕਾਰ ਦੀ ਧਰਮ ਵੰਡ, ਵਰਣ-ਵੰਡ, ਜਾਤ ਪਾਤ ਅਤੇ ਊਚ ਨੀਚ ਦੀ ਵੰਡ ਖਤਮ ਕਰਦਿਆਂ ਸੰਗਤ ਨੂੰ ਸੰਸਥਾਈ ਅਤੇ ਸੰਗਤੀ ਰੂਪ ਦਿੱਤਾ। ਉਨਾਂ ਉਪਦੇ ਕੀਤਾ ਕਿ ਉੱਚੀ ਜਾਤ, ਉੱਚੇ ਕੰਮਾਂ ਕਰਕੇ ਜਾਣੀ ਜਾਂਦੀ ਹੈ। ਜਾਤ-ਪਾਤ ਦੇ ਭੇਦ ਭਾਵ ਨੂੰ ਮਿਟਾਉਣ ਲਈ ਗੁਰੂ ਨਾਨਕ ਦੇਵ ਸਾਹਿਬ ਨੇ ਲੰਗਰ ਸੰਸਥਾ ਸ਼ੁਰੂ ਕੀਤੀ। ਲੰਗਰ ਵਿਚ ਸਾਰੀਆਂ ਜਾਤਾਂ ਦੇ ਲੋਕ ਇਕੋ ਪੰਗਤ ਵਿਚ ਲੰਗਰ ਛਕਦੇ। ਗੁਰੂ ਅਮਰਦਾਸ ਜੀ ਨੇ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਲਾਜ਼ਮੀ ਕਰ ਦਿੱਤਾ। ਇਥੋਂ ਤੱਕ ਕਿ ਮੁਗਲ ਬਾਦਸ਼ਾਹ ਅਕਬਰ ਨੇ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਿਆ। ਬਾਦਸ਼ਾਹ ਅਜਿਹਾ ਪ੍ਰਬੰਧ ਦੇਖ ਕੇ ਬੜਾ ਪ੍ਰਸੰਨ ਹੋਇਆ। ਗੁਰੂ ਜੀ ਨੇ ਬਾਦਸ਼ਾਹ ਅਕਬਰ ਨਾਲ ਚੰਗੇ ਸਬੰਧ ਬਣ ਗਏ ਤਾਂ ਗੁਰੂ ਜੀ ਨੇ ਗੈਰ ਮੁਸਲਮਾਂ ਨੂੰ ਤੀਰਥ ਅਸਥਾਨ ਦੇ ਮਹਿਸੂਲ ਤੋਂ ਮੁਕਤ ਕਰਵਾ ਲਿਆ। ਉਨਾਂ ਜਾਤ ਪਾਤ ਦੇ ਬੰਧਨਾਂ ਤੋਂ ਮੁਕਤ ਵਿਆਹਵਾਂ ਤੇ ਜ਼ੋਰ ਦਿੱਤਾ।

ਗੁਰੂ ਜੀ ਨੇ ਬੜੇ ਸਾਰਥਿਕ ਅਤੇ ਯੋਜਨਾਬੱਧ ਤਰੀਕੇ ਨਾਲ ਸਿੱਖ ਧਰਮ ਦਾ ਪ੍ਰਚਾਰ ਕੀਤਾ। ਉਨਾਂ ਨੇ ਪ੍ਰਚਾਰਕ ਦੌਰੇ ਕੀਤੇ। ਦੂਰ ਦੂਰ ਦੇ ਖੇਤਰਾਂ ਵਿਚ ਪ੍ਰਚਾਰਕ ਭੇਜੇ। ਉਨਾਂ ਨੇ 22 ਪ੍ਰਚਾਰ ਕੇਂਦਰ ਸਥਾਪਤ ਕੀਤੇ। ਹਰ ਕੇਂਦਰ ਦੇ ਸਥਾਨਕ ਉੱਚੇ ਰੁਤਬੇ ਵਾਲੇ ਅਧਿਆਤਮਕ ਪ੍ਰਚਾਰਕਾਂ ਨੂੰ ਮੁਖੀ ਬਣਾਇਆ ਜੋ ਸਮਾਜ ਦੀਆਂ ਧਾਰਮਿਕ ਅਤੇ ਸਮਾਜਿਕ ਲੋੜਾਂ ਨੂੰ ਪੂਰਾ ਕਰਦੇ ਸਨ। ਉਹ ਗੁਰੂ ਅਤੇ ਸੰਗਤ ਨੂੰ ਜੋੜਨ ਲਈ ਪੁਲ ਦਾ ਕੰਮ ਕਰਦੇ ਸਨ। ਸੰਗਤਾਂ ਨੂੰ ਗੁਰੂ ਦਾ ਹੁਕਮ ਸੁਣਾਉਂਦੇ। ਗੁਰੂ ਜੀ ਤੱਕ ਚੜਾਵੇ ਦੀ ਰਕਮ ਪਹੁੰਚਾਉਂਦੇ ਜੋ ਸਮਾਜ ਭਲਾਈ ਦੇ ਕੰਮਾਂ ਲਈ ਵਰਤੀ ਜਾਂਦੀ। ਗੁਰੂ ਜੀ ਨੇ ਇਕ ਅਲਿਆਰ ਨਾਂ ਦੇ ਮੁਸਲਮਾਨ ਨੂੰ ਵੀ ਪ੍ਰਚਾਰਕ ਥਾਪਿਆ। ਭਾਈ ਗੁਰਦਾਸ ਜੀ ਜੋ ਧਰਮ ਸ਼ਾਸਤਰੀ ਮੰਨੇ ਜਾਂਦੇ ਸਨ ਨੂੰ ਆਗਰਾ ਵਾਸਤੇ ਪ੍ਰਚਾਰਕ ਥਾਪਿਆ।

ਸਮਾਜਿਕ ਬੁਰਾਈਆਂ ਨੂੰ ਦੂਰ ਕਰਦੇ ਹੋਏ ਉਨਾਂ ਨੇ ਸਤੀ ਦੀ ਰਸਮ ਤੋਂ ਵਰਜਿਆ। ਉਨਾਂ ਕਿਹਾ ਕਿ ਉਹ ਸਤੀ ਨਹੀਂ ਜੋ ਪਤੀ ਦੀ ਮੌਤ ਤੋਂ ਬਾਅਦ ਪ੍ਰਣ ਤਿਆਗ ਦੇਵੇ, ਸਗੋਂ ਪਤੀ ਤੋਂ ਬਾਅਦ ਆਪਣਾ ਚਾਲ ਚੱਲਣ ਉੱਚਾ ਰੱਖਣ ਅਤੇ ਨਾਮ ਜਪਣ ਤਦ ਹੀ ਵੱਡੀਆਂ ਸਤੀ ਕਹਾਉਣਗੀਆਂ। ਇਸ ਤਰਾਂ ਇਸਤਰੀ ਨੂੰ ਸਤੀ ਦੇ ਬੰਧਨ ਤੋਂ ਮੁਕਤ ਕਰਕੇ ਮਾਣ ਬਖਸ਼ਿਆ। ਉਨਾਂ ਨੇ ਮੁੜ ਵਿਆਹ ਦੀ ਪ੍ਰਥਾ ਦਾ ਉਪਦੇਸ਼ ਦਿੱਤਾ। ਉਨਾਂ ਨੇ ਇਸਤਰੀਆਂ ਦੇ ਮੂੰਹ ਢਕ ਕੇ ਘੁੰਡ ਵਿਚ ਰਹਿਣ ਦੇ ਰਿਵਾਜ ਨੂੰ ਖਤਮ ਕਰਕੇ ਇਸਤਰੀਆਂ ਨੂੰ ਪ੍ਰਬੰਧ ਅਤੇ ਸੇਵਾ ਵਿਚ ਲਾਇਆ। ਜਿਵੇਂ ਲੰਗਰਾਂ ਦੀ ਸੇਵਾ ਅਤੇ ਪ੍ਰਚਾਰ ਵਿਚ ਲਾਇਆ। ਉਨਾਂ ਨੇ ਇਸਤਰੀਆਂ ਪ੍ਰਚਾਰਕ ਨਿਯੁਕਤ ਕੀਤਾ। ਇਸ ਤਰਾਂ ਪਰਦੇ ਦੀ ਰਸਮ ਜਿਹੀ ਸਮਾਜਿਕ ਬੁਰਾਈ ਨੂੰ ਦੂਰ ਕੀਤਾ।

ਗੁਰੂ ਜੀ ਨੇ ਗੋਇੰਦਵਾਲ ਵਿਖੇ ਬਾਉਲੀ ਦਾ ਨਿਰਮਾਣ ਕੀਤਾ। ਜੋ ਸਿੱਖ ਧਰਮ ਦਾ ਵੱਡਾ ਧਾਰਮਿਕ ਅਸਥਾਨ ਜਾਣਿਆ ਜਾਣ ਲੱਗਾ। ਉਨਾਂ ਨੇ ਜਨਮ ਮਰਨ ਸਮੇਂ ਦੀਆਂ ਫਾਲਤੂ ਨੂੰ ਖਤਮ ਕਰਕੇ ਰੱਬ ਦੇ ਭਾਣੇ ਵਿਚ ਰਹਿਣ ਦੀ ਮਰਯਾਦਾ ਚਲਾਈ। ਗੁਰੂ ਜੀ ਨੇ ਮਨੁੱਖਤਾ ਨੂੰ ਹਉਮੈ ਤਿਆਗ ਕੇ ਬੇਗਰਜ਼ ਸੇਵਾ ਲਈ ਪ੍ਰੇਰਿਆ। ਗੁਰੂ ਨਾਨਕ ਦੇਵ ਸਾਹਿਬ ਨੇ ਜੋ ਸਮਾਜ ਸੁਧਾਰ ਦੀ ਲਹਿਰ ਚਲਾਈ ਸੀ, ਇਸ ਦੀ ਵਿਚਾਰਧਾਰਾ ਅਤੇ ਨਿਸ਼ਾਨੇ ਨਿਸ਼ਚਿਤ ਕੀਤੇ। ਅੱਗੇ ਨਿਰੰਤਰ ਗੁਰੂਆਂ ਨੇ ਇਸ ਨੂੰ ਜਥੇਬੰਦ ਕੀਤਾ, ਵਧਾਇਆ ਅਤੇ ਥਿੜਕਣ ਤੋਂ ਬਚਾਇਆ। ਉਨਾਂ ਹਦਾਇਤਾਂ ਤੇ ਚਲਦੇ ਹੋਏ ਗੁਰੂ ਜੀ ਨੇ ਸਮਾਜ ਨੂੰ ਗੁਰੂ ਸ਼ਬਦ ਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਗੁਰੂਆਂ ਵਲੋਂ ਇਕੱਤਰ ਕੀਤੀ ਜਾ ਰਹੀ ਬਾਣੀ ਦੇ ਸੰਗ੍ਰਹਿ ਵਿਚ ਹੋਰ ਵਾਧਾ ਕਰਦੇ ਹੋਏ, ਆਪਣਾ ਯੋਗਦਾਨ ਪਾਇਆ। ਜਿਸ ਦੇ ਤਹਿਤ 907 ਸ਼ਬਦ, 19 ਰਾਗਾਂ ਵਿਚ ਦਰਜ ਕੀਤੇ। ਗੁਰੂ ਅਮਰਦਾਸ ਜੀ ਨੇ 1 ਸਤੰਬਰ 1574 ਨੂੰ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਸੌਂਪੀ ਅਤੇ 95 ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ।

# ਗੁਰਦੁਆਰਾ ਪਹਿਲੀ ਪਾਤਸ਼ਾਹੀ ਜੰਮੂ

- ਸਰਬਜੀਤ ਸਿੰਘ

ਪੰਜਾਬ ਨਾਲ ਲਗਦੇ ਸੂਬੇ ਜੰਮੂ ਕਸ਼ਮੀਰ ‘ਚ ਵੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਚਰਨ ਪਾਏ। ਜੰਮੂ ਸ਼ਹਿਰ ਦੇ ਵਿੱਚੋ-ਵਿੱਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਪਾਤਸ਼ਾਹੀ ਪਹਿਲੀ , ਚਾਂਦ ਨਗਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਉਸਾਰਿਆ ਜਾ ਰਿਹਾ ਹੈ। ਇਤਿਹਾਸਕਾਰ ਦੱਸਦੇ ਹਨ ਕਿ ਗੁਰੂ ਸਾਹਿਬ ਨੇ ਆਪਣੀ ਤੀਜੀ ਉਦਾਸੀ ਸਮੇਂ ਇਸ ਸਥਾਨ ਨੂੰ ਭਾਗ ਲਗਾਏ ਸਨ।

ਜੰਮੂ ਤਵੀ ਪੁਲ ਪਾਰ ਕਰਕੇ ਸੱਜੇ ਹੱਥ ਚਾਰ ਸੌ ਮੀਟਰ ਦੀ ਵਿੱਥ ‘ਤੇ 47 ਕਨਾਲਾਂ ਵਿੱਚ ਬਣੇ ਇਸ ਗੁਰਦੁਆਰਾ ਸਾਹਿਬ ‘ਚ ਸ਼ਰਧਾਲੂਆਂ ਅਤੇ ਯਾਤਰੀਆਂ ਦੀ ਰਿਹਾਇਸ਼ ਅਤੇ ਲੰਗਰ ਦਾ ਵੀ ਪੂਰਾ ਇੰਤਜ਼ਾਮ ਹੈ। ਗੁਰਦੁਆਰਾ ਸਾਹਿਬ ਦੀ ਨਵੀਂ ਵਿਸ਼ਾਲ ਇਮਾਰਤ ਦੀ ਸੇਵਾ ਸਵਰਗਵਾਸੀ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਵੱਲੋਂ ਅਰੰਭ ਕਰਵਾਈ ਗਈ ਸੀ ਜੋ ਅੱਜ ਵੀ ਜਾਰੀ ਹੈ। 100 -80 ਫੁੱਟ ਦੇ ਲੰਗਰ ਹਾਲ ਦੇ ਅੰਦਰ ਇੱਕ ਪੁਰਾਤਨ ਖੂਹ ਵੀ ਹੈ ਜਿਸ ਨੂੰ ਕਈ ਸਾਲ ਪਹਿਲਾਂ ਸਥਾਨਕ ਲੋਕਾਂ ਵੱਲੋਂ ਮਿੱਟੀ ਪਾ ਕੇ ਪੂਰ ਦਿੱਤਾ ਗਿਆ ਸੀ ਪਰ ਹੁਣ ਉਸ ਦੀ ਪੁਰਾਣੀ ਦਿੱਖ ਨੂੰ ਬਰਕਰਾਰ ਰੱਖਣ ਲਈ ਦੁਬਾਰਾ ਉਸ ‘ਚ ਮਿੱਟੀ ਕੱਢਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਲੰਗਰ ਹਾਲ ਦੇ ਉਪਰ ਗੁਰਦੁਆਰਾ ਸਾਹਿਬ ਦਾ ਹਾਲ 90-70 ਫੁੱਟ ਦਾ ਬਣ ਰਿਹਾ ਹੈ ਅਤੇ ਉਸ ਉਪਰ ਅੱਠ ਛੋਟੇ ਅਤੇ ਇੱਕ ਵੱਡੇ ਗੁੰਬਦ ਦੀ ਸੇਵਾ ਜਾਰੀ ਹੈ।

ਇਸ ਤੋਂ ਇਲਾਵਾ ਰਿਆਸਤ ਜੰਮੂ ਕਸ਼ਮੀਰ ਦਾ ਇਹ ਪਹਿਲਾ ਇਤਿਹਾਸਕ ਗੁਰਦੁਆਰਾ ਸਾਹਿਬ ਹੈ ਜਿੱਥੇ ਸਰੋਵਰ ਦੀ ਸਥਾਪਨਾ ਕੀਤੀ ਗਈ ਹੈ ਅਤੇ ਗੁਰਦੁਆਰਾ ਸਾਹਿਬ ਦੇ ਸੱਜੇ ਪਾਸੇ 80-60 ਫੁੱਟ ਦੇ ਬਣੇ ਸਰੋਵਰ ‘ਚ ਪਾਣੀ ਭਰਨ ਦੇ ਲਈ ਤਿੰਨ ਬੰਬੀਆਂ ਵੀ ਲਗਾਈਆਂ ਗਈਆਂ ਹਨ। ਗੁਰਦੁਆਰਾ ਸਾਹਿਬ ਦੇ ਸਾਹਮਣੇ 70 ਕਮਰਿਆਂ ਵਾਲੀ ਚਾਰ ਮੰਜਲਾਂ ਸਰਾਂ ਤਿਆਰ ਕੀਤੀ ਗਈ ਹੈ ਜਿਸ ‘ਚ ਯਾਤਰੀਆਂ, ਸ਼ਰਧਾਲੂਆਂ ਦੇ ਠਹਿਰਨ ਅਤੇ ਲੰਗਰ ਦਾ ਸੁਚੱਜਾ ਪ੍ਰਬੰਧ ਚੱਲ ਰਿਹਾ ਹੈ।



ਇਸ ਪਵਿੱਤਰ ਅਸਥਾਨ ‘ਤੇ ਗੁਰੂ ਨਾਨਕ ਸਾਹਿਬ ਦੀ ਫੇਰੀ ਸਬੰਧੀ ਪ੍ਰੋ.ਕਰਤਾਰ ਸਿੰਘ (ਐਮ.ਏ) ਸਿੱਖ ਇਤਿਹਾਸ, ਤੀਜੀ ਉਦਾਸੀ, ਭਾਗ ਪਹਿਲਾ ‘ਚ ਦੱਸਦੇ ਹਨ ਕਿ “ਸਤਿਗੁਰੂ ਗੁਰੂ ਨਾਨਕ ਦੇਵ ਜੀ ਨੇ ਤੀਜੀ ਉਦਾਸੀ ਸੰਮਤ 1573 -1575 ਵਿੱਚ ਕੀਤੀ ਸੀ । ਸਤਿਗੁਰੂ ਦੇ ਨਾਲ ਉਸ ਵਕਤ ਭਾਈ ਹਮੂ ਲੁਹਾਰ ਅਤੇ ਭਾਈ ਸ਼ੀਹਾ ਛੀਬਾ ਸਨ। ਗੁਰੂ ਜੀ ਉਦਾਸੀ ਭੇਖ ਵਿੱਚ ਸਰੀਰ ‘ਤੇ ਚਮੜੇ ਦਾ ਲਿਬਾਸ ਪਾ ਕੇ ਕਰਤਾਰਪੁਰ ਤੋਂ ਚੱਲ ਕੇ ਜੰਮੂ ਵਿੱਚ ਆ ਕੇ ਰੁਕੇ । ਇੱਥੋਂ ਸਤਿਗੁਰ ਚੱਲ ਕੇ ਚਨੈਣੀ ਵਿੱਚ ਭਦਰਵਾਹ ਤੋਂ ਹੁੰਦੇ ਹੋਏ ਮਾਰਤੰਡ ਤੇ ਖੰਡਰ ਮਟਨ ਪਹੁੰਚੇ। ਇਥੇ ਪੰਡਤ ਬ੍ਰਹਮਦਾਸ ਨੂੰ ਉਪਦੇਸ਼ ਦਿੱਤਾ ਅਤੇ ਸਿੱਖੀ ਦਾ ਪ੍ਰਚਾਰਕ ਨਿਯੁਕਤ ਕੀਤਾ। ਇੱਥੇ ਹੀ ਇੱਕ ਮੁਸਲਮਾਨ ਫ਼ਕੀਰ ਕਮਾਲ ਨਾਮੀ ਸੇਵਕ ਬਣਿਆ ਜਿਸ ਨੇ ਕੁਰਮ ਘਾਟੀ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਸਤਿਗੁਰ ਇੱਥੋਂ ਵਾਪਸ ਚੱਲ ਕੇ ਕੀਰਤਪੁਰ , ਸਿਰਮੌਰ, ਗੜਵਾਲ, ਸ੍ਰੀ ਨਗਰ , ਹੇਮਕੁੰਡ, ਨੇਪਾਲ , ਪੱਛਮੀ ਤਿੱਬਤ, ਸਮੇਰ , ਕੈਲਾਸ਼ ਮਾਨਸਰੋਵਰ ਤੇ ਸਿੱਧਾਂ ਨੂੰ ਮਿਲੇ ਫਿਰ ਨੇਪਾਲ ਸਿੱਕਮ, ਭੂਟਾਨ ਤੋਂ ਹੁੰਦੇ ਹੋਏ ਚੀਨ ਨਾਨਕਿੰਗ ਗਏ। ਉਥੋਂ ਵਾਪਸੀ ਤਿੱਬਤ ਲਹਾਸਾ ਪਹਾੜ ਦੇ ਉਪਰੋਂ ਹੁੰਦੇ ਲਦਾਖ, ਸ੍ਰੀਨਗਰ, ਜੰਮੂ, ਸਿਆਲਕੋਟ ਦੇ ਰਾਹ 1575 ਬਿਕਰਮੀ ਨੂੰ ਵਾਪਸ ਕਰਤਾਰਪੁਰ ਪਹੁੰਚੇ। “

ਇਸ ਪਵਿੱਤਰ ਅਸਥਾਨ ਦੀ ਹੋਰ ਇਤਿਹਾਸਕ ਮਹੱਤਤਾ ਇਹ ਵੀ ਹੈ ਕਿ ਇਸ ਪਾਵਨ ਅਸਥਾਨ ‘ਤੇ ਹੀ ਸ਼ੇਰ-ਏ -ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਬੇਟੇ ਮਹਾਰਾਜਾ ਖੜਕ ਸਿੰਘ ਦੀ ਪਤਨੀ ਬੀਬੀ ਚਾਂਦ ਕੌਰ ਦੀ ਸਮਾਧੀ ਵੀ ਇੱਥੇ ਸਸ਼ੋਭਿਤ ਸੀ ਜਿਸ ਨੂੰ ਗੁਰਦੁਆਰਾ ਸਾਹਿਬ ਦੀ ਉਸਾਰੀ ਤੋਂ ਪਹਿਲਾਂ ਜ਼ਿਲਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਢਾਹ ਦਿੱਤਾ ਗਿਆ । ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਪਾਤਸ਼ਾਹੀ ਪਹਿਲੀ ਸਿੱਖ ਕੌਮ ਅਤੇ ਸੰਸਾਰ ਦੇ ਧਾਰਮਿਕ ਇਤਿਹਾਸ ਵਿੱਚ ਬਹੁਤ ਮਹੱਤਤਾ ਰੱਖਦਾ ਹੈ ਅਤੇ ਦੇਸ-ਪਰਦੇਸ ਦੀਆਂ ਸੰਗਤਾਂ ਲਈ ਅਦੁੱਤੀ ਕੇਂਦਰ ਬਣਿਆ ਹੋਇਆ ਹੈ। ਜ਼ਿਲਾ ਗੁਰਦੁਆਰਾ ਪ੍ਰਬੰਧਕ ਕਮੇਟੀ ਜੰਮੂ ਵੱਲੋਂ ਚਲਾਏ ਜਾਂਦੇ ਇਸ ਗੁਰਦੁਆਰਾ ਸਾਹਿਬ ‘ਚ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਬਣੀ ਹੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

# ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ

- ਗੁਰਸ਼ਰਨ ਸਿੰਘ ਕਸੇਲ

ਕਿਸੇ ਦੀ ਜਾਇਦਾਦ ਨੂੰ ਹੜੱਪਣਾ ਜਾਂ ਕਿਸੇ ਦੀ ਮਾਇਕ ਤੌਰ ਤੇ ਚੋਰੀ ਠੱਗੀ ਕਰਨੀ ਜਾਂ ਕਿਸੇ ਗੈਬੀ ਸ਼ਕਤੀ ਦਾ ਪ੍ਰਚਾਰ ਕਰਕੇ ਠੱਗਣਾ, ਸ਼ੈਤਾਨ ਬਿਰਤੀ ਤੇ ਕੰਮਚੋਰ ਲੋਕਾਂ ਦਾ ਇਹ ਗੰਦਾ ਧੰਦਾ ਹਰੇਕ ਸਮੇਂ ਹੀ ਹੁੰਦਾ ਰਿਹਾ ਹੈ; ਅਤੇ ਹੁਣ ਵੀ ਹੋ ਰਿਹਾ ਹੈ। ਧਰਮ ਦੇ ਨਾਂਅ ਤੇ ਠੱਗਣ ਵਾਲੇ ਬਹੁਤੇ ਪੁਜਾਰੀ ਹਰੇਕ ਹੀ ਧਰਮ ਵਿੱਚ ਹਨ। ਜੋ ਧਾਰਮਿਕ ਗ੍ਰੰਥਾਂ ਦਾ ਅਸਲ ਮਕਸਦ ਪ੍ਰਚਾਰਨ ਦੀ ਬਜਾਏ ਲੋਕਾਂ ਨੂੰ ਅੰਧਵਿਸ਼ਵਾਸ ਤੇ ਵਹਿਮਾਂ ਭਰਮਾਂ ਵਿੱਚ ਪਾ ਕੇ ਅਣਜਾਣ ਲੋਕਾਂ ਨੂੰ ਗੁਮਰਾਹ ਕਰਦੇ ਆ ਰਹੇ ਹਨ।

ਇਹਨਾਂ ਲੋਕਾਂ ਦੇ ਹਰੇਕ ਧਰਮ ਅਨੁਸਾਰ ਆਪਣੇ ਨਾਂਅ ਅਤੇ ਸਰੀਰਕ ਪਹਿਰਾਵੇ ਭਾਂਵੇਂ ਵੱਖਰੇ-ਵੱਖਰੇ ਹਨ, ਪਰ ਪੇਸ਼ੇ ਅਨੁਸਾਰ ਸੋਚ ਇਕੋ ਹੀ ਹੈ। ਕੁਝ ਕੁ ਨੂੰ ਛੱਡ ਕੇ ਬਹੁਤੇ ਇਹ ਨਹੀਂ ਵੇਖਦੇ ਕਿ ਸਾਡੇ ਕੋਲ ਆਉਣ ਵਾਲਾ ਇਨਸਾਨ ਆਪਣੀ ਮਾਨਸਿਕ ਸਮੱਸਿਆ ਕਾਰਨ ਕਿੰਨਾ ਦੁੱਖੀ ਅਤੇ ਲਾਚਾਰ ਹੈ। ਇਹਨਾਂ ਨੇ ਉਸਨੂੰ ਮਾਨਸਿਕ ਰਾਹਤ ਦੇਣ ਦੀ ਬਜਾਏ ਸਗੋਂ ਇਸ ਜਨਮ ਵਿੱਚ ਤਾਂ ਕੀ ਰਾਹਤ ਦੇਣੀ ਹੈ, ਸਗੋਂ ਮਰਨ ਤੋਂ ਬਾਅਦ ਵੀ ਉਸਨੂੰ ਆਖਦੇ ਹਨ, ਤੂੰ ਸੁੱਖੀ ਨਹੀਂ ਹੋ ਸਕਦਾ। ਉਸਨੂੰ ਡਰਾਇਆਂ ਜਾਂਦਾ ਹੈ ਕਿ ਤੂੰ ਮਰਨ ਤੋਂ ਪਿੱਛੋਂ ਵੀ ਲੱਖਾਂ ਜੂਨਾਂ ਵਿੱਚ ਜਾਵੇਗਾ। ਇਹ ਪਤਾ ਨਹੀਂ ਇਹ ਪੁਜਾਰੀ ਲੋਕ ਕਦੋਂ ਵੇਖ ਆਏ ਹਨ, ਜਦ ਕਿ ਜਦੋਂ ਜਿਉਂਦੇ ਜੀਅ ਰੋਜ ਕਈ ਜੂਨਾਂ ਵਿੱਚ ਪੈਂਦੇ ਹਨ, ਉਹਨਾਂ ਦਾ ਤਾਂ ਪਤਾ ਨਹੀਂ ਲੱਗਦਾ।

ਸਿੱਖ ਧਰਮ ਜਿਸਨੂੰ ਨਵੇਂ ਯੁਗ ਦਾ ਧਰਮ ਆਖਿਆ ਜਾਂਦਾ ਹੈ। ਅੱਜ ਇਸ ਦੇ ਬਹੁਤੇ ਭਾਈ (ਪੁਜਾਰੀ) ਵੀ ਕਿਸੇ ਹੋਰ ਧਰਮ ਵਾਲਿਆਂ ਨਾਲੋਂ ਸਿੱਖਾਂ ਨੂੰ ਡਰਾਉਣ ਵਿੱਚ ਪਿੱਛੇ ਨਹੀਂ ਹਨ। ਇਹ ਵੀ ਗੁਰੂ ਸਾਹਿਬਾਨ ਅਤੇ ਸੰਤ ਬਾਬਿਆਂ ਦੇ ਨਾਂਵਾਂ ਤੇ ਗੁਰਦੁਆਰਿਆਂ ਵਿੱਚ ਪਾਠ ਪੂਜਾ ਕਰਵਾਉਣ ਤੇ ਸਰੋਵਰਾਂ ਵਿੱਚ ਅਤੇ ਬੇਰੀਆਂ ਹੇਠ ਇਸ਼ਨਾਨ ਕਰਕੇ ਆਪਣੇ ਸਰੀਰਕ ਦੁੱਖ ਦੂਰ ਕਰਨ ਦਾ ਪ੍ਰਚਾਰ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ 'ਸ਼ਬਦ ਗੁਰੂ' ਦੇ ਬਿਨਾਂ ਸੁਣੇ ਸਮਝੇ ਲੜੀ ਵਾਰ ਅਖੰਡ ਪਾਠ ਅਤੇ ਗੁਰਬਾਣੀ ਵਿੱਚੋਂ ਕੁਝ ਮਰਜੀ ਦੇ ਸ਼ਬਦ ਦੱਸ ਕੇ ਉਹਨਾਂ ਦਾ ਰਟਨ ਕਰਨ ਲਈ ਆਖਦੇ ਹਨ। ਕਈ ਤਾਂ ਇਸ ਤੋਂ ਵੀ ਅੱਗੇ ਕਈ ਤਰਾਂ ਦੇ ਧਾਗੇ ਤਵੀਤ ਦੇਣ ਦਾ ਧੰਦਾ ਵੀ ਕਰਦੇ ਹਨ।

ਕਈ ਆਪਣੇ ਨਾਵਾਂ ਨਾਲ ਸੰਤ ਅਤੇ ਬ੍ਰਹਮ ਗਿਆਨੀ ਲਿਖਦੇ ਤੇ ਅਖਵਾਉਂਦੇ ਹਨ। ਕਈਆਂ ਨੂੰ ਵਰ ਅਤੇ ਕਈਆਂ ਨੂੰ ਸਰਾਪ ਦੇਣ ਦੀਆ ਧਮਕੀਆਂ ਦੇਂਦੇ ਹਨ। ਕਿਸੇ ਦੇ ਅਕਾਲ ਚਲਾਣ ਹੋ ਜਾਣ ਤੇ ਉਸ ਦੀ ਅਰਦਾਸ ਕਰਦੇ ਸਮੇਂ ਉਸਨੂੰ ਸਵਰਗ ਵਿੱਚ ਪਹੁੰਚ ਜਾਣ ਦਾ ਪ੍ਰਮਾਣ ਪੱਤਰ ਦੇਣ ਵਾਲੇ ਅੱਜ ਇਹ ਲੋਕ ਆਪਣੀ ਜਾਨ ਬਚਾਉਣ ਲਈ ਵਾਰ-ਵਾਰ ਸ਼ਰਾਬ ਤੋਂ ਬਣੀ ਵਸਤੂ ਨਾਲ ਹੱਥ ਸਾਫ ਕਰਦੇ ਹਨ।

ਇੰਝ ਹੀ ਹਿੰਦੂ ਧਰਮ ਅਤੇ ਮੁਸਲਮਾਨ ਜਾਂ ਹੋਰ ਦੂਨੀਆਂ ਦੇ ਬਾਕੀ ਧਰਮ ਵਾਲੇ ਪੁਜਾਰੀ ਵੀ ਹਨ। ਜਿਹੜੇ ਕਿਸੇ ਮੰਦਰ ਵਿੱਚ ਆ ਕੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਦਾ ਦਾਵਾ ਕਰਦੇ ਸਨ। ਕੋਈ ਤੀਰਥਾਂ ਤੇ ਜਾ ਕੇ ਤੰਦਰੁਸਤੀ ਦਾ ਦਾਵਾ ਕਰਦਾ ਸੀ, ਪਰ ਅੱਜ ਉਹ ਤੀਰਥ ਲੋਕਾਂ ਲਈ ਬੰਦ ਕਰਕੇ ਆਪਣੇ ਘਰ ਬੈਠੇ ਹਨ। ਕਿਸੇ ਦਰਗਾਹ ਤੇ ਆ ਕੇ ਇਸ ਬਿਮਾਰੀ ਨੂੰ ਠੀਕ ਹੋਣ ਦਾ ਕੋਈ ਪੀਰ ਦਾਵਾ ਨਹੀਂ ਕਰ ਰਿਹਾ।

ਜੋਤਸ਼ ਦੱਸਣ ਵਾਲੇ ਵੀ ਕਿਸੇ ਰਾਹੂ ਕੇਤੂ ਬਾਰੇ ਨਹੀਂ ਦੱਸ ਰਹੇ। ਕੋਈ ਟੇਵਾ ਨਹੀਂ ਲੱਗਾ ਰਿਹਾ ਕਿ ਕਿਸ ਦਿਨ ਇਹ 'ਕੋਰੋਨਾ' ਬੀਮਾਰੀ ਕਦੋਂ ਹਟੇਗੀ। ਨਾ ਇਹ ਹੀ ਦੱਸਦੇ ਹਨ ਕਿ ਕਿਸ ਨੱਗ ਜਾਂ ਕਿਸ ਰੰਗ ਦੇ ਧਾਗੇ ਨਾਲ ਇਹ ਬੀਮਾਰੀ ਲਾਗੇ ਨਹੀਂ ਆਵੇਗੀ।

ਅੱਜ ਨਾ ਕੋਈ ਇਸਾਈ ਮਤ ਵਾਲੇ ਜਿਹੜੇ ਹੱਥ ਲਾ ਕੇ ਹੀ ਲੋਕਾਂ ਨੂੰ ਠੀਕ ਕਰ ਦੇਣ ਦਾ ਦਾਵਾ ਕਰਦੇ ਸਨ, ਉਹ ਵੀ ਨਜ਼ਰ ਨਹੀਂ ਆਉਂਦੇ।

ਹਾਂ, ਇਹ ਜਰੂਰ ਹੈ ਕਿ ਜਦੋਂ ਵਿਗਿਆਨੀ ਕੋਈ ਇਸ ਦਾ ਇਲਾਜ ਲੱਭ ਲੈਣਗੇ, ਉਦੋਂ ਬਾਅਦ ਵਿੱਚ ਅਜਿਹੇ ਕਰਾਮਾਤਾਂ ਦਾ ਪ੍ਰਚਾਰ ਕਰਨ ਵਾਲੇ ਪੁਜਾਰੀ, ਜਿਵੇਂ ਬਰਸਾਤ ਦੇ ਦਿਨਾਂ ਵਿੱਚ ਮੀਂਹ ਪੈਣ ਤੋਂ ਪਿੱਛੋਂ, ਪੀਲੇ-ਪੀਲੇ ਡੱਡੂ ਨਿਕਲ ਕੇ ਉੱਚੀ-ਉੱਚੀ ਰੋਲਾ ਪਾਉਂਦੇ ਹਨ, ਉਵੇਂ ਅਜਿਹੇ ਬਹੁਤ ਸਾਰੇ ਲੋਕ ਵੀ ਕਰਾਮਾਤਾਂ ਦਾ ਪ੍ਰਚਾਰ ਕਰਨ ਲਈ ਨਿਕਲ ਆਉਣਗੇ। ਫਿਰ ਪਹਿਲਾਂ ਵਾਂਗੂ ਹੀ ਲੋਕਾਂ ਨੂੰ ਮੂਰਖ ਬਣਾਉਣ ਵੱਲ ਲੱਗ ਪੈਣਗੇ। ਇਸ ਸਮੇਂ ਸੰਸਾਰ ਵਿੱਚ ਬਣੀ ਮੁਸ਼ਕਲ ਦੀ ਘੜੀ ਵਿੱਚ ਰਿਧੀਆਂ ਸਿੱਧੀਆਂ ਦਾ ਪ੍ਰਚਾਰ ਕਰਨ ਵਾਲਿਆਂ ਤੋਂ ਕੁਝ ਸੋਚਣ ਸਮਝਣ ਵਾਲੇ ਲੋਕ ਜਰੂਰ ਇਹਨਾਂ ਦੇ ਵਿਛਾਏ ਜਾਲ ਤੋਂ ਛੁਟਕਾਰਾ ਪਾ ਲੈਣਗੇ।

ਜਿਹੜੇ-ਜਿਹੜੇ ਧਰਮਾਂ ਦੇ ਮਹਾਂਪੁਰਖ ਆਪਣੇ-ਆਪਣੇ ਸਮੇਂ ਵਿੱਚ ਹੋਏ ਹਨ। ਜਿਹਨਾ ਨੇ ਵੀ ਲੋਕਾਈ ਦੇ ਭਲੇ ਲਈ ਚੰਗੇ ਕੰਮ ਕੀਤੇ ਹਨ। ਉਹਨਾਂ ਦੇ ਜੀਵਨ ਦੀ ਘਾਲਣਾ ਕੁਝ ਪਾਖੰਡੀ ਲੋਕ ਆਪਣੀ ਐਸ਼ ਪ੍ਰਸਤੀ ਲਈ ਉਹਨਾਂ ਦੇ ਨਾਂਵਾਂ 'ਤੇ ਗੁਰਦੁਆਰੇ, ਮੰਦਰ, ਮਸਜਦਾਂ ਤੇ ਕਬਰਾਂ ਆਦਿ ਬਣਾ ਕੇ ਲੋਕਾਂ ਨੂੰ ਮੂੰਹੋਂ ਮੰਗੀਆਂ ਮੁਰਾਦਾਂ ਦੇਣ ਦਾ ਲਾਲਚ ਦੇ ਕੇ, ਉਹਨਾਂ ਵਿੱਚ ਰਿਧੀਆਂ ਸਿੱਧੀਆਂ ਹੋਣ ਦਾ ਪ੍ਰਚਾਰ ਕਰਦੇ ਹਨ, ਜਦ ਕਿ ਉਹਨਾਂ ਨੇ ਆਪ ਖੁਦ ਕਦੇ ਵੀ ਅਜਿਹਾ ਨਹੀਂ ਕਿਹਾ। ਜਿਸਦਾ ਇਸ 'ਕੋਰੋਨਾ 19' ਨਾਮੀ ਭਿਆਨਕ ਬੀਮਾਰੀ ਨੇ ਇਹਨਾਂ ਦਾ ਪਾਖੰਡ ਨੰਗਾ ਕਰ ਦਿੱਤਾ ਹੈ। ਜਿਵੇਂ 500 ਸਾਲ ਦੇ ਲਾਗੇ ਗੁਰੂ ਨਾਨਕ ਪਾਤਸ਼ਾਹ ਨੇ ਉਸ ਸਮੇਂ ਬਾਬਰ ਅਤੇ ਪਠਾਣਾਂ ਦੀ ਲੜਾਈ ਸਮੇਂ ਪੁਜਾਰੀਆਂ ਦਾ ਝੂਠ ਨੰਗਾ ਕੀਤਾ ਸੀ। ਜਦੋਂ ਪਠਾਣ ਹਾਕਮਾਂ ਨੇ ਸੁਣਿਆ ਸੀ ਕਿ ਮੀਰ ਬਾਬਰ ਹੱਲਾ ਕਰਕੇ ਆ ਰਿਹਾ ਹੈ, ਤਾਂ ਉਸ ਸਮੇਂ ਕਈ ਪੀਰਾਂ (ਪੁਜਾਰੀਆਂ) ਨੇ ਵੀ ਹੁਣ ਵਰਗੇ ਕਈ ਕਰਾਮਾਤਾਂ ਦਾ ਪ੍ਰਚਾਰ ਕਰਨ ਵਾਲਿਆਂ ਵਾਂਗੂ ਮੰਤਰਾਂ ਨਾਲ ਹੀ ਬਾਬਰ ਦੀ ਫੌਜ ਅੰਨੀ ਕਰਨ ਦਾ ਦਾਵਾ ਕਰਨ ਵਾਲੇ ਵੀ ਹੁਣ ਵਾਂਗੂ ਕੁਝ ਨਹੀਂ ਕਰ ਸਕੇ ਸੀ। ਗੁਰੂ ਜੀ ਨੇ ਉਸ ਸਮੇਂ ਇਹ ਸ਼ਬਦ ਉਚਾਰਿਆ ਸੀ :

**ਆਸਾ ਮਹਲਾ ੧ ॥**
**ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥**
**ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥**
**ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥੧॥**
**ਇਹੁ ਜਗੁ ਤੇਰਾ ਤੂ ਗੋਸਾਈ ॥**
**ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥੧॥ ਰਹਾਉ ॥**
**ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥**
**ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥**
**ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨॥**
**ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥**
**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥**
**ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥**
**ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥**
**ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥**
**ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥**
**ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥**
**ਓਨੀ ਤੁਪਕ ਤਾਣਿ ਚਲਾਈ ਓਨੀ ਹਸਤਿ ਚਿੜਾਈ ॥**
**ਜਿਨ ਕੀ ਚੀਰੀ ਦਰਗਹ ਪਾਟੀ ਤਿਨਾ ਮਰਣਾ ਭਾਈ ॥੫॥**
**ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥**
**ਇਕਨਾ ਪੇਰਣ ਸਿਰ ਖੁਰ ਪਾਟੇ ਇਕਨਾ ਵਾਸੁ ਮਸਾਣੀ ॥**
**ਜਿਨ ਕੇ ਬੰਕੇ ਘਰੀ ਨ ਆਇਆ ਤਿਨ ਕਿਉ ਰੈਣਿ ਵਿਹਾਣੀ ॥੬॥**
**ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥**
**ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੁਆਈਐ ॥**
**ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥(ਪੰਨਾ 417-418)**

ਅੱਜ ਕੱਲ ਫਿਰ ਉਸ ਸਮੇਂ ਨੇ ਦੁਬਾਰਾ ਆਪਣੇ ਆਪ ਨੂੰ ਦੁਰਾਹਿਆਂ ਹੈ, ਕਿ ਇਹ ਰਿਧੀਆਂ ਸਿੱਧੀਆਂ ਦਾ ਪ੍ਰਚਾਰ ਕਰਨ ਵਾਲੇ ਝੂਠੇ ਤੇ ਠੱਗ ਲੋਕ ਹਨ। ਹਾਂ, ਜੇਕਰ ਕਿਸੇ ਕੋਲ ਜਾਂ ਕਿਸੇ ਜਗਾ ਕੋਲ ਕੋਈ ਐਸੀ ਕਰਾਮਾਤੀ ਸ਼ਕਤੀ ਹੈ, ਜਿਸ ਨਾਲ 'ਕੋਰੋਨਾ' ਦੇ ਰੋਗੀ ਠੀਕ ਹੋ ਸਕਦੇ ਹਨ ਤਾਂ ਹੁਣ ਸਮਾਂ ਹੈ, ਮੀਡੀਏ ਰਾਂਹੀ ਸਾਹਮਣੇ ਆ ਕੇ ਉਸ ਬੀਮਾਰ ਨੂੰ ਤੰਦਰੁਸਤ ਕਰੋ; ਨਹੀਂ ਤਾਂ ਤੁਹਾਡੇ ਕਰਾਮਾਤੀ ਦਾਵੇ ਸਿਰਫ ਗੱਪਾਂ ਹੀ ਰਹਿ ਜਾਣਗੀਆਂ।

ਸੋਚਣ ਵਾਲੀ ਗੱਲ ਹੈ, ਕਿ ਮਹਾਂਪੁਰਖਾਂ ਦੇ ਨਾਵਾਂ ਨਾਲ ਜੋੜ ਕੇ ਬਣਾਏ ਅਸਥਾਨਾਂ 'ਤੇ ਕਰਾਮਾਤਾਂ ਦਾ ਪ੍ਰਚਾਰ ਕਰਕੇ, ਕਈ ਅਜਿਹੇ ਪੁਜਾਰੀ ਕੀ ਸਾਡੇ ਮਹਾਂਪੁਰਖਾਂ ਦਾ ਅਦਬ ਸਤਿਕਾਰ ਵਧਾ ਰਹੇ ਹਨ ਜਾਂ ਘੱਟਾ ਰਹੇ ਹਨ।

# ਆਤਮਿਕ ਖੁਸ਼ੀਆਂ ਤੇ ਗੁਰਮਤਿ ਜੀਵਨ-ਜਾਚ ਲਈ ਬੰਦਾ ਵਖਤੁ ਵੀਚਾਰੇ



- ਹਰਜੀਤ ਸਿੰਘ ਗਰੇਵਾਲ

ਮਾਨਵ ਉਪਰ ਕਰੋਨਾ ਦੇ ਆਲਮੀ ਸੰਕਟ ਦੌਰਾਨ ਪੜਚੋਲ ਕਰਦਿਆਂ ਕਿਸੇ ਸਿਆਣੇ ਦਾ ਕਿਹਾ ਇਹ ਸੱਚ ਅੱਜ ਸਹੀ ਸਾਬਤ ਹੋ ਰਿਹਾ ਹੈ ਕਿ ਚੰਗੇ ਵੇਲਿਆਂ ਦੌਰਾਨ ਜਮਾਂ ਕੀਤੀ ਹੋਈ ਪੂੰਜੀ, ਘਰ ਪਿਆ ਲੋੜੀਂਦਾ ਸਮਾਨ ਅਤੇ ਚੰਗੇ ਸਬੰਧ ਹਰ ਬੁਰੇ ਵਕਤ ਵੇਲੇ ਕੰਮ ਆਉਂਦੇ ਹਨ। ਇਸ ਤੋਂ ਸਾਫ਼ ਜ਼ਾਹਰ ਹੈ ਕਿ ਚਾਹੇ ਬੈਂਕ ਜਾਂ ਘਰ ਪਿਆ ਪੈਸਾ ਹੋਵੇ, ਘਰ ਵਿੱਚ ਲੋੜੀਂਦਾ ਸਾਮਾਨ ਹੋਵੇ, ਦੋਸਤ-ਰਿਸ਼ਤੇਦਾਰ ਜਾਂ ਆਂਢੀ-ਗੁਆਂਢੀ ਹੋਣ, ਮੁਸੀਬਤ ਵੇਲੇ ਔਖੀ ਘੜੀ ਨੂੰ ਸੌਖਿਆ ਲੰਘਾ ਦਿੰਦੇ ਹਨ।

ਇਸੇ ਤਰਾਂ ਹੀ ਚੰਗੇ ਵਕਤ ਵੇਲੇ ਕੀਤੀ ਭਜਨ-ਬੰਦਗੀ, ਸਿਮਰਨ-ਕੀਰਤਨ ਅਤੇ ਕੰਠ ਕੀਤੀ ਗੁਰਬਾਣੀ ਮਾੜੇ ਸਮੇਂ ਵਿੱਚ 'ਸਿਮਰਤ ਨਾਮੁ ਦੋਖ ਸਭਿ ਲਾਥੇ' ਅਨੁਸਾਰ ਜ਼ਰੂਰ ਇਨਸਾਨ ਦਾ ਆਸਰਾ ਬਣਕੇ ਦੁੱਖਾਂ ਦੀ ਦਵਾ ਬਣਦੀ ਹੈ। ਇਸ ਤਰਾਂ ਮਨੁੱਖ ਵੱਲੋਂ ਆਤਮਿਕ ਤੌਰ 'ਤੇ ਜਮਾਂ ਕੀਤੀ ਕਾਸਮਿਕ (ਰੂਹਾਨੀ) ਊਰਜਾ (ਕਰਮਾਂ ਦੀ ਪੂੰਜੀ) ਵੀ 'ਕਰਮ ਖੰਡ ਕੀ ਬਾਣੀ ਜੋਰੁ' ਦੇ ਮਹਾਂਵਾਕ ਅਨੁਸਾਰ ਉਸਨੂੰ ਬਿਪਤਾ ਦੇ ਭਵਸਾਗਰ ਤੋਂ ਪਾਰ ਲੰਘਾਉਂਦੀ ਹੈ ਅਤੇ ਵਾਹਿਗੁਰੂ ਦੀ ਅਪਾਰ ਬਖਸ਼ਿਸ਼ ਸਦਕਾ ਭਵਿੱਖ ਖੁਸ਼ਹਾਲ ਅਤੇ ਉੱਜਲਾ ਹੋ ਜਾਂਦਾ ਹੈ।

ਤੁਸੀਂ ਅੰਦਾਜ਼ਾ ਲਾਓ, ਜੇਕਰ ਇਨਸਾਨ ਕੋਲ ਖਰਚੇ ਲਈ ਪੈਸਾ ਨਾ ਹੋਵੇ, ਘਰੇ ਜਰੂਰੀ ਸਮਾਨ ਮੁੱਕ ਜਾਵੇ ਅਤੇ ਭਾਈਚਾਰੇ ਵਿੱਚੋਂ ਦੋਸਤ-ਰਿਸ਼ਤੇਦਾਰ, ਆਂਢ-ਗੁਆਂਢ ਮੁੱਖ ਮੋੜ ਲੈਣ ਤਾਂ ਸੋਚੋ ਕਿ ਉਸ ਆਦਮੀ ਜਾਂ ਟੱਬਰ ਉਤੇ ਕਿੰਨਾ ਭਿਆਨਕ ਸਮਾਂ ਗੁਜ਼ਰੇਗਾ ਅਤੇ ਬੁਰੇ ਵਕਤ ਵੇਲੇ ਅਜਿਹੀ ਬਿਪਤਾ ਵਿੱਚ ਘਿਰਿਆ ਬੰਦਾ ਚਿੰਤਾ ਤੇ ਨਿਰਾਸ਼ਾ ਦੇ ਘੋਰ ਆਲਮ ਵਿੱਚ 'ਜਿਉ ਪਕਾ ਰੋਗੀ ਵਿਲਲਾਇ' ਮੁਤਾਬਿਕ ਮਾਨਸਿਕ ਰੋਗੀ ਬਣਕੇ ਇੱਕ ਦਿਨ ਫਾਨੀ ਸੰਸਾਰ ਤੋਂ ਹੀ ਰੁਖ਼ਸਤ ਹੋ ਸਕਦਾ ਹੈ ਜਾਂ ਖ਼ੁਦਕਸ਼ੀ ਵਰਗੀ ਮਾਨਸਿਕਤਾ ਅਪਣਾ ਸਕਦਾ ਹੈ।

ਸੋ 'ਵਖਤੁ ਵੀਚਾਰੇ ਸੁ ਬੰਦਾ ਹੋਇ' ਦੇ ਗੁਰਵਾਕ ਅਨੁਸਾਰ ਇਨਾਂ ਸਾਰੀਆਂ ਚੰਗੀਆਂ ਗੱਲਾਂ ਉਪਰ ਅਮਲ ਕਰਕੇ 'ਸਫਲ ਜੀਵਨੁ ਸਫਲੁ ਤਾ ਕਾ ਸੰਗੁ' ਮੁਤਾਬਿਕ ਆਪਣਾ ਅਤੇ ਆਪਣੇ ਪਰਿਵਾਰ ਦਾ ਜੀਵਨ ਸਫਲਾ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬ ਵੱਲੋਂ ਲੋਕਾਈ ਨੂੰ 'ਸਮਝ ਲੇਹੁ ਸਭ ਜਨ ਮਨ ਮਾਹੀ' ਦੀ ਬਖਸ਼ੀ ਸੁਮੱਤਿ ਮੁਤਾਬਿਕ 'ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ' ਉਪਰ ਅਮਲ ਕਰਦਿਆਂ ਜਦੋਂ ਸਮਾਂ ਮਿਲੇ 'ਮਨ ਰੇ ਗੁਰ ਕੀ ਕਾਰ ਕਮਾਇ' ਦੇ ਫ਼ੁਰਮਾਨ ਅਨੁਸਾਰ ਜ਼ਰੂਰ ਭਜਨ-ਬੰਦਗੀ ਕਰੋ, ਗੁਰਮਤਿ ਵਿਚਾਰਾਂ ਕਰੋ-ਸੁਣੋ ਅਤੇ 'ਗੁਰਬਾਣੀ ਗਾਵਹ ਭਾਈ'। ਇਸ ਤਰਾਂ 'ਧੁਰ ਕੀ ਬਾਣੀ' ਉਪਰ ਅਮਲ ਕਰਦਿਆਂ 'ਸਾਧਸੰਗਤਿ ਗੁਰਮਤਿ ਸਾਬਾਸੀ' ਮਿਲਦੀ ਹੈ ਤੇ 'ਗੁਰਸਿਖਾ ਸਾਬਾਸ ਜਨੁਮ ਸਵਾਰਿਆ' ਜਾਂਦਾ ਹੈ। ਅਜਿਹਾ ਮਨੁੱਖ 'ਚੰਨਣੁ ਬਿਰਖੁ ਸੁਬਾਸੁ ਦੇ ਚੰਨਣੁ ਕਰਦਾ ਬਿਰਖ ਸਬਾਏ' ਅਨੁਸਾਰ ਜਿਵੇਂ ਚੰਦਨ ਦਾ ਰੁੱਖ ਲਾਗੇ ਰੁੱਖਾਂ ਨੂੰ ਖੁਸ਼ਬੂਈ ਵੰਡਦਾ ਹੈ ਠੀਕ ਉਤੇ ਤਰਾਂ ਹੀ 'ਗੁਰਮੁਖ ਗਾਡੀ ਰਾਹੁ ਚਲੰਦਾ' ਹੋਇਆ ਸਤਸੰਗੀਆਂ ਦਾ ਵੀ ਜਨਮ ਸਫਲਾ ਕਰਨ ਵਿੱਚ ਮੱਦਦ ਕਰ ਸਕਦਾ ਹੈ ਤੇ 'ਇਹ ਲੋਕ ਸੁਖੀਏ ਪਰਲੋਕ ਸੁਹੇਲੇ' ਹੋ ਜਾਣਗੇ।

'ਪੰਥਿ ਸੁਹੇਲੈ ਜਾਵਹੁ' ਲਈ ਖੁਸ਼ਹਾਲ ਅਤੇ ਗੁਰਮੁੱਖਾਂ ਵਾਲਾ ਜੀਵਨ ਬਸਰ ਕਰਨ ਖਾਤਰ ਕਰਮਾਂ ਅਤੇ ਸਵਾਸਾਂ ਦੀ ਪੂੰਜੀ ਨੂੰ ਰੋਜ਼ਾਨਾ ਜਮਾਂ ਕਰਨ ਲਈ 'ਹਰਿ ਧਿਆਵਹੁ ਸਾਸਿ ਗਿਰਾਸਿ' ਕਿਉਂਕਿ ਇਹ ਮਨੁੱਖ ਦੇ ਆਪਣੇ ਹੱਥ-ਵੱਸ ਹੈ ਅਤੇ ਸੁਖਾਲਾ ਕਾਰਜ ਹੈ। ਰੋਜ਼ਾਨਾ ਕੀਤੀ ਜਾਂਦੀ ਨਿੰਦਾ-ਚੁਗਲੀ, ਝੂਠ-ਫਰੇਬ, ਲੋਭ-ਲਾਲਚ, ਠੱਗੀ-ਠੋਰੀ, ਪਰਾਇਆ ਹੱਕ ਖਾਣਾ, ਬੇਈਮਾਨੀ, ਲੜਾਈ, ਡਰ, ਵੈਰ-ਵਿਰੋਧ, ਤਣਾਅ-ਚਿੰਤਾ ਆਦਿ ਮਨੁੱਖ ਦੀ ਕਾਸਮਿਕ ਤੇ ਆਤਮਿਕ ਊਰਜਾ ਸਮੇਤ ਅਧਿਆਤਮ ਨੂੰ ਖੋਰਾ ਲਾਉਂਦੇ ਹਨ ਜਿਵੇਂ ਬਾਣੀ ਵਿੱਚ ਫੁਰਮਾਇਆ ਹੈ ਕਿ 'ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ।।' ਇਸ ਤਰਾਂ ਮਨੱਖ ਦੀ ਕਾਰਜਸ਼ੈਲੀ 'ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ' ਵਾਂਗ ਹੋ ਜਾਂਦੀ ਹੈ।

ਸੋ ਓਅੰਕਾਰ ਪਰਵਦਿਗਾਰ ਤੋਂ ਆਤਮਿਕ ਊਰਜਾ ਤੇ ਰਹਿਮਤਾਂ ਦੀ ਬਖਸ਼ 'ਅਨਹਦ ਬਾਣੀ ਪੂੰਜੀ' ਪ੍ਰਾਪਤ ਕਰਨ ਲਈ ਅੱਠੇ ਪਹਿਰ ਪ੍ਰਮਾਤਮਾ ਦੀਆਂ ਬਖਸ਼ਿਸ਼ਾਂ ਦਾ ਸ਼ੁਕਰਾਨਾ ਕਰੋ, 'ਸਭੇ ਸਾਝੀਵਾਲ ਸਦਾਇਨਿ' ਅਨੁਸਾਰ ਸਰਬੱਤ ਦਾ ਭਲਾ ਕਰੋ, ਸਮਾਜਿਕ ਰਿਸ਼ਤਿਆਂ ਵਿੱਚ ਨੇੜਤਾ ਅਤੇ ਮਜ਼ਬੂਤੀ ਲਿਆਓ, ਜ਼ੁਬਾਨ ਦੀ ਮਿਠਾਸ ਵਧਾਓ, ਚੰਗੇ ਕੰਮਾਂ ਮੌਕੇ ਦੂਜਿਆਂ ਨੂੰ ਸ਼ਾਬਾਸ਼ੀ ਦਿਓ ਅਤੇ ਹਰੇਕ ਨੂੰ ਦਿਲੋਂ ਮੁਆਫ ਕਰੋ ਕਿਉਂਕਿ 'ਹਰਿ ਸਭਨਾ ਵਿਚਿ ਤੂੰ ਵਰਤਦਾ' ਹੈ। ਮੰਦੇ ਕੰਮਾਂ ਤੋਂ ਦੂਰ ਰਹੋ, ਹਉਮੈ, ਪੰਜੇ ਵਿਕਾਰਾਂ ਅਤੇ 'ਪਰ ਧਨ ਪਰ ਦਾਰਾ ਪਰ ਨਿੰਦਾ' ਨੂੰ ਖਤਮ ਕਰਦਿਆਂ 'ਪਰ ਕਾ ਬੁਰਾ ਨਾ ਰਾਖਹੁ ਚੀਤ' ਤਹਿਤ ਵੈਰ-ਵਿਰੋਧ ਨੂੰ ਬਿਲਕੁੱਲ ਖਤਮ ਕਰ ਦਿਓ। ਹਮੇਸ਼ਾਂ ਪ੍ਰਮਾਤਮਾ ਦੀ ਰਜ਼ਾ ਵਿੱਚ 'ਗੁਰਸਿਖੀ ਭਾਣਾ ਮੰਨਿਆ' ਤਹਿਤ ਅਨੰਦ-ਵਿਸਮਾਦ ਵਿਚ ਵਿਚਰਨਾ ਸ਼ੁਰੂ ਕਰੋਗੇ ਤਾਂ 'ਖਸਮੈ ਸੋਈ ਭਾਵਦਾ ਖਸਮੈ ਦਾ ਜਿਸੁ ਭਾਣਾ ਭਾਵੈ' ਮੁਤਾਬਿਕ ਪ੍ਰਮਾਤਮਾ ਦੀ ਮਿਹਰ ਦੇ ਪਾਤਰ ਬਣਦੇ ਹੋਏ 'ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ' ਰਾਹੀਂ ਮਨੁੱਖ ਦਾ ਜੀਵਨ 'ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇਣਾ ਸਹਜ ਸੁਹੇਲਾ' ਹੋ ਨਿੱਬੜਦਾ ਹੈ ਅਤੇ 'ਜਹ ਜਾਈਐ ਤਹਾ ਸੁਹੇਲੇ' ਹੁੰਦੇ ਹਨ।

'ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ' ਦੇ ਮਹਾਂਵਾਕ ਅਨੁਸਾਰ ਬੇਈਮਾਨੀ ਤੇ ਪਾਪਾਂ ਨਾਲ ਇਕੱਤਰ ਮਾਇਆ ਨਾਲ ਨਹੀਂ ਜਾਂਦੀ ਪਰ ਕੀਤੇ ਹੋਏ ਪਾਪ 'ਲੇਖਾ ਰਬੁ ਮਗੇਸੀਆ ਬੈਠਾ ਕਢਿ ਵਹੀ' ਮੁਤਾਬਿਕ 'ਲੇਖਾ ਧਰਮ ਭਇਆ ਤਿਲ ਪੀੜੇ ਧਾਣੀ ਰਾਮ' ਵਾਂਗ ਭੁਗਤਣਾ ਪੈਂਦਾ ਹੈ। ਤੁਹਾਡੇ ਵੱਲੋਂ ਕੀਤੀ ਨਿੰਦਾ-ਚੁਗਲੀ ਨਾਲ ਸਬੰਧਤ ਵਿਅਕਤੀ ਨੂੰ ਕੋਈ ਫ਼ਰਕ ਨਹੀਂ ਪੈਂਦਾ ਪਰ 'ਨਿੰਦਾ ਕਰਹਿ ਸਿਰਿ ਭਾਰ ਉਠਾਏ' ਅਨੁਸਾਰ ਤੁਹਾਡੇ ਕਾਸਮਿਕ ਊਰਜਾ, ਕਰਮਾਂ ਦੀ ਪੂੰਜੀ ਮਨਫੀ ਹੋ ਜਾਂਦੀ ਹੈ ਅਤੇ 'ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ' ਮੁਤਾਬਿਕ 'ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ' ਵਾਂਗ ਕਰਮਾਂ ਦਾ ਫਲ ਹਰ ਹੀਲੇ ਭੁਗਤਣਾ ਪੈਂਦਾ ਹੈ।

ਸੋ 'ਸਿਮਰਤ ਨਾਮੁ ਭਰਮੁ ਭਉ ਭਾਗੈ' ਦੇ ਫ਼ੁਰਮਾਨ ਮੁਤਾਬਿਕ ਵਖਤ ਵਿਚਾਰਦਿਆਂ ਹੁਣੇ ਤੋਂ ਹੀ ਖੁਸ਼ਹਾਲ ਰਹਿਣ, ਬਿਹਤਰ ਜ਼ਿੰਦਗੀ ਜਿਊਣ, ਉੱਜਲ ਭਵਿੱਖ ਅਤੇ ਅੱਗਾ ਸੰਵਾਰਨ ਲਈ ਹੋਰਨਾਂ ਉਸਾਰੂ ਗੱਲਾਂ ਦੇ ਨਾਲ-ਨਾਲ ਰੋਜ਼ਾਨਾ ਇੱਕ ਮਨਚਿੱਤ ਹੋ ਕੇ ਸਿਮਰਨ ਕਰੋਗੇ ਤਾਂ 'ਰਾਮ ਨਾਮ ਧਨੁ ਪੂੰਜੀ ਸੰਚੀ ਨਾ ਡੂਬੈ ਨਾ ਜਾਈ' ਤਹਿਤ ਇਹ ਪੂੰਜੀ ਔਖੇ ਵੇਲੇ ਕੰਮ ਆਵੇਗੀ ਅਤੇ 'ਸਮਰਥ ਗੁਰੂ ਸਿਰਿ ਹਥੁ ਧਰ੍ਉ' ਰਾਹੀਂ ਜੀਵਨ ਸਫ਼ਲਾ ਹੋ ਜਾਵੇਗਾ ਅਤੇ 'ਗੁਰੁ ਸਿਖੀ ਦੀ ਏਹੀ ਨੀਸਾਣੀ' ਹੈ।

# ਮਹਾਨ ਸਿੱਖ-ਨਾਇਕ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

- ਪ੍ਰੋ. ਸੁਹਿੰਦਰ ਬੀਰ

ਸਰਦਾਰ ਜੱਸਾ ਸਿੰਘ ਦੇ ਪਰਿਵਾਰ ਦਾ ਅਸਲੀ ਚਿਹਰਾ-ਮੁਹਰਾ ਉਦੋਂ ਉਜਾਗਰ ਹੋਣਾ ਸ਼ੁਰੂ ਹੁੰਦਾ ਹੈ ਜਦੋਂ ਜੱਸਾ ਸਿੰਘ ਦੇ ਦਾਦਾ ਸਰਦਾਰ ਹਰਦਾਸ ਸਿੰਘ ਨੇ ਆਪਣੇ ਪਿੰਡ ਸੁਰ ਸਿੰਘ (ਅੱਜ-ਕੱਲ ਤਰਨ ਤਾਰਨ ਜ਼ਿਲਾ ਵਿੱਚ) ਵਿਖੇ ਖੇਤੀਬਾੜੀ ਦਾ ਕਿੱਤਾ ਤਿਆਗ ਕੇ ਗੁਰੂ ਗੋਬਿੰਦ ਸਿੰਘ ਪਾਸੋਂ ਅੰਮ੍ਰਿਤ ਛਕ ਕੇ ਉਨਾਂ ਦੀ ਸ਼ਰਨ ਵਿੱਚ ਜੀਣਾ ਮਨਜ਼ੂਰ ਕਰ ਲਿਆ ਸੀ। ਗਿਆਨੀ ਗਿਆਨ ਸਿੰਘ ਦੁਆਰਾ ਰਚੇ ਗਏ ਪੰਥ ਪ੍ਰਕਾਸ਼ ਵਿਚ ਗਿਆਨੀ ਹਰਦਾਸ ਸਿੰਘ ਦੇ ਪਰਿਵਾਰ ਦੀ ਧਰਮ-ਸਾਧਨਾ ਅਤੇ ਸਮਰਪਿਤ ਭਾਵਨਾ ਦੀ ਪੇਸ਼ਕਾਰੀ ਮਿਲਦੀ ਹੈ:

**ਇਨ ਕਾ ਬਡ਼ਾ ਸਿੰਘ ਹਰਿ ਦਾਸ।**
**ਰਹਯੋ ਗੁਰੂ ਗੋਬਿੰਦ ਸਿੰਘ ਪਾਸ।**
**ਮਨ ਤਨ ਧਨ ਕਰ ਸੇਵ ਕਮਾਈ।**
**ਗੁਰੂ ਵਰ ਦੀਨੇ ਰਾਜ ਲੁਭਾਈ।**
**ਅਬਚਲ ਨਗਰ ਗੁਰੂ ਸੰਗ ਰਯੋ।**

ਹਰਿਦਾਸ ਦੇ ਸਪੁੱਤਰ ਭਾਈ ਭਗਵਾਨ ਸਿੰਘ ਵੀ ਆਪਣੀ ਧਰਮ ਸਾਧਨਾ ਵਿਚ ਏਨੇ ਪਰਪੱਕ ਹੋ ਚੁੱਕੇ ਸਨ ਕਿ ਜਦੋਂ ਗੋਬਿੰਦ ਸਿੰਘ ਨੇ 1781 ਈਸਵੀ ਵਿਚ ਬੰਦੇ ਬਹਾਦਰ ਨੂੰ ਪੰਜਾਬ ਦੀ ਮੁਹਿੰਮ ਲਈ ਭੇਜਿਆ ਤਾਂ ਆਪ ਉਸ ਜਥੇ ਵਿਚ ਸ਼ਾਮਲ ਸਨ। ਪੰਜਾਬ ਵਿੱਚ ਪਹੁੰਚਣ ਤੋਂ ਬਾਅਦ ਉਨਾਂ ਨੇ ਭਾਈ ਬਿਨੋਦ ਸਿੰਘ ਦੀ ਕਮਾਨ ਹੇਠ ਆਪਣੀ ਬਹਾਦਰੀ ਦੇ ਜੌਹਰ ਵਿਖਾਏ। ਇਸ ਤੋਂ ਬਾਅਦ ਉਹ ਕੁਝ ਸਮਾਂ ਅਬਦੁਲ ਸਮਦ ਖਾਂ ਦੇ ਨਾਲ ਵੀ ਰਹੇ। ਇਸੇ ਸਮੇਂ ਦੌਰਾਨ 1723 ਈਸਵੀ ਵਿੱਚ ਜਦੋਂ ਭਾਈ ਭਗਵਾਨ ਸਿੰਘ ਲਾਹੌਰ ਵਿਖੇ ਸਨ ਤਾਂ ਜੱਸਾ ਸਿੰਘ ਦਾ ਜਨਮ ਹੁੰਦਾ ਹੈ। ਜੱਸਾ ਸਿੰਘ ਦੇ ਚਾਰ ਭਰਾ ਵੀ ਸਨ, ਜਿਨਾਂ ਵਿਚ ਤਾਰਾ ਸਿੰਘ, ਮਾਲੀ ਸਿੰਘ, ਖ਼ੁਸ਼ਹਾਲ ਸਿੰਘ ਅਤੇ ਜੈ ਸਿੰਘ ਸਨ।

ਬਚਪਨ ਵਿਚ ਜੱਸਾ ਸਿੰਘ ਨੂੰ ਆਪਣੇ ਪਰਿਵਾਰ ਵਿਚੋਂ ਹੀ ਆਪਣੇ ਦਾਦਾ ਹਰਿਦਾਸ ਦੀਆਂ ਮਹਾਨ ਸੂਰਮਗਤੀ ਦੀਆਂ ਕਹਾਣੀਆਂ ਸੁਣਨ ਨੂੰ ਮਿਲਦੀਆਂ ਰਹੀਆਂ, ਜਿਨਾਂ ਉਸ ਦੇ ਅੰਦਰ ਬਹਾਦਰੀ ਅਤੇ ਆਦਰਸ਼ਕਤਾ ਦੇ ਗੁਣ ਪੈਦਾ ਕੀਤੇ। ਇਸ ਸਦੀ ਵਿੱਚ ਲਗਾਤਾਰ ਚੱਲ ਰਹੀ ਰਾਜਸੀ ਹਨੇਰਗਰਦੀ ਕਰਕੇ ਉਨਾਂ ਨੂੰ ਪਰੰਪਰਕ ਤੌਰ 'ਤੇ ਪੜਾਈ ਕਰਨ ਦਾ ਮੌਕਾ ਨਾ ਮਿਲਿਆ ਪਰ ਸਰਦਾਰ ਭਗਵਾਨ ਸਿੰਘ ਨੇ ਉਨਾਂ ਨੂੰ ਗੁਰਮੁਖੀ ਦੀ ਵਿਸ਼ੇਸ਼ ਸਿੱਖਿਆ ਦਿੱਤੀ; ਜਿਸ ਕਰਕੇ ਉਹ ਬਚਪਨ ਵਿਚ ਹੀ 'ਪੰਜ ਬਾਣੀਆਂ' ਦਾ ਨਿਤਨੇਮ ਕਰਦੇ ਸਨ। ਗੁਰਮੁਖੀ ਦੀ ਸਿੱਖਿਆ ਦੇ ਨਾਲ-ਨਾਲ ਉਹ ਸ਼ਸਤਰ ਵਿੱਦਿਆ ਵਿੱਚ ਵੀ ਨਿਪੁੰਨ ਹੋ ਗਏ। ਜਦੋਂ ਨਾਦਰ ਸ਼ਾਹ ਨੇ 1738 ਈਸਵੀ ਵਿਚ ਪੰਜਾਬ 'ਤੇ ਹਮਲਾ ਕੀਤਾ ਤਾਂ ਜ਼ਕਰੀਆਂ ਖਾਂ ਨੇ ਸਿੱਖਾਂ ਨਾਲ ਸੰਧੀ ਕਰ ਲਈ ਅਤੇ ਇਕੱਠਿਆਂ ਨਾਦਰ ਸ਼ਾਹ ਦਾ ਮੁਕਾਬਲਾ ਕਰਨ ਦੀ ਯੋਜਨਾ ਬਣਾਈ। ਇਸ ਬਦਲੇ ਜ਼ਕਰੀਆ ਖਾਂ ਨੇ ਸਿੱਖਾਂ ਨੂੰ ਇਕ ਜਾਗੀਰ ਦੀ ਪੇਸ਼ਕਸ਼ ਕੀਤੀ। ਇਸ ਹਮਲੇ ਦੀ ਖ਼ਬਰ ਜਦ ਭਗਵਾਨ ਸਿੰਘ ਨੂੰ ਲੱਗੀ ਤਾਂ ਉਸ ਨੇ ਆਪਣੇ ਵੱਡੇ ਪੁੱਤਰ ਜੱਸਾ ਸਿੰਘ ਨੂੰ ਸਿੱਖ ਫ਼ੌਜ ਵਿਚ ਆਪਣੇ ਨਾਲ ਭਰਤੀ ਕਰ ਲਿਆ। ਨਾਦਰ ਸ਼ਾਹ ਦੀਆਂ ਫ਼ੌਜਾਂ ਅਤੇ ਸਿੱਖਾਂ ਦੀਆਂ ਫ਼ੌਜਾਂ ਦਾ ਟਕਰਾਅ 1738 ਈਸਵੀ ਨੂੰ ਵਜ਼ੀਰਾਬਾਦ (ਜ਼ਿਲਾ ਗੁੱਜਰਾਂਵਾਲਾ, ਪਾਕਿਸਤਾਨ) ਦੇ ਨਜ਼ਦੀਕ ਹੋਇਆ। ਇਸ ਸਮੁੱਚੀ ਲੜਾਈ ਵਿਚ ਜ਼ਕਰੀਆ ਖਾਂ ਦੇ ਮਨ ਉਪਰ ਜੱਸਾ ਸਿੰਘ ਦੇ ਪਰਿਵਾਰ ਦਾ ਗਹਿਰਾ ਬਹੁਤ ਪ੍ਰਭਾਵ ਪਿਆ। ਇਸ ਲੜਾਈ ਦੀ ਜਿੱਤ ਤੋਂ ਖ਼ੁਸ਼ ਹੋ ਕੇ ਜ਼ਕਰੀਆ ਖਾਂ ਨੇ ਭਗਵਾਨ ਸਿੰਘ ਨੂੰ ਪੰਜਾਂ ਪਿੰਡਾਂ (ਵੱਲਾ, ਵੇਰਕਾ, ਸੁਲਤਾਨਪਿੰਡ, ਤੁੰਗ, ਚੱਬਾ) ਦੀ ਜਾਗੀਰ ਦੇ ਦਿੱਤੀ ਅਤੇ ਜੱਸਾ ਸਿੰਘ ਨੂੰ ਰਸਾਲਦਾਰ ਦੀ ਪਦਵੀ ਦਿੱਤੀ।

ਇਸ ਲੜਾਈ ਨਾਲ ਜੱਸਾ ਸਿੰਘ ਦੇ ਜੀਵਨ ਵਿਚ ਬਹੁਤ ਪਰਿਵਰਤਨ ਆਇਆ। ਇਹ ਲੜਾਈ ਉਸ ਦੇ ਜੀਵਨ ਦੀ ਸਭ ਤੋਂ ਖ਼ੂਬਸੂਰਤ ਘਟਨਾ ਸੀ। ਇਸ ਸਾਲ ਉਸ ਨੂੰ 'ਵੱਲਾ' ਪਿੰਡ ਦੀ ਜਾਗੀਰ ਦਾ ਮਾਲਕ ਬਣਾ ਦਿੱਤਾ ਗਿਆ। ਇਸ ਜਾਗੀਰ ਦਾ ਪ੍ਰਬੰਧ ਚਲਾਉਂਦੇ ਹੋਏ ਹੀ ਉਸ ਨੇ ਰਾਜ-ਪ੍ਰਬੰਧ ਚਲਾਉਣ ਦੀ ਜਾਚ ਸਿਖ ਲਈ। ਇਸ ਸਮੇਂ ਦੌਰਾਨ ਉਸ ਦੀ ਜਲੰਧਰ ਦੇ ਫ਼ੌਜਦਾਰ ਅਦੀਨਾ ਬੇਗ ਨਾਲ ਟੱਕਰ ਵੀ ਹੋਈ। ਇਸ ਟੱਕਰ ਦਾ ਕਾਰਨ ਹੱਦਾਂ ਦੀ ਸਰਹੱਦੀ ਵੰਡ ਸੀ। ਇਸੇ ਕਾਰਨ ਵੱਲਾ ਦੀ ਲੜਾਈ ਹੋਈ, ਜਿਸ ਵਿਚ ਜੱਸਾ ਸਿੰਘ ਨੇ ਅਦੀਨਾ ਬੇਗ ਨੂੰ ਕਰਾਰੀ ਹਾਰ ਦਿੱਤੀ। ਇਸ ਨਾਲ ਉਸ ਦੀ ਰਾਜਸੀ ਚੇਤਨਾ ਤੇ ਸੂਝ ਵਧੇਰੇ ਜਾਗਰੂਕ ਹੋਈ।

1745 ਈਸਵੀ ਵਿਚ ਜਦੋਂ ਜ਼ਕਰੀਆ ਖਾਂ ਚਲਾਣਾ ਕਰ ਗਿਆ ਤਾਂ ਉਸ ਦੇ ਪੁੱਤਰਾਂ ਨੇ ਰਾਜ ਸ਼ਕਤੀ ਵਧਾਉਣੀ ਸ਼ੁਰੂ ਕਰ ਦਿੱਤੀ। ਜੱਸਾ ਸਿੰਘ ਜੋ ਕਿ ਇਕ ਉਤਸ਼ਾਹੀ ਨੌਜਵਾਨ ਸੀ, ਉਸ ਨੇ ਵੀ 'ਦਲ ਖ਼ਾਲਸਾ' ਦਾ ਮੈਂਬਰ ਬਣਨਾ ਸਵੀਕਾਰ ਕਰ ਲਿਆ ਅਤੇ ਨੰਦ ਸਿੰਘ ਸੰਘਾਣੀਏ ਦੇ ਜਥੇ ਵਿੱਚ ਜਾ ਰਲਿਆ। ਹੁਣ ਸਿੱਖਾਂ ਨੇ ਆਪਣੇ ਤਿਉਹਾਰਾਂ ਨੂੰ ਦੁਬਾਰਾ ਮਨਾਉਣਾ ਸ਼ੁਰੂ ਕਰ ਦਿੱਤਾ ਅਤੇ ਉਨਾਂ ਨੇ ਇਹ



ਮਹਿਸੂਸ ਕੀਤਾ ਕਿ ਇਸ ਸਮੇਂ ਉਨਾਂ ਨੂੰ ਆਪਣੀ ਰੱਖਿਆ ਵਾਸਤੇ ਕਿਲੇ ਬਣਾਉਣੇ ਚਾਹੀਦੇ ਹਨ। ਇਸ ਮੰਤਵ ਤਹਿਤ ਪਹਿਲਾ ਕਿਲਾ ਅੰਮ੍ਰਿਤਸਰ ਵਿਖੇ ਗੁਰੂ ਰਾਮਦਾਸ ਦੇ ਸਥਾਨ 'ਤੇ 'ਰਾਮਰਾਉਣੀ' ਬਣਾਇਆ ਗਿਆ। ਜੱਸਾ ਸਿੰਘ ਅਤੇ ਉਸ ਦੇ ਸਾਥੀਆਂ ਨੇ ਇਸ ਕਿਲੇ ਨੂੰ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ।

1748 ਈਸਵੀ ਵਿਚ ਮੀਰ ਮੰਨੂੰ ਨੇ ਅਬਦਾਲੀ ਦੇ ਹਮਲੇ ਤੋਂ ਬਾਅਦ ਸਿੱਖਾਂ ਨੂੰ ਪੂਰੀ ਤਰਾਂ ਕੁਚਲਣ ਦਾ ਮਨ ਬਣਾ ਲਿਆ। ਪੰਜਾਬ ਦੇ ਕੋਨੇ-ਕੋਨੇ ਵਿੱਚ ਸਿੱਖ ਕਤਲ ਕੀਤੇ ਜਾਣ ਲੱਗੇ। ਦੂਸਰੇ ਪਾਸੇ ਅਦੀਨਾ ਬੇਗ ਸਿੱਖਾਂ ਦੀ ਤਾਕਤ ਨੂੰ ਜਾਣਦਾ ਸੀ ਉਸ ਨੇ ਸਿੱਖਾਂ ਨਾਲ ਸੰਧੀ ਕਰਨ ਬਾਰੇ ਸੋਚਿਆ ਤੇ ਆਪਣੇ ਨਾਲ ਜੱਸਾ ਸਿੰਘ ਆਹਲੂਵਾਲੀਆ ਨੂੰ ਭੇਜਿਆ ਸੀ ਪਰ ਉਸ ਨੇ ਇਹ ਸੱਦਾ ਮਨਜ਼ੂਰ ਨਾ ਕੀਤਾ। ਜੱਸਾ ਸਿੰਘ ਨੇ ਇਸ ਸੱਦੇ ਨੂੰ ਇਸ ਕਰਕੇ ਮਨਜ਼ੂਰ ਕਰ ਲਿਆ ਕਿਉਂਕਿ ਉਹ ਆਪਣੀ ਤਾਕਤ ਨੂੰ ਫੈਲਾਉਣਾ ਚਾਹੁੰਦਾ ਸੀ। ਅਦੀਨਾ ਬੇਗ ਅਧੀਨ ਜੱਸਾ ਸਿੰਘ ਨੂੰ ਇਕ ਉੱਚਾ ਜਰਨੈਲ ਗਿਣਿਆ ਜਾਣ ਲੱਗ ਪਿਆ ਸੀ। ਉਸ ਨੂੰ 150 ਸਿਪਾਹੀਆਂ ਦੀ ਪਲਟਨ ਵੀ ਦੇ ਦਿੱਤੀ ਗਈ। ਇਸ ਸਮੇਂ ਜੱਸਾ ਸਿੰਘ ਨੇ ਆਪਣੀ ਤਾਕਤ ਨੂੰ ਇਕੱਠਿਆਂ ਕਰਨ ਲਈ ਪੂਰੀ ਵਾਹ ਲਗਾਈ। ਅਦੀਨਾ ਬੇਗ ਨਾਲ ਜੱਸਾ ਸਿੰਘ ਦੀ ਇਸ ਸੰਧੀ ਕਰਕੇ ਉਸ ਨੂੰ ਸਿੱਖਾਂ ਨੇ ਪੰਥ ਵਿੱਚੋਂ ਵੀ ਛੇਕ ਦਿੱਤਾ ਸੀ।

1749 ਈਸਵੀ ਵਿਚ ਮੀਰ ਮੰਨੂੰ ਨੇ ਰਾਮਰੌਣੀ ਦਾ ਕਿਲਾ ਤਬਾਹ ਕਰਨ ਦੀ ਯੋਜਨਾ ਬਣਾਈ ਤੇ ਇਸ ਕੰਮ ਲਈ ਅਦੀਨਾ ਬੇਗ ਨੂੰ ਸੈਨਾ ਇਕੱਠੀ ਕਰਕੇ ਰਾਮਰੌਣੀ ਵੱਲ ਜਾਣ ਲਈ ਸੁਨੇਹਾ ਭੇਜਿਆ। ਅਦੀਨਾ ਬੇਗ ਨੇ ਜਿਹੜੀ ਸੈਨਾ ਰਾਮਰੌਣੀ ਵੱਲ ਭੇਜੀ ਉਸ ਵਿੱਚ ਜੱਸਾ ਸਿੰਘ ਨੂੰ ਮੁੱਖ ਸੈਨਾਪਤੀ ਦੇ ਰੂਪ ਵਿਚ ਭੇਜਿਆ। ਜਦੋਂ ਜੱਸਾ ਸਿੰਘ ਆਪਣੀ ਸੈਨਾ ਨਾਲ ਰਾਮਰੌਣੀ ਵਿਖੇ ਪਹੁੰਚਿਆਂ ਤਾਂ ਉਸ ਦੀ ਸਹਾਇਤਾ ਲਈ ਮੀਰ ਮੰਨੂੰ ਨੇ ਇਕ ਸੈਨਿਕ ਟੁਕੜੀ ਲਾਹੌਰ ਤੋਂ ਵੀ ਭੇਜ ਦਿੱਤੀ। ਇਸ ਤਰਾਂ ਮਿਲਵੀਂ ਫ਼ੌਜ ਨੇ ਰਾਮਰੌਣੀ ਦੇ ਕਿਲੇ ਨੂੰ ਘੇਰ ਲਿਆ। ਇਸ ਦੌਰਾਨ ਚਾਰ ਮਹੀਨੇ ਦੀ ਘੇਰਾਬੰਦੀ ਵਿੱਚ ਸਿੱਖਾਂ ਨਾਲ ਇਸ ਫ਼ੌਜ ਦੀਆਂ ਕਈ ਝੜਪਾਂ ਹੋਈਆਂ। ਜੱਸਾ ਸਿੰਘ ਇਨਾਂ ਝੜਪਾਂ ਕਾਰਨ ਖ਼ੁਦ ਪ੍ਰੇਸ਼ਾਨ ਰਹਿਣ ਲੱਗਾ। ਉਸ ਦੇ ਦਿਲ ਵਿੱਚ ਆਪਣੇ ਸਿੱਖ ਭਰਾਵਾਂ ਲਈ ਡੂੰਘਾ ਦਰਦ ਛੁਪਿਆ ਹੋਇਆ ਸੀ। ਆਖ਼ਰ ਉਸ ਨੇ ਸਿੱਖਾਂ ਦੀ ਸਹਾਇਤਾ ਕਰਨ ਲਈ ਆਪਣਾ ਮਨ ਬਣਾ ਲਿਆ। ਇਸ ਬਾਰੇ ਵਿਦਵਾਨਾਂ ਦੇ ਵੱਖਰੇ-ਵੱਖਰੇ ਮੱਤ ਹਨ ਕਿ ਕਿਸ ਤਰਾਂ ਉਸ ਨੇ ਸਿੱਖਾਂ ਦੀ ਸਹਾਇਤਾ ਕੀਤੀ। ਮੁਨਸ਼ੀ ਖ਼ੁਸ਼ਵੰਤ ਰਾਏ ਲਿਖਦਾ ਹੈ ਕਿ ਸਿੱਖਾਂ ਨੇ ਕਿਲੇ ਦੇ ਅੰਦਰੋਂ ਜੱਸਾ ਸਿੰਘ ਨੂੰ ਚਿੱਠੀ ਲਿਖੀ ਜਿਸ ਵਿੱਚ ਉਨਾਂ ਨੇ ਜੱਸਾ ਸਿੰਘ ਨੂੰ ਮੁਸਲਮਾਨਾਂ ਦਾ ਹਮਾਇਤੀ ਗਰਦਾਨਿਆਂ ਤੇ ਇਹ ਲਫ਼ਜ਼ ਸਖ਼ਤੀ ਨਾਲ ਕਹੇ ਕਿ ਜੇਕਰ ਤੂੰ ਸਾਡੀ ਸਹਾਇਤਾ ਨਾ ਕੀਤੀ ਤਾਂ ਤੈਨੂੰ ਕਦੇ ਵੀ ਸਿੱਖ ਪੰਥ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ। ਜੱਸਾ ਸਿੰਘ ਇੱਕ ਅਣਖੀ ਯੋਧਾ ਸੀ ਤੇ ਆਪਣੇ ਸਿੱਖੀ ਕਰਤਵ ਤੋਂ ਭਲੀ-ਭਾਂਤ ਜਾਣੂੰ ਸੀ। ਸੋ, ਉਹ ਉਸੇ ਰਾਤ ਅਦੀਨਾ ਬੇਗ ਦਾ ਸਾਥ ਛੱਡ ਕੇ ਕਿਲੇ ਵਿੱਚ ਆਪਣੇ ਭਰਾਵਾਂ ਨਾਲ ਜਾ ਰਲਿਆ। ਇਸ ਦਾ ਨਤੀਜਾ ਇਹ ਹੋਇਆ ਕਿ ਕਿਲੇ ਵਿਚ ਘਿਰੇ ਹੋਏ ਸਿੱਖਾਂ ਨੂੰ ਕਾਫ਼ੀ ਤਾਕਤ ਤੇ ਉਤਸ਼ਾਹ ਮਿਲ ਗਿਆ।

ਜੱਸਾ ਸਿੰਘ ਦੇ ਇਸ ਅਮਲ ਸਦਕਾ ਸਿੱਖ ਜਗਤ ਵਿਚ ਉਸ ਦੀ ਗੁਆਚੀ ਹੋਈ ਸ਼ਾਨ ਅਤੇ ਰੁਤਬਾ ਮੁੜ ਬਹਾਲ ਹੋ ਗਿਆ। ਰਾਮਰੌਣੀ ਦੀ ਵਾਗਡੋਰ ਜੱਸਾ ਸਿੰਘ ਦੇ ਸਪੁਰਦ ਕਰ ਦਿੱਤੀ ਗਈ। ਇਸ ਰਾਮਰੌਣੀ ਦਾ ਨਾਂ ਬਦਲ ਕੇ ਰਾਮਗੜ ਰੱਖ ਦਿੱਤਾ ਗਿਆ। ਜੱਸਾ ਸਿੰਘ ਪਹਿਲਾਂ ਜੋ ਜੱਸਾ ਸਿੰਘ 'ਠੋਕਾ' ਕਰਕੇ ਜਾਣਿਆਂ ਜਾਂਦਾ ਸੀ ਅਤੇ ਪੰਥ ਵਿਚੋਂ ਛੇਕੇ ਹੋਣ ਕਰਕੇ ਸਿੱਖ ਉਸ ਪ੍ਰਤੀ ਗਿਲਾਨੀ ਦੀ ਭਾਵਨਾ ਵੀ ਰੱਖਦੇ ਸਨ, ਹੁਣ ਨਾ ਕੇਵਲ ਉਸ ਨੂੰ ਹੀ ਬਲਕਿ ਉਸ ਦੀ ਸਾਰੀ ਬਰਾਦਰੀ ਨੂੰ ਆਦਰ-ਸਤਿਕਾਰ ਨਾਲ ਰਾਮਗੜੀਆ ਕਹਿ ਕੇ ਬੁਲਾਉਣਾ ਸ਼ੁਰੂ ਕਰ ਦਿੱਤਾ। ਇਹ ਇਤਿਹਾਸਕ ਵਾਕਿਆ ਲਗਪਗ 1750 ਈਸਵੀ ਦੇ ਆਸ ਪਾਸ ਦਾ ਹੈ। ਰਾਮਗੜ ਦੇ ਇਸ ਕਿਲੇ ਨੂੰ ਮੁਗ਼ਲਾਂ, ਪਠਾਣਾਂ ਦੇ ਵਾਰ-ਵਾਰ ਢਾਹੁਣ 'ਤੇ ਜੱਸਾ ਸਿੰਘ ਨੇ ਬੜੀ ਮਿਹਨਤ ਅਤੇ ਸਿਰੜ ਨਾਲ ਇਸ ਦੀ ਮੁੜ-ਮੁੜ ਕੇ ਉਸਾਰੀ ਕੀਤੀ। ਸੋ, ਇਸ ਕਰਕੇ ਇਸ ਕਿਲੇ ਦਾ ਨਾਮ ਜੱਸਾ ਸਿੰਘ ਦੇ ਨਾਮ ਨਾਲ ਅਨਿੱਖੜ ਰੂਪ ਵਿੱਚ ਜੁੜ ਗਿਆ।

ਅਹਿਮਦ ਸ਼ਾਹ ਅਬਦਾਲੀ ਦੇ ਤੀਸਰੇ ਹਮਲੇ ਸਮੇਂ 1758 ਈਸਵੀ ਵਿਚ ਇਕ ਪਾਸੇ ਸਿੱਖ ਮੀਰ ਮੰਨੂੰ ਦੇ ਜ਼ੁਲਮਾਂ ਨਾਲ ਘਿਰੇ ਹੋਏ ਸਨ ਅਤੇ ਦੂਜੇ ਪਾਸੇ ਸਿੱਖਾਂ ਦਾ ਰਹਿਨੁਮਾ ਦੀਵਾਨ ਕੌੜਾ ਮੱਲ ਮਾਰਿਆ ਜਾ ਚੁੱਕਾ ਸੀ। ਇਸ ਮਾਹੌਲ ਵਿਚ ਮੀਰ ਮੰਨੂੰ ਸਿੱਖਾਂ ਦਾ ਪੂਰੀ ਤਰਾਂ ਖ਼ਾਤਮਾ ਕਰ ਦੇਣਾ ਚਾਹੁੰਦਾ ਸੀ। ਇਸ ਲਈ ਉਸ ਨੇ ਇਸ ਵਾਰ ਫਿਰ ਸਿੱਖਾਂ ਦੇ ਮਸ਼ਹੂਰ ਕਿਲੇ ਰਾਮਗੜ ਉਪਰ ਹਮਲਾ ਕਰਨ ਲਈ ਲਾਹੌਰ ਤੋਂ ਸਰਕਾਰੀ ਫ਼ੌਜਾਂ ਭੇਜ ਦਿੱਤੀਆਂ। ਫ਼ੌਜਾਂ ਨੇ ਕਿਲੇ ਨੂੰ ਚਾਰੇ ਪਾਸੇ ਤੋਂ ਘੇਰ ਲਿਆ। ਉਸ ਸਮੇਂ ਕਿਲੇ ਵਿਚ ਛੇ ਸੌ ਦੇ ਕਰੀਬ ਸਿੱਖ ਮੌਜੂਦ ਸਨ। ਸਿੱਖਾਂ ਦੀ ਕਮਾਨ ਇਸ ਵਾਰ ਵੀ ਜੱਸਾ ਸਿੰਘ ਦੇ ਹੱਥ ਵਿਚ ਸੀ। ਇਸ ਕਮਾਨ ਹੇਠ ਸਿੱਖਾਂ ਨੇ ਲਾਹੌਰ ਦੀਆਂ ਫ਼ੌਜਾਂ ਦਾ ਡਟ ਕੇ ਮੁਕਾਬਲਾ ਕੀਤਾ ਪਰ ਕੁਝ ਸਮੇਂ ਬਾਅਦ ਜੱਸਾ ਸਿੰਘ ਨੇ ਇਹ ਮਹਿਸੂਸ ਕੀਤਾ ਕਿ ਏਨੀ ਵੱਡੀ ਫ਼ੌਜ ਦਾ ਮੁਕਾਬਲਾ ਬਹੁਤੀ ਦੇਰ ਨਹੀਂ ਕੀਤਾ ਜਾ ਸਕਦਾ। ਇਸ ਕਰਕੇ ਕਿਲੇ ਨੂੰ ਛੱਡ ਦੇਣਾ ਹੀ ਮੁਨਾਸਿਬ ਹੈ। ਅਖ਼ੀਰ ਰਾਮਗੜ ਦਾ ਕਿਲਾ ਲਾਹੌਰ ਦੀਆਂ ਫ਼ੌਜਾਂ ਦੇ ਅਧੀਨ ਹੋ ਗਿਆ। ਸਿੱਖਾਂ ਨੂੰ ਦੁਬਾਰਾ ਜੰਗਲਾਂ ਵਿਚ ਸ਼ਰਨ ਲੈਣੀ ਪਈ। ਜੱਸਾ ਸਿੰਘ ਨੇ ਮੌਕੇ ਨੂੰ ਸਾਂਭ ਲਿਆ ਸੀ। ਉਹ ਦੁਸ਼ਮਣਾਂ ਵੱਲੋਂ ਢਾਹ-ਢੇਰੀ ਕੀਤੇ ਰਾਮਗੜ ਦੇ ਕਿਲੇ ਨੂੰ ਮੁੜ ਉਸਾਰਨ ਲਈ ਯੋਗ ਸਮੇਂ ਦੀ ਉਡੀਕ ਕਰਨ ਲੱਗਾ।

1753 ਈਸਵੀ ਵਿਚ ਮੀਰ ਮੰਨੂੰ ਦੀ ਮੌਤ ਉਪਰੰਤ ਉਸ ਦੀ ਪਤਨੀ ਮੁਗਲਾਨੀ ਬੇਗਮ ਨੇ ਆਪਣੇ ਨਾਬਾਲਗ ਪੁੱਤਰ ਮੁਹੰਮਦ ਅਮੀਨ ਦੇ ਨਾਂ ਹੇਠ ਪੰਜਾਬ ਵਿੱਚ ਇਕ ਕਮਜ਼ੋਰ ਜਿਹੀ ਹਕੂਮਤ ਕਾਇਮ ਕੀਤੀ। ਸਿੱਖਾਂ ਨੇ ਇਹ ਸੁਨਹਿਰੀ ਸਮਾਂ ਸਮਝ ਕੇ ਆਪਣੀ ਤਾਕਤ ਵਧਾਉਣ ਦੇ ਯਤਨ ਸ਼ੁਰੂ ਕਰ ਦਿੱਤੇ। ਮੀਰ ਮੰਨੂੰ ਦੇ ਮਰਨ ਦੀ ਖ਼ਬਰ ਸੁਣ ਕੇ ਜੱਸਾ ਸਿੰਘ ਆਪਣੇ ਸਾਥੀਆਂ ਸਮੇਤ ਅੰਮ੍ਰਿਤਸਰ ਪੁੱਜਾ ਅਤੇ ਉਸ ਨੇ ਰਾਮਗੜ ਕਿਲੇ ਦੀ ਮੁੜ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ। ਜਲਦੀ ਹੀ ਕਿਲੇ ਨੂੰ ਨਵਾਂ ਰੂਪ ਦੇ ਦਿੱਤਾ ਗਿਆ ਪਰ ਸਿੱਖਾਂ ਲਈ ਇਹ ਸਮਾਂ ਬਹੁਤੀ ਦੇਰ ਸੁਖਾਵਾਂ ਨਾ ਰਿਹਾ ਕਿਉਂਕਿ ਮੁਗ਼ਲਾਣੀ ਬੇਗਮ ਦੀ ਕਮਜ਼ੋਰੀ ਕਾਰਨ ਪੰਜਾਬ ਵਿਚ ਆਪਸੀ ਖਿੱਚੋਤਾਣ ਸ਼ੁਰੂ ਹੋ ਗਈ। ਮੁਗ਼ਲਾਣੀ ਨੇ ਇਸ ਹਾਰ ਦੇ ਵਜੋਂ ਅਹਿਮਦ ਸ਼ਾਹ ਅਬਦਾਲੀ ਨੂੰ ਪੰਜਾਬ ਉਪਰ ਹਮਲਾ ਕਰਨ ਲਈ ਸੱਦਾ ਭੇਜਿਆ। ਇਸੇ ਕਾਰਨ ਅਬਦਾਲੀ ਨੇ 1757 ਈਸਵੀ ਵਿਚ ਭਾਰਤ ਉਪਰ ਮੁੜ ਹਮਲਾ ਕੀਤਾ ਅਤੇ ਦਿੱਲੀ ਨੂੰ ਫਤਹਿ ਕਰਕੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਇਥੋਂ ਦਾ ਗਵਰਨਰ ਨਿਯੁਕਤ ਕਰ ਦਿੱਤਾ। ਇਸ ਨਾਲ ਮੁਗਲਾਂ ਦੀ ਤਾਕਤ ਨੂੰ ਧੱਕਾ ਤਾਂ ਲੱਗਾ ਹੀ, ਪਰ ਸਿੱਖ ਵੀ ਇਸ ਤੋਂ ਬਚ ਨਾ ਸਕੇ। ਤੈਮੂਰ ਸ਼ਾਹ ਨੇ ਮੀਰ ਮੰਨੂੰ ਵਾਂਗ ਹੀ ਸਿੱਖਾਂ ਨੂੰ ਖ਼ਤਮ ਕਰਨ ਦਾ ਫੈਸਲਾ ਕਰ ਲਿਆ। ਉਸ ਦੀ ਅੱਖ ਵਿਚ ਰਾਮਗੜ ਦਾ ਕਿਲਾ ਕੰਡੇ ਵਾਂਗ ਰੜਕਦਾ ਸੀ, ਕਿਉਂਕਿ ਇਹ ਕਿਲਾ ਹੁਣ ਸਿੱਖਾਂ ਦਾ ਆਦਰਸ਼ਕ ਸਥਾਨ ਬਣ ਚੁੱਕਾ ਸੀ। ਤੈਮੂਰ ਸ਼ਾਹ ਨੇ ਵੀ ਇਸ ਕਿਲੇ ਉਪਰ ਚੜਾਈ ਕਰ ਦਿੱਤੀ। ਇਸ ਵਾਰ ਵੀ ਕਿਲੇ ਦੀ ਕਮਾਨ ਜੱਸਾ ਸਿੰਘ ਦੇ ਹੱਥ ਵਿੱਚ ਹੀ ਸੀ। ਜੱਸਾ ਸਿੰਘ ਇਸ ਵਾਰ ਵੀ ਪਹਿਲਾਂ ਦੀ ਤਰਾਂ ਸਿੱਖਾਂ ਦੀ ਘੱਟ ਗਿਣਤੀ ਹੋਣ ਕਰਕੇ ਕਿਲਾ ਛੱਡ ਕੇ ਕੁਝ ਸਿੱਖਾਂ ਸਮੇਤ ਜੰਗਲਾਂ ਵਿਚ ਚਲਾ ਗਿਆ। ਪਠਾਣ ਫ਼ੌਜਾਂ ਨੇ ਕਿਲੇ ਨੂੰ ਢਾਹ ਕੇ ਢੇਰੀ ਕਰ ਦਿਤਾ। ਸਿੱਖਾਂ ਨੇ ਆਪਣੀ ਤਾਕਤ ਨੂੰ ਜੰਗਲਾਂ ਵਿੱਚ ਰਹਿ ਕੇ ਹੀ ਦੁਬਾਰਾ ਸੰਗਠਤ ਕਰਨ ਦਾ ਫੈਸਲਾ ਕੀਤਾ। ਉਨਾਂ ਨੇ ਰਿਆਸਤ ਪਟਿਆਲਾ ਦੇ ਮਹਾਰਾਜਾ ਆਲਾ ਸਿੰਘ ਨਾਲ ਇਕ ਗੁਪਤ ਸੰਧੀ ਵੀ ਕੀਤੀ ਜਿਸ ਮੁਤਾਬਕ ਉਹ ਮਰਹੱਟਿਆਂ ਨੂੰ ਪੰਜਾਬ ਉਪਰ ਹਮਲਾ ਕਰਨ ਲਈ ਸੱਦਾ ਭੇਜੇ। ਇਸ ਵਿੱਚ ਸਿੱਖ ਉਸ ਦੀ ਪੂਰੀ ਤਰਾਂ ਮਦਦ ਕਰਨਗੇ। ਆਲਾ ਸਿੰਘ ਨੇ ਇਸ ਸੰਧੀ ਨੂੰ ਮਨਜ਼ੂਰ ਕਰਦੇ ਹੋਏ ਰਘੂਨਾਥ ਰਾਉ ਨੂੰ ਹਮਲਾ ਕਰਨ ਲਈ ਪੰਜਾਬ ਬੁਲਾ ਲਿਆ। ਮਰਹੱਟਿਆਂ ਅਤੇ ਸਿੱਖਾਂ ਦੀਆਂ ਮਿਲਵੀਆਂ ਫ਼ੌਜਾਂ ਨੇ ਅਫ਼ਗਾਨਾਂ ਨੂੰ ਪੰਜਾਬ ਤੋਂ ਇਕ ਵਾਰ ਫੇਰ ਭਜਾ ਦਿੱਤਾ। ਇਸ ਯੁੱਧ ਵਿਚ ਜੱਸਾ ਸਿੰਘ ਰਾਮਗੜੀਏ ਨੇ ਵਿਸ਼ੇਸ਼ ਬਹਾਦਰੀ ਦਿਖਾਈ ਅਤੇ ਯੁੱਧ ਤੋਂ ਬਾਅਦ ਫੇਰ ਰਾਮਗੜ ਦੇ ਕਿਲੇ ਦੀ ਉਸਾਰੀ ਕਰਾਉਣੀ ਸ਼ੁਰੂ ਕੀਤੀ, ਜਿਸ ਦਾ ਨਾਮ 'ਕੱਟੜਾ ਰਾਮਗੜੀਆਂ' ਰੱਖਿਆ ਗਿਆ। ਰਾਮਗੜ ਦੇ ਕਿਲੇ ਦੀ ਵਾਰ-ਵਾਰ ਉਸਾਰੀ ਕਰਨ ਕਰਕੇ ਲੋਕਾਂ ਵਿੱਚ ਜੱਸਾ ਸਿੰਘ ਪ੍ਰਤੀ ਬਹੁਤ ਸਤਿਕਾਰ ਵਧ ਗਿਆ ਸੀ। ਇਸ ਕਰਕੇ ਹੁਣ ਲੋਕਾਂ ਨੇ ਉਸ ਨੂੰ 'ਠੋਕਾ' ਜਾਂ ਤਰਖਾਣ ਕਹਿਣ ਦੀ ਬਜਾਏ ਆਦਰ ਸਤਿਕਾਰ ਨਾਲ ਰਾਮਗੜੀਆ ਕਹਿਣਾ ਸ਼ੁਰੂ ਕਰ ਦਿੱਤਾ ਸੀ। 1761 ਤੋਂ 1767 ਈਸਵੀ ਤਕ ਅਬਦਾਲੀ ਪੰਜਾਬ ਆਇਆ ਤਾਂ ਉਸ ਦਾ ਮੁਕਾਬਲਾ ਜੱਸਾ ਸਿੰਘ ਨੇ ਬੜੀ ਬਹਾਦਰੀ ਨਾਲ ਕੀਤਾ। ਸਿੱਖ ਬਹੁਤਾ ਕਰਕੇ ਜੰਗਲਾਂ ਵਿਚ ਹੀ ਰਹਿੰਦੇ ਸਨ ਅਤੇ ਲੋੜ ਪੈਣ 'ਤੇ ਹੀ ਜੰਗਲਾਂ ਵਿਚੋਂ ਬਾਹਰ ਆਉਂਦੇ ਸਨ। ਇਸੇ ਦੌਰਾਨ 'ਵੱਡਾ ਘੱਲੂਘਾਰਾ' ਵੀ 1767 ਈਸਵੀ ਵਿੱਚ ਵਾਪਰਿਆ, ਜਿਸ ਵਿੱਚ ਹਜ਼ਾਰਾਂ ਹੀ ਸਿੱਖ ਸ਼ਹੀਦ ਕਰ ਦਿੱਤੇ ਗਏ। ਜੱਸਾ ਸਿੰਘ ਨੇ ਇਨਾਂ ਸੱਤਾਂ ਸਾਲਾਂ ਵਿੱਚ ਹੋਰਨਾਂ ਸਰਦਾਰਾਂ ਨਾਲ ਰਲ ਕੇ ਅਫ਼ਗਾਨਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਆਪਣੀ ਸ਼ਕਤੀ ਨੂੰ ਪੁਨਰ ਸੁਰਜੀਤ ਕਰਨਾ ਸ਼ੁਰੂ ਕਰ ਦਿੱਤਾ।

ਉਸ ਨੇ ਜੈ ਸਿੰਘ ਘਨੱਈਏ ਨਾਲ ਮਿਲ ਕੇ ਬਟਾਲੇ ਦੇ ਕੁਝ ਇਲਾਕਿਆਂ ਨੂੰ ਆਪਣੇ ਅਧੀਨ ਕਰ ਲਿਆ ਪਰ ਅਦੀਨਾ ਬੇਗ ਨੇ ਪੰਜਾਬ ਦਾ ਗਵਰਨਰ ਬਣਦੇ ਸਾਰ ਹੀ ਇਹ ਇਲਾਕੇ ਉਸ ਕੋਲੋਂ ਖੋਹ ਲਏ। 1767 ਤੋਂ 1778 ਈਸਵੀ ਤਕ ਉਸ ਨੇ ਦੁਬਾਰਾ ਇਨਾਂ ਇਲਾਕਿਆਂ 'ਤੇ ਕਬਜ਼ਾ ਕਰ ਲਿਆ ਇਸ ਤੋਂ ਇਲਾਵਾ ਉਸ ਨੇ ਕਲਾਨੌਰ, ਦੀਨਾਨਗਰ, ਸ੍ਰੀ ਹਰਗੋਬਿੰਦਪੁਰ, ਸ਼ਾਹਪੁਰ ਕੰਢੀ, ਕਾਦੀਆਂ, ਘੁੰਮਾਣ ਉਪਰ ਵੀ ਕਬਜ਼ਾ ਕਰ ਲਿਆ। ਇਨਾਂ ਇਲਾਕਿਆਂ ਉਪਰ ਕਬਜ਼ਾ ਕਰਨ ਨਾਲ ਜੱਸਾ ਸਿੰਘ ਆਰਥਿਕ ਪੱਖੋਂ ਕਾਫ਼ੀ ਮਜ਼ਬੂਤ ਹੋ ਗਿਆ। ਇਹ ਇਲਾਕੇ ਉਸ ਨੂੰ ਛੇ ਤੋਂ ਦੱਸ ਲੱਖ ਰੁਪਏ ਕਰ ਵਜੋਂ ਹਰ ਸਾਲ ਦਿੰਦੇ ਸਨ। ਇਨਾਂ ਇਲਾਕਿਆਂ ਦੀ ਜਿੱਤ ਸਦਕਾ ਉਸ ਦਾ ਹੌਸਲਾ ਬਹੁਤ ਵਧ ਗਿਆ ਅਤੇ ਉਸ ਸਮੇਂ ਬਾਅਦ ਹੀ ਵਾਲ, ਉੜਮੁੜ ਟਾਂਡਾ, ਸਰੀਂ, ਮਿਆਣੀ, ਦੀਪਾਪੁਰ, ਰੋਹਿਲ ਤੇ ਸ਼ਰੀਫ਼ ਜੰਗ ਆਦਿ ਨੂੰ ਆਪਣੇ ਅਧੀਨ ਕਰ ਲਿਆ।

ਇਨਾਂ ਮੈਦਾਨੀ ਇਲਾਕਿਆਂ ਦੀ ਜਿੱਤ ਤੋਂ ਬਾਅਦ ਜੱਸਾ ਸਿੰਘ ਨੇ ਆਪਣਾ ਧਿਆਨ ਪਹਾੜੀ ਇਲਾਕਿਆਂ ਵੱਲ ਕੀਤਾ, ਜਿਸ ਵਿੱਚ ੳਸ ਨੇ ਕਾਂਗੜਾ, ਨੂਰਪੁਰ, ਕਲਾਨੌਰ, ਤਲਵਾੜਾ ਆਦਿ ਨੂੰ ਵੀ ਆਪਣੀ ਰਿਆਸਤ ਵਿਚ ਸ਼ਾਮਲ ਕਰ ਲਿਆ। ਇਨਾਂ ਸਾਰੇ ਇਲਾਕਿਆਂ ਦੀ ਜਿੱਤ ਨੇ ਜਿਥੇ ਜੱਸਾ ਸਿੰਘ ਦੇ ਮਾਣ-ਸਨਮਾਨ ਵਿਚ ਵਾਧਾ ਕੀਤਾ ਉਥੇ ਉਸ ਨੂੰ ਇਕ ਸ਼ਕਤੀਸ਼ਾਲੀ ਸਰਦਾਰ ਵੀ ਬਣਾ ਦਿੱਤਾ।

ਇਨਾਂ ਇਲਾਕਿਆਂ ਦੀ ਜਿੱਤ ਤੋਂ ਬਾਅਦ 1778 ਤੋਂ 1784 ਈਸਵੀ ਤੱਕ ਉਸ ਨੇ ਇਨਾਂ ਇਲਾਕਿਆਂ ਨੂੰ ਵਿਧੀਪੂਰਵਕ ਢੰਗ ਨਾਲ ਪ੍ਰਬੰਧ ਕਰਨ ਦਾ ਯਤਨ ਕੀਤਾ। ਇਸੇ ਸਮੇਂ ਦੌਰਾਨ ਉਸ ਦੀ ਟੱਕਰ ਕਈ ਮਿਸਲਾਂ ਦੇ ਸਰਦਾਰਾਂ ਨਾਲ ਹੋਈ ਜਿਸ ਵਿੱਚ ਘਨੱਈਆ, ਆਹਲੂਵਾਲੀਆਂ, ਭੰਗੀ ਮਿਸਲਾਂ ਸ਼ਾਮਲ ਸਨ। ਇਸ ਵਿਰੋਧਤਾ ਦੇ ਬਾਵਜੂਦ ਜੱਸਾ ਸਿੰਘ ਆਪਣੇ ਰਾਜ-ਪ੍ਰਬੰਧ ਨੂੰ ਠੀਕ ਤਰਾਂ ਚਲਾਉਂਦਾ ਰਿਹਾ ਅਤੇ ਉਸ ਨੇ ਇਨਾਂ ਰਾਜਾਂ ਦੇ ਪ੍ਰਬੰਧ ਨੂੰ ਗੰਭੀਰਤਾ ਨਾਲ ਹਰ ਪਾਸੇ ਤੋਂ ਬਚਾ ਕੇ ਰੱਖਿਆ। ਜੱਸਾ ਸਿੰਘ ਦੀ ਲਗਾਤਾਰ ਜਿੱਤ ਕਰਕੇ ਕਈ ਸਿੱਖ ਸਰਦਾਰ ਘਬਰਾ ਗਏ। ਉਨਾਂ ਨੇ ਇਹ ਭਾਂਪ ਲਿਆ ਸੀ ਕਿ ਰਾਮਗੜੀਆ ਸਰਦਾਰ ਆਹਲੂਵਾਲੀਆ, ਘਨੱਈਆ ਤੇ ਸ਼ੁੱਕਰਚੱਕੀਆ ਮਿਸਲਾਂ ਨੂੰ ਹਾਰ ਦੇ ਚੁੱਕਾ ਹੈ, ਇਸ ਲਈ ਇਨਾਂ ਤਿੰਨਾਂ ਮਿਸਲਾਂ ਨੇ ਰਲ ਕੇ ਜੱਸਾ ਸਿੰਘ ਦਾ ਮੁਕਾਬਲਾ ਕਰਨ ਦਾ ਫੈਸਲਾ ਕੀਤਾ। ਇਨਾਂ ਮਿਸਲਾਂ ਨੇ ਮਿਲ ਕੇ ਰਾਮਗੜੀਆ ਦੇ ਇਲਾਕਿਆਂ ਉੱਤੇ ਹਮਲਾ ਬੋਲ ਦਿੱਤਾ। ਜੱਸਾ ਸਿੰਘ ਨੇ ਇਨਾਂ ਦਾ ਮੁਕਾਬਲਾ ਬੜੀ ਦਲੇਰੀ ਤੇ ਸੂਰਬੀਰਤਾ ਨਾਲ ਕੀਤਾ ਪਰ ਦੁਸ਼ਮਣਾਂ ਦੀਆਂ ਫ਼ੌਜਾਂ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਕਰਕੇ ਜੱਸਾ ਸਿੰਘ ਬਹੁਤੀ ਦੇਰ ਇਨਾਂ ਦਾ ਮੁਕਾਬਲਾ ਨਾ ਕਰ ਸਕਿਆ। ਇਨਾਂ ਮਿਸਲ ਸਰਦਾਰਾਂ ਨੇ ਪਹਿਲਾਂ ਸ੍ਰੀ ਹਰਗੋਬਿੰਦਪੁਰ, ਫਿਰ ਬਟਾਲਾ ਅਤੇ ਫਿਰ ਕਲਾਨੌਰ ਉਪਰ, ਅਧਿਕਾਰ ਕਰ ਲਿਆ।

ਬਾਕੀ ਸਫ਼ਾ 29 'ਤੇ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

**ਕਾਂਡ 15**

**- ਬਲਦੇਵ ਸਿੰਘ ਬੁੱਧ ਸਿੰਘ ਵਾਲਾ**

ਕੇਵਲ ਘਰ ਆ ਗਿਆ ਮਾਂ ਪਿਓ ਦੇ ਪੈਰੀਂ ਹੱਥ ਲਾਏ। ਟਰੰਕ ਕੇਵਲ ਨੇ ਅੰਦਰ ਰੱਖ ਦਿੱਤਾ ਤੇ ਕੁਲਵੰਤ ਦੀ ਪਈ ਕੱਪੜਿਆਂ ਵਾਲੀ ਪੇਟੀ ਨਾਲ ਲੱਗ ਕੇ ਰੋਣ ਲੱਗ ਪਿਆ ਤੇ ਬਹੁਤ ਚਿਰ ਰੋਂਦਾ ਰਿਹਾ।

'ਬੱਸ ਕਰ ਪੁੱਤ ਬੱਸ ਕਰ' ਮਾਂ ਨੇ ਅੰਦਰ ਆ ਕੇ ਕੇਵਲ ਨੂੰ ਦਿਲਾਸਾ ਦਿੱਤਾ। ਪਰ ਉਹ ਆਪ ਵੀ ਰੋਈ ਜਾ ਰਹੀ ਸੀ। ਕੇਵਲ ਨੂੰ ਪਿੱਛਲੇ ਦਿਨ ਯਾਦ ਆ ਗਏ ਕਿ ਜਦੋਂ ਘਰ ਛੁੱਟੀ ਆਉਂਦਾ ਹੁੰਦਾ ਸੀ। ਪਹਿਲਾਂ ਹੀ ਰੰਮ ਦਾ ਪੈਗ ਲਾਇਆ ਹੁੰਦਾ ਸੀ। ਘਰ ਆ ਕੇ ਬਾਪੂ ਦੋਨੋ ਭਰਾ ਤਾਰਾ ਤੇ ਨੰਜੀ ਟਰੰਕ ਦੁਆਲੇ ਹੋ ਜਾਂਦੇ ਜਿਵੇਂ ਜੁਆਕ ਖੇਡਾ ਪਾਉਣ ਵਾਲੇ ਦੇ ਦੁਆਲੇ। ਨਾ ਰਾਤ ਦੇਖਦੇ ਨਾ ਦਿਨ ਬੱਸ ਰੰਮ ਸ਼ੁਰੂ ਹੋ ਜਾਂਦੀ। ਮਾਂ ਪਕੌੜੇ ਕੱਢਦੀ ਨਹੀਂ ਸੀ ਥੱਕਦੀ। ਕੇਵਲ ਨੇ ਕਮਲਿਆਂ ਵਾਂਗੂੰ ਰੰਮ ਅੰਦਰ ਸਿੱਟੀ ਜਾਣੀ। ਪਰ ਅੱਜ ਪਾਣੀ ਵੀ ਨਹੀਂ ਸੀ ਨੰਘਦਾ! ਸਾਰੇ ਚੁੱਪ ਸਨ ਕੋਈ ਨਹੀਂ ਸੀ ਬੋਲ ਰਿਹਾ। ਕੇਵਲ ਸਿੱਸਕੀਆਂ ਲੈ ਲੈ ਕੇ ਚੁੱਪ ਹੋ ਗਿਆ। ਦਿਨ ਗੁਜ਼ਰਨ ਲੱਗ ਪਏ, ਕਿਤੇ ਸਮਾਂ ਵੀ ਰੁਕਿਆ? ਜ਼ਖ਼ਮ ਕੋਈ ਵੀ ਹੋਵੇ ਹੌਲੀ ਹੌਲੀ ਭਰ ਜਾਂਦਾ ਹੈ ਪਰ ਇੱਕ ਦਮ ਨਹੀਂ। ਪਰ ਕਈ ਜ਼ਖਮ ਐਸੇ ਹੁੰਦੇ ਹਨ ਕਿ ਭਰਦੇ ਨਹੀਂ, ਸਾਰੀ ਉਮਰ ਰਿਸਦੇ ਰਹਿੰਦੇ ਹਨ! ਕਿਉਂਕਿ ਉਹ ਜ਼ਖਮ ਐਸੇ ਹੁੰਦੇ ਹਨ ਕਿ ਕਿਸੇ ਦਾ ਜ਼ਖ਼ਮ ਦੇਖ ਕੇ ਯਾਦ ਆ ਜਾਂਦੇ ਹਨ। ਐਸੇ ਰਿਸਦੇ ਜ਼ਖਮ ਲੈ ਕੇ ਬੰਦਾ ਮਰ ਜਾਂਦਾ ਹੈ! ਪਰ ਬੰਦਾ ਕੀ ਕਰੇ ਬਾਣੀ ਵਿੱਚ ਕਿਹਾ ਗਿਆ ਹੈ।

'ਸੁਖ ਦੁਖ ਦੁਇ ਕੱਪੜੇ ਪਹਿਰੇ ਜਾਏ ਮਨੁੱਖੱ

ਪਰ ਕਈ ਲੋਕ ਸੋਚਦੇ ਹਨ ਇਹ ਸਲੋਕ ਸਾਡੇ ਵਾਸਤੇ ਨਹੀਂ ਦੂਜੇ ਲੋਕਾਂ ਵਾਸਤੇ ਹੈ। ਪਰ ਜਦੋਂ ਆਵਦੇ ਤੇ ਪੈਂਦੀ ਹੈ ਉਦੋਂ ਪਤਾ ਲੱਗਦਾ ਹੈ। ਸਾਰੇ ਧਰਮੀ ਫੌਜੀਆਂ ਨੇ ਚਿੱਠੀਆਂ ਰਾਹੀਂ ਰਾਬਤਾ ਕਾਇਮ ਕਰਕੇ ਮੰਤਰੀ ਕੋਲ ਜਾਣ ਦਾ ਪ੍ਰੋਗਰਾਮ ਬਣਾ ਲਿਆ ਕਿ ਦਸ ਏਕੜ ਵਾਲੀ ਗੱਲ ਯਾਦ ਕਰਵਾਈਏ। ਜੇ ਦਸ ਨਹੀਂ ਤਾਂ ਪੰਜ ਹੀ ਸਹੀ, ਬਹੁਤੀ ਨਾਲੋਂ ਥੋੜੀ ਹੀ ਸਹੀ। ਸਾਰੇ ਚੰਡੀਗੜ ਚਲੇ ਗਏ। ਮੰਤਰੀ ਦੇ ਦਫਤਰ ਜਾ ਅਲਖ ਜਗਾਈ। ਮੰਤਰੀ ਨੂੰ ਪਤਾ ਲੱਗਾ ਤਾਂ ਆਵਦੇ ਪੀ ਏ ਨੂੰ ਭੇਜਿਆ ਪੂਰਾ ਗੁਰਸਿੱਖ ਗਾਤਰਾ ਪਾਇਆ ਹੋਇਆ ਸੀ, ਉਸਨੇ ਆ ਕੇ ਪੁਲਸੀਆ ਰੋਅਬ ਮਾਰਿਆ–

'ਤੁਸੀਂ ਕੌਣ, ਤੇ ਕਿਸਨੂੰ ਮਿਲਨਾ ਉਏ?'

'ਸਾਸਰੀ ਕਾਲ ਜੀ ਅਸੀਂ ਜੀ ਮੰਤਰੀ ਜੀ ਨੂੰ ਮਿਲਨਾ ਅਸੀਂ ਜੀ ਧਰਮੀ ਫੌਜੀ ਆਂ

'ਕੌਣ ਧਰਮੀ ਫ਼ੌਜੀ ਮੈਂ ਸਮਝਿਆ ਨੀਂ?

'ਅਸੀਂ ਜੀ ਦਰਬਾਰ ਸਾਬ੍ਹ ਤੇ ਅਟੈਕ ਮੌਕੇ ਬੈਰਕਾਂ ਛੱਡ ਕੇ ਆ ਗਏ ਸੀ'

'ਹੂੰ ਭਗੌੜੇ ਫੌਜੀ ਓ?' ਪੀ ਏ ਨੇ ਕਿਹਾ ਤਾਂ ਉਸਦੀ ਇਹ ਗੱਲ ਸਾਰਿਆਂ ਦੇ ਦਿਲਾਂ ਵਿੱਚ ਬਰਛੀ ਵਾਂਗੂੰ ਲੱਗੀ ਦਿਲ ਤਾਂ ਸਾਰਿਆਂ ਦਾ ਕੀਤਾ ਕਿ ਏਹਨੂੰ ਬੱਕਰੇ ਵਾਂਗੂੰ ਢਾਹ ਲਈਏ। ਪਰ ਇਹ ਲੜਨ ਨਹੀਂ ਆਏ ਸਨ ਫ਼ਰਿਆਦ ਲੈ ਕੇ ਆਏ ਸਨ। ਇਹ ਸੋਚ ਵੀ ਨਹੀਂ ਸੀ ਸਕਦੇ ਕਿ ਇੱਕ ਅੰਮ੍ਰਿਤਧਾਰੀ ਇਹੋ ਜਿਹੀ ਘਟੀਆ ਗੱਲ ਕਰੂਗਾ ਅਤੇ ਇਸਨੂੰ ਧਰਮੀ ਫੌਜੀਆਂ ਦਾ ਪਤਾ ਨਹੀਂ ਹੋਵੇਗਾ! ਐਨਾ ਨਲਾਇਕ ਮੰਤਰੀ ਦਾ ਪੀ ਏ ਕਿਵੇਂ ਬਣ ਗਿਆ?

'ਕੁਸ਼ ਵੀ ਕਹਿਲੋ ਸਾਬ੍ਹ, ਪਰ ਸਾਨੂੰ ਮੰਤਰੀ ਜੀ ਨੂੰ ਮਿਲਾ ਦੇਵੋ' ਸਾਰਿਆਂ ਨੇ ਕਿਹਾ।

'ਮੰਤਰੀ ਜੀ ਵਿਹਲੇ ਨਈਂ ਓਹ ਬੈਚਾਂ ਤੇ ਬੈਠੋ ਜਦੋਂ ਫਰੀ ਹੋਏ ਸੱਦ ਲਵਾਂਗੇ ਪੀ ਏ ਇਓਂ ਆਖ ਕੇ ਚਲਾ ਗਿਆ ਜਿਵੇਂ ਮਾਲਕ, ਮਜਦੂਰ ਨੂੰ ਕੰਮ ਦੱਸ ਕੇ ਚਲਾ ਜਾਂਦਾ ਹੈ।

'ਸਾਲਾ ਮੇਰਾ ਏਹ ਵੀ ਕੋਈ ਗੁਰੂ ਘਰ ਦਾ ਦੋਖੀ ਹੋਊ!' ਕੇਵਲ ਨੇ ਕਿਹਾ।

'ਨਈਂ ਏਹ ਹਰਾਮਜਾਦਾ ਇਆ' ਇੱਕ ਦੁਆਬੀਏ ਨੇ ਕਿਹਾ। ਸਵੇਰੇ 9 ਵਜੇ ਦੂਰੋਂ ਦੂਰੋਂ ਕੋਈ 50–60 ਧਰਮੀ ਫੌਜੀ ਆਏ ਸਨ। ਨਾ ਕੋਈ ਚਾਹ ਨਾ ਪਾਣੀ ਬੈਠਿਆਂ ਨੂੰ ਚਾਰ ਵੱਜ ਗਏ ਤਾਂ ਕਿਤੇ ਜਾ ਕੇ ਮੰਤਰੀ ਜੀ ਵਿਹਲੇ ਹੋਏ। ਪੀ ਏ ਆ ਗਿਆ ਸਾਰਿਆਂ ਦੇ ਚਿਹਰੇ ਖਿੜ ਗਏ।

'ਦੇਖੋ ਸਾਰੇ ਨੀ ਦਸ ਕੁ ਸਿਆਣੇ ਸਿਆਣੇ ਬੰਦੇ ਆਜੋ' ਪੀ ਏ ਨੇ ਕਿਹਾ ਤੇ ਦਸ ਬਾਰਾਂ ਫੌਜੀ ਮੰਤਰੀ ਦੇ ਦਫਤਰ ਵਿੱਚ ਵੜ ਗਏ ਪਿੱਛੇ ਰਹਿ ਗਏ ਗਾਲਾਂ ਕੱਢ ਰਹੇ ਸਨ–

'ਕੁੱਤਿਆ ਸਾਰਿਆਂ ਨੂੰ ਨੀ ਸੀ ਮਿਲ ਸਕਦਾ ਸਿਆਣੇ ਬੰਦੇ ਸੱਦੇ ਆ ਅਸੀਂ ਕਮਲੇ ਆਂ' ਮੰਤਰੀ ਵੱਡੀ ਸਾਰੀ ਕੁਰਸੀ ਤੇ ਅਰਾਮ ਨਾਲ ਬੈਠਾ ਸੀ ਮੇਜ਼ ਤੇ ਕੁਛ ਕਾਗਜ਼ ਪੱਤਰ ਪਏ ਸਨ। ਸਾਰਿਆਂ ਨੇ ਸਲੂਟ ਮਾਰਿਆ ਮੰਤਰੀ ਨੇ ਬੈਠਣ ਦਾ ਇਸ਼ਾਰਾ ਕੀਤਾ।

'ਹਾਂ ਵਈ ਜਵਾਨੋ ਕੀ ਚਾਹੀਦੈ?' ਮੰਤਰੀ ਨੇ ਐਨਕ ਉਤਾਰ ਕੇ ਰੱਖਦੇ ਹੋਏ ਨੇ ਕਿਹਾ।

'ਅਸੀਂ ਜੀ ਥੋਡੇ ਕ੍ਹੈਣ ਤੇ ਬੈਰਕਾਂ ਛੱਡੀਆਂ ਸਾਡੀ ਕਿਸੇ ਨੇ ਸਾਰ ਨੀ ਲਈ'

'ਮੈਂ ਕੀ ਮੱਦਦ ਕਰ ਸਕਦਾਂ' ਮੰਤਰੀ ਨੇ ਪੁੱਛਿਆ।

'ਤੁਸੀਂ ਅੱਠ-ਦਸ ਕਿੱਲੇ ਜਮੀਨ ਤੇ ਸਾਰਿਆਂ ਨੂੰ ਨੌਕਰੀ ਵਾਸਤੇ ਬਿਆਨ ਦਿੱਤਾ ਸੀ ਉਹ ਪੂਰਾ ਕਰੋ ਕਿਉਂਕਿ ਅਸੀਂ ਗੁਰਦਵਾਰੇ ਬਹੁਤ ਸੁੱਖਾਂ ਸੁੱਖੀਆਂ ਅਰਦਾਸਾਂ ਕੀਤੀਆਂ ਕਿ ਅਕਾਲੀਆਂ ਦੀ ਸਰਕਾਰ ਬਣੇਂ ਸਾਰਿਆਂ ਨੇ ਕਿਹਾ।




'ਠੀਕ ਆ ਥੋਡੀ ਮੰਗ ਇੱਕ ਮਹੀਨੇ ਬਾਅਦ ਪੂਰੀ ਕਰ ਦਿਆਂਗਾ' ਮੰਤਰੀ ਨੇ ਕਿਹਾ। ਤਾਂ ਸਾਰਿਆਂ ਨੇ ਜੋ ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡ ਦਿੱਤੇ।

'ਚਾਹ ਪਾਣੀ ਦੱਸੋ' ਮੰਤਰੀ ਨੇ ਪੁੱਛਿਆ।

'ਹਾਥੀ ਦੀ ਪੈੜ 'ਚ' ਸਾਰੀਆਂ ਪੈੜਾਂ ਆ ਗਈਆਂ ਸਾਡੀ ਮੰਗ ਮੰਨ ਲੀ ਚਾਹ ਪਾਣੀ ਵਿੱਚੇ ਆ ਗਿਆ ਜੀ! ਦਰਸ਼ਨ ਨੇ ਕਿਹਾ।

'ਹੁਣ ਤੁਸੀਂ ਜਾ ਸਕਦੇ ਓ' ਮੰਤਰੀ ਨੇ ਕਿਹਾ ਸਾਰੇ ਖੁਸ਼ੀ ਖੁਸ਼ੀ ਵਾਪਸ ਆ ਗਏ। ਬਾਹਰ ਨਿਕਲਦਿਆਂ ਹੀ ਮੰਤਰੀ ਧਰਮੀ ਫੌਜੀਆਂ ਨੂੰ ਗਾਲਾਂ ਕੱਢਣ ਲੱਗ ਪਿਆ–

'ਸਾਲੇ ਨਾ ਹੋਣ ਤਾਂ ਜਮੀਨ ਦੇ! ਜੇ ਮੈਂ ਵੋਟਾਂ ਵਾਸਤੇ ਟਕੇ ਦੀ ਜ਼ਬਾਨ ਹਿਲਾ ਤੀ ਤਾਂ ਤੁਸੀਂ ਉਸੇ ਤੇ ਅਮਲ ਕਰ ਲਿਆ ਥੋਨੂੰ ਪਤਾ ਨੀ ਲੀਡਰ ਕੁਰਸੀ ਖਾਤਰ ਆਵਦੀ ਇੱਜ਼ਤ, ਆਬਰੂ, ਦੇਸ਼, ਕੌਮ ਸਭ ਨੂੰ ਗਹਿਣੇ ਰੱਖ ਦਿੰਦੇ ਆ ਓ ਭੋਲੇ ਪੰਛੀਓ ਭਲਾ ਤਿੰਨ ਚਾਰ ਸੌ ਫੌਜੀਆਂ ਲਈ ਮੈਂ ਕਿੱਥੋਂ ਚਾਰ ਹਜਾਰ ਕਿੱਲੇ ਪੈਦਾ ਕਰਾਂ? ਜ਼ਮੀਨ ਤਾਂ ਪਹਿਲਾਂ ਹੀ ਬਹੁਤ ਘਟ ਗਈ, ਜਮੀਨ ਦਾ ਬਿਆਨ ਮੈਂ ਵੋਟਾਂ ਖਾਤਰ ਦਿੱਤਾ ਸੀ। ਹੁਣ ਮੈਂ ਬਣ ਗਿਆ ਪੰਜਾਂ ਸਾਲਾਂ ਨੂੰ ਕੋਈ ਹੋਰ ਨਵਾਂ ਬਿਆਨ ਜਾਰੀ ਕਰਦੂੰ ਭੋਲੀ ਜੰਤਾ ਨੂੰ ਪਿੱਛੇ ਲਾਉਣ ਦਾ ਕੀ ਹੈ। ਸਮੱਗਲਰਾਂ ਨੂੰ ਵਿਧਾਇਕ ਬਣਾਕੇ ਸ਼ਰਾਬ ਦੇ ਡਰੰਮ ਖੋਹਲ ਦੂੰ, ਭੁੱਕੀ ਡੋਡਿਆਂ ਦੀਆਂ ਬੋਰੀਆਂ, ਸਮੈਕ ਆਮ ਕਰਦੂੰ ਪੰਜ ਸਾਲ ਫਿਰ ਕੁਰਸੀ ਮੇਰੀ। ਭਲਿਓ ਲੋਕੋ ਫੌਜ ਵਿੱਚ ਸਿੱਖ ਅਫਸਰ ਵੀ ਸਨ ਉਹ ਨਹੀਂ ਭੱਜੇ? ਉਹ ਪੜੇ ਲਿਖੇ ਸਨ ਲੀਡਰਾਂ ਦੇ ਬਿਆਨ ਨੂੰ ਸੱਚ ਨਹੀਂ ਮੰਨਦੇ ਏਸੇ ਕਰਕੇ ਓਹ ਭੱਜੇ ਨਹੀਂ, ਭੱਜੇ ਕੀ ਅਫਸਰਾਂ ਨੇ ਤਾਂ ਥੋਨੂੰ ਵੀ ਰੋਕਿਆ ਹੋਊ ਪਰ ਥੋਡੇ ਸਿਰ ਤੇ ਗੁਰਦਵਾਰਿਆਂ ਦੀ ਇੱਜਤ ਦਾ ਭੂਤ ਸਵਾਰ ਸੀ ਕਿ ਫੌਜ ਕਿਉਂ ਦਰਬਾਰ ਸਾਹਿਬ ਵਿੱਚ ਵੜੀ? ਵਈ ਜ਼ਰਾ ਸੋਚੋ ਗੌਰਮਿੰਟ ਜੋ ਮਰਜ਼ੀ ਕਰੇ। ਮੰਗੋ ਹੁਣ ਗੁਰਦਵਾਰਿਆਂ ਤੋਂ ਜ਼ਮੀਨ। ਹੁਣ ਬਣੀ ਨਬੇੜੋ ਚਾਰ ਪੰਜ ਹਜ਼ਾਰ ਕੱਲੇ ਮੇਰੇ ਨੇਫੇ ਵਿੱਚ ਨਹੀਂ ਪਾਏ, ਮੈਂ ਤਾਂ ਫੌਜੀਆਂ ਨੂੰ ਭੱਜਣ ਵਾਸਤੇ ਰੇਡੀਓ ਤੇ ਬੋਲਿਆ ਨਹੀਂ, ਥੋਨੂੰ ਭਲੇਖਾ ਲੱਗ ਗਿਆ ਤਾਂ ਮੈਂ ਕੀ ਕਰਾਂ!

ਮੰਤਰੀ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਸੀ।

ਇਹਨਾ ਨੇ ਇੱਕ ਮਹੀਨਾਂ ਉਡੀਕਿਆ ਦੋ ਮਹੀਨੇ ਉਡੀਕੇ ਕੋਈ ਆਡਰ ਨਹੀਂ ਆਇਆ। ਇੱਕ ਦੋ ਵਾਰ ਮੰਤਰੀ ਕੋਲ ਫਿਰ ਗਏ ਮੰਤਰੀ ਨੇ ਮਿਲਨੋ ਹੀ ਇਨਕਾਰ ਕਰ ਦਿੱਤਾ! ਫਿਰ ਮੀਟਿੰਗ ਸੱਦੀ ਕੋਈ ਦੋ ਕੁ ਸੌ ਧਰਮੀ ਫੌਜੀ ਇਕੱਠੇ ਹੋਏ।

'ਹੁਣ ਕੀਹਦੇ ਦਰ ਤੇ ਜਾਈਏ ਮੰਤਰੀ ਤਾਂ ਆਪਣੀ ਗੱਲ ਨੂੰ ਇਓਂ ਭੁੱਲ ਗਿਆ ਜਿਵੇਂ ਰਾਜਾ ਦੁਸ਼ਿਅੰਤ ਸ਼ਕੁੰਤਲਾ ਨੂੰ ਅਗੂੰਠੀ ਦੇ ਕੇ ਭੁੱਲ ਗਿਆ ਸੀ ਦਰਸ਼ਨ ਨੇ ਕਿਹਾ।

'ਹੁਣ ਕਾਂਗਰਸੀਆਂ ਕੋਲ ਜਾ ਕੇ ਦੇਖੀਏ, ਕਾਲੀਆਂ ਨੇ ਤਾਂ ਝੁੱਗਾ ਚੱਕਤਾ' ਕੇਵਲ ਨੇ ਰਾਇ ਦਿੱਤੀ।

'ਸਾਰੇ ਇੱਕੋ ਵੇਲ ਦੇ ਤੁੰਮੇ ਆ, ਸਾਰੇ ਭਰਿੰਡ ਆ ਜੀਹਨੂੰ ਮਰਜੀ ਛੇੜ ਲੋ ਜਿੱਥੇ ਮਰਜ਼ੀ ਚੱਲੋ' ਕਿਸੇ ਨੇ ਕਿਹਾ।

'ਤਾਂ ਫੇਰ ਦਰਬਾਰ ਸਾਬ੍ਹ ਦੇ ਜੱਥੇਦਾਰ ਕੋਲ ਚੱਲੋ' ਹਰਪਾਲ ਦੁਆਬੀਏ ਨੇ ਕਿਹਾ।

'ਕੁਸ਼ ਨਾ ਕੁਸ਼ ਤਾਂ ਕਰਨਾ ਪਊ ਮੇਰਾ ਤਾਂ ਮੀਟਰ ਵੀ ਲਹਾਕੇ ਲੈ ਗੇ' ਕਾਮਰੇਡ ਨੇ ਕਿਹਾ। ਸਾਰੇ ਅੰਬਰਸਰ ਦੇ ਜੱਥੇਦਾਰ ਕੋਲ ਚਲੇ ਗਏ। ਉਹ ਬਾਹਰੋਂ ਕੁਛ ਪੈਸੇ ਧਰਮੀ ਫ਼ੌਜੀਆਂ ਵਾਸਤੇ ਲਿਆਇਆ ਉਹ ਵੰਡ ਦਿੱਤੇ ਤੇ 1500-1500 ਸੌ ਦੀ ਗੁਰਦਵਾਰੇ ਦੀ ਹਦੂਦ ਵਿੱਚ ਡੰਡੇ ਫੜਾ ਕੇ ਪਹਿਰੇਦਾਰੀ ਦੀ ਨੌਕਰੀ ਦੇ ਦਿੱਤੀ। ਡਰੀਏ ਰੱਬ ਤੋ ਜਿਹਨਾ ਨੇ ਸੌ ਸੌ ਫੌਜੀਆਂ ਤੇ ਕਮਾਂਡ ਕੀਤੀ ਸੀ ਤੇ ਘਰਾਂ ਨੂੰ ਲੱਖਾਂ ਰੁਪੈ ਲੈ ਕੇ ਪਿਨਸ਼ਨ ਆਉਣਾ ਸੀ ਦਸ ਦਸ ਵੀਹ ਵੀਹ ਹਜਾਰ ਰੁਪਿਆ ਮਹੀਨੇ ਦੀ ਪਿਨਸ਼ਨ ਲੈਣੀ ਸੀ। ਅੱਧੀ ਖਾਣੀ ਸੀ ਤੇ ਅੱਧੀ ਟੰਗਣੀ ਸੀ ਸ਼ਾਹੀ ਨੌਕਰੀ ਛੱਡ ਕੇ ਅੱਜ ਦੋ ਵਕਤ ਦੀ ਰੋਟੀ ਖਾਤਰ ਚੌਕੀਦਾਰ ਬਣ ਗਏ! ਇਹ ਖੱਟਿਆ ਦਰਬਾਰ ਸਾਹਿਬ ਦੀ ਇੱਜ਼ਤ ਖਾਤਰ ਫੌਜ ਵਿੱਚੋਂ ਭੱਜਕੇ! ਕੇਵਲ ਨੂੰ ਡੰਡਾ ਡਿਊਟੀ ਨੌਕਰੀ ਫਿੱਟ ਨਹੀਂ ਬੈਠੀ ਕਿਉਂਕਿ ਫੌਜ ਵਿੱਚ ਕਿਤੇ ਗਲ ਵਿੱਚ ਪਿਸਤੌਲ ਕਿਤੇ ਸਟੇਨਗੰਨ ਤੇ ਹੁਣ ਡੰਡਾ! ਵਾਹਿਗੁਰੂ ਵਾਹਿਗੁਰੂ!! ਇਸ ਵਾਸਤੇ ਛੱਡ ਕੇ ਆ ਗਿਆ। ਜਿਹਨਾਂ ਦਾ ਗੁਜ਼ਾਰਾ ਮੁਸ਼ਕਲ ਸੀ ਉਹਨਾ ਵਾਸਤੇ ਇਹ ਹੀ ਡੁੱਬਦਿਆਂ ਨੂੰ ਤਿਣਕੇ ਦਾ ਸਹਾਰਾ ਸੀ। ਵਿਹਲੇ ਰਹਿਣ ਨਾਲੋਂ ਤੇ ਬਹੁਤੀ ਨਾਲੋਂ ਥੋੜੀ ਹੀ ਚੰਗੀ ਸੀ।

ਕੇਵਲ ਕੋਲ ਕੁਛ ਪੈਸੇ ਸੀ ਜੋ ਕਿ ਘਰਦਿਆਂ ਤੋਂ ਚੋਰੀ ਔਖੇ ਵੇਲੇ ਬਚਾ ਕੇ ਡਾਕਖਾਨੇ ਵਿੱਚ ਜਮਾਂ ਕਰਵਾਉਂਦਾ ਰਹਿੰਦਾ ਸੀ। ਸੋ ਉਹ ਪੈਸੇ ਕੰਮ ਆਏ ਉਹਨਾਂ ਦਾ ਪੁਰਾਣਾ ਟ੍ਰੈਕਟਰ ਲੈ ਲਿਆ। ਕਿਉਂਕਿ ਮਸ਼ੀਨਰੀ ਦਾ ਮਾਹਰ ਸੀ। ਇਸ ਕਰਕੇ ਬੁੱਤਾ ਸਰ ਗਿਆ ਨਹੀਂ ਤਾਂ ਪੁਰਾਣੀ ਮਸ਼ੀਨਰੀ ਬੰਦੇ ਨੂੰ ਭੁੱਖਾ ਮਾਰ ਦਿੰਦੀ ਹੈ। ਪਹਿਲਾਂ ਤਾਂ ਕੰਮ ਤੇ ਮਨ ਨਹੀਂ ਸੀ ਲਗਦਾ ਪਰ ਢਿੱਡ ਭਰਨ ਵਾਸਤੇ ਰੋਟੀ ਤਾਂ ਚਾਹੀਦੀ ਹੈ ਕੰਮ ਤਾਂ ਕਰਨਾ ਹੀ ਪੈਂਦਾ ਹੈ। ਇਸ ਕਰਕੇ ਤਿੰਨੇ ਭਰਾਵਾਂ ਨੇ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ ਹੌਲੀ ਹੌਲੀ ਕੁਲਵੰਤ ਦੀ ਯਾਦ ਘਟ ਗਈ।

ਕੇਵਲ ਦੀ ਦੇ ਘਰ ਦਾ ਮਾੜਾ ਮੋਟਾ ਸੁਧਾਰ ਹੋਇਆ। ਕਿਉਂਕਿ ਬਲਦਾਂ ਨਾਲ ਤਾਂ ਹਲ ਵਾਹੀ ਵਿੱਚ ਘਾਟਾ ਹੀ ਪੈਂਦਾ ਸੀ। ਟ੍ਰੈਕਟਰ ਦੀ ਵਾਹੀ ਨਾਲ ਚੰਗੇ ਦਾਣੇ ਹੋਣੇ ਹੀ ਸਨ। ਮੇਨ ਗੇਟ ਨਾਲ ਆਏ ਗਏ ਵਾਸਤੇ ਇੱਕ ਬੈਠਕ ਪਾ ਲਈ। ਤਿੰਨੇ ਭਰਾ ਤੇ ਕੈਲਾ ਖੇਤ ਹੀ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ। ਕੇਵਲ ਜ਼ਿਆਦਾ ਕੰਮ ਕਰਨ ਦਾ ਮਾਰਾ ਸ਼ਰਾਬ ਪੀਣ ਦਾ ਆਦੀ ਹੋ ਗਿਆ! ਕਿਉਂਕਿ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ, ਪਰ ਫਿਰ ਵੀ ਖੇਤੀ ਵਿੱਚੋਂ ਬਚਦਾ ਕੁਸ਼ ਨਹੀਂ ਸੀ! ਕਿਸੇ ਨੇ ਦੱਸ ਪਾਈ ਕਿ ਕਨੇਡਾ ਚਲਾ ਸੋ ਕਨੇਡਾ ਜਾਣ ਵਾਸਤੇ ਚੰਡੀਗੜ੍ਹ ਏਜੰਟ ਕੋਲ ਚਲਾ ਗਿਆ।

'ਸਾਸਰੀ ਕਾਲ ਜੀ' ਸੀਦੇ ਦਫਤਰ ਵਿੱਚ ਬੈਠੇ ਗੋਇਲ ਦੇ ਦਫਤਰ ਜਾਕੇ ਕਿਹਾ।

'ਸਾਸਰੀ ਕਾਲ ਜੀ' ਅੱਗੇ ਕੰਮਪੂਟਿਰ ਦੇ ਕੀ ਪੈਡ ਤੇ ਉਂਗਲਾਂ ਮਾਰ ਰਹੀ ਕੁੜੀ ਨੇ ਜਵਾਬ ਦਿੱਤਾ।

'ਮੈਂ ਜੀ ਕਨੇਡਾ ਜਾਣ ਦਾ ਇਰਾਦਾ ਤੁਸੀਂ ਕਨੇਡਾ ਭੇਜਦੇ ਹੋ?' ਕੇਵਲ ਨੇ ਡਰਦੇ ਡਰਦੇ ਨੇ ਕਿਹਾ। ਕੁੜੀ ਨੇ ਉਸੇ ਵਕਤ ਇੰਟਰਕਾਮ ਤੇ ਗੱਲ ਕਰਕੇ ਅੰਦਰ ਬੈਠੇ ਗਇਲ ਕੋਲ ਭੇਜ ਦਿੱਤਾ।

'ਸਾਸਰੀਕਾਲ ਜੀ' ਕੇਵਲ ਨੂੰ ਕੇ ਕਿਹਾ। ਗੋਇਲ ਕੁਛ ਫਾਈਲਾਂ ਪੜ ਰਿਹਾ ਸੀ। ਕੇਵਲ ਨੂੰ ਦੇਖਕੇ ਫਾਈਲ ਬੰਦ ਲਈ।

'ਸਾਸਰੀ ਜੀ ਸਾਸਰੀ ਕਾਲ' ਗੋਇਲ ਨੇ ਆਦਰ ਸਤਿਕਾਰ ਕਿਹਾ।

'ਮੈਂ ਬਾ੍ਹਰਲੇ ਦੇਸ਼ ਜਾਣ ਚੌਂਨਾ ਕਿਉਂਕਿ ਐਥੇ ਤਾਂ ਕੁਸ਼ ਬਣਦਾ ਨੀ'

'ਕ੍ਹੇੜੇ ਦੇਸ਼'

'ਕਨੇਡਾ'

'ਕਨੇਡਾ ਵਾਸਤੇ ਢੇਰੀ ਰੁਪੈਆਂ ਦੀ ਚਾਈਦੀ ਆ'

'ਜੀ ਕਿੱਡੀ ਕੁ ਵੱਡੀ'

'ਕੋਈ ਪੰਦਰਾ ਕੁ ਲੱਖ' ਗੋਇਲ ਨੂੰ ਜਦੋਂ ਪੰਦਰਾ ਲੱਖ ਕਿਹਾ ਤਾਂ ਕੇਵਲ ਦੇ ਕੰਨ ਵਿੱਚ ਬਿੰਡੇ ਬੋਲਣ ਲੱਗ ਪਏ। ਸੋਚਿਆ ਚਲੋ ਕਿੱਲਾ ਜਾਂ ਦੋ ਕਿੱਲੇ ਬੈਅ ਕਰ ਦਿਆਂਗੇ ਕਨੇਡਾ ਜਾਕੇ ਵਾਪਸ ਲੈ ਲਵਾਂਗੇ ਵੈਸੇ ਵੀ ਜੇ ਭਾਰਤ ਵਿੱਚ ਰਿਹਾ ਸ਼ਾਇਦ ਵਿੱਕ ਜਾਵੇ! ਇਸ ਕਰਕੇ ਹਾਂ ਵਿੱਚ ਸਿਰ ਹਿਲਾਕੇ ਫਾਰਮ ਭਰਕੇ ਦਫਤਰ ਵਿੱਚੋਂ ਬਾਹਰ ਆ ਕੇ ਬੱਸ ਅੱਡੇ ਨੂੰ ਵਾਹੋ ਤੁਰ ਪਿਆ ਕਿਉਂਕਿ ਘਰੋਂ ਤੜਕੇ 4 ਵਜੇ ਤੁਰ ਪਿਆ ਸੀ ਤੇ ਇਹ ਆਖਕੇ ਆਇਆ ਸੀ ਮੈਂ 12 ਵਜੇ ਵਾਪਸ ਆ ਜਾਵਾਂਗਾ ਕਿਉਂਕਿ ਅੱਤਵਾਦ ਦਾ ਵਕਤ ਪੁਲੀਸ ਜਿਸਨੂੰ ਮਰਜੀ ਛੱਡ ਦੇਵੇ ਜਿਹਨੂੰ ਮਰਜੀ ਗੋਲੀ ਮਾਰ ਕੇ ਸਵੇਰ ਨੂੰ ਖਬਰ ਦੇ ਦੇਵੇ ਕਿ ਫਲਾਨਾ ਖਾੜਕੂ ਹਲਾਕ ਉਸ ਕੋਲੋਂ ਭਾਰੀ ਮਾਤਰਾ ਵਿੱਚ ਅਸਲਾ ਬਰਾਮਦ! ਇਸ ਕਰਕੇ ਜੇ ਕੋਈ ਦਿੱਤੇ ਟਾਈਮ ਤੋਂ ਲੇਟ ਹੋ ਜਾਂਦਾ ਤਾਂ ਘਰਦਿਆਂ ਦੇ ਦਿਲ ਵਿੱਚ ਡਰ ਬੈਠ ਜਾਂਦਾ ਕਿ ਕਿਤੇ ਪੁਲੀਸ ਨੇ ਤਾਂ ਨਹੀਂ ਫੜ ਲਿਆ! ਇਸ ਕਰਕੇ ਕੇਵਲ ਤੇਜ਼ ਤੁਰਿਆ ਜਾ ਰਿਹਾ ਸੀ ਕਿ ਅੱਗੋਂ 4 ਪੁਲੀਸ ਵਾਲੇ ਆ ਗਏ ਤੇ ਕੇਵਲ ਨੂੰ ਰੋਕ ਲਿਆ। ਜਿਸ ਗੱਲ ਦਾ ਡਰ ਸੀ ਉਹ ਹੋ ਗਈ!

'ਕਿੱਧਰ ਮੂੰਹ ਚੱਕਿਆ ਓਏ' ਹੌਲਦਾਰ ਨੇ ਕਿਹਾ।

'ਮੈਂ ਜੀ ਮੋਗੇ ਚੱਲਿਆਂ' ਕੇਵਲ ਨੇ ਡਰਕੇ ਕਿਹਾ।

'ਚੱਲ ਠਾਂਣੇ ਸਾਲਾ ਮੋਗੇ ਦਾ' ਸਿਪਾਹੀ ਨੇ ਕਿਹਾ।

'ਜੀ ਕਿਓਂ'

'ਸਾਲਾ ਕਿਓਂ ਦਾ ਸਿੱਟੋ ਗੱਡੀ ਚ' ਹੌਲਦਾਰ ਨੇ ਕਿਹਾ। ਕੇਵਲ ਨੂੰ ਚਾਰੇ ਪੁਲੀਸ ਵਾਲਿਆਂ ਨੇ ਚੱਕ ਕੇ ਗੱਡੀ ਵਿੱਚ ਸਿੱਟ ਲਿਆ। ਕੇਵਲ ਫਿਕਰ ਨਾਲ ਕੰਬ ਰਿਹਾ ਸੀ ਕਿ ਹੁਣ ਕੀ ਹੋਵੇਗਾ ਮੇਰੇ ਕੋਲ ਤਾਂ ਜਾਨ ਛੁਡਵਾਉਣ ਨੂੰ ਪੈਸੇ ਵੀ ਨਹੀਂ! ਮੇਰੇ ਮਾਂ ਬਾਪ ਕੀ ਕਰਨਗੇ? ਮਰ ਜਾਣਗੇ ਮੇਰੇ ਬਗੈਰ, ਓ੍ਹ ਤਾਂ ਪਹਿਲਾ ਹੀ ਅੱਧਮੋਏ ਹਨ! ਉਦੋਂ ਕੋਈ ਚੀਜ਼ ਕੇਵਲ ਨੂੰ ਸੁੰਘਾਈ ਕੇਵਲ ਬੇਹੋਸ਼ ਹੋ ਗਿਆ। ਗੱਡੀ ਭੱਜੀ ਜਾ ਰਹੀ ਸੀ ਕੇਵਲ ਬੇ-ਸੁਰਤ ਪਿਆ ਸੀ ਅਤੇ ਉਸਦੇ ਘਰ ਵਾਲੇ ਕੇਵਲ ਦਾ ਰਾਹ ਤੱਕ ਰਹੇ ਸਨ!

# ਭਾਰਤ ਵਿੱਚ ਡਾਕਟਰ ਹੋਣਾ ਕਲੰਕ, ਜਨਤਾ ਨੂੰ ਤਵੀਤਾਂ ਵਾਲੇ ਬਾਬੇ, ਗਊ-ਮੂਤ ਹੀ ਪਸੰਦ

**- ਮਨਜੀਤ ਸਿੰਘ ਬੱਲ**

ਵੱਡੀਆਂ ਵੱਡੀਆਂ ਗੱਪਾਂ ਮਾਰਨ ਵਾਲੇ ਝੂਠੇ ਨਕਲੀ ਬਾਬੇ, ਪੀਰ, ਪਾਦਰੀ, ਪਾਂਡੇ ਤੇ ਭਾਈ, ਸੰਸਾਰ ਵਿਆਪੀ ਮਹਾਂਮਾਰੀ 'ਕੋਵਿਡ-19' ਦੌਰਾਨ, ਸਭ ਖੁੱਡਾਂ ਵਿੱਚ ਵੜ ਗਏ ਹਨ। ਵਿਗਿਆਨਕ ਸੋਚ ਵਾਲਿਆਂ ਨੂੰ ਤਾਂ ਪਤਾ ਹੀ ਹੈ ਕਿ ਕਿਸੇ ਵੀ ਮੰਤਰ, ਗਾਂ-ਮੂਤ, ਗੋਬਰ, ਇਸ਼ਨਾਨ, ਝਾੜੇ ਦਾ ਕੋਈ ਅਸਰ ਨਹੀਂ, ਹੁਣ ਆਮ ਜਨਤਾ ਨੂੰ ਵੀ ਜਾਗਰੂਕ ਹੋ ਜਾਣਾ ਚਾਹੀਦਾ ਹੈ ਕਿ ਰਾਜਨੇਤਾ, ਬਾਬੂ ਤੇ ਨੇਤਾਵਾਂ ਦੇ ਘੜੰਮ ਚੌਧਰੀ ਏ.ਸੀ. ਕਮਰਿਆਂ ਵਿੱਚ ਬੈਠ ਕੇ ਬਿਆਨ ਹੀ ਛੱਡਣ ਜੋਗੇ ਹਨ। ਜਨਤਕ ਚੇਤੰਨਤਾ ਦੀ ਘਾਟ, ਧਾਰਮਿਕ ਕੱਟੜਪੰਥੀ ਤੇ ਵਿਸ਼ੇਸ਼ ਰਾਜਨੀਤਕ ਪਾਰਟੀ ਦੇ ਆਦੇਸ਼ਾਂ ਮੁਤਾਬਿਕ ਲੋਕ ਗ਼ੈਰ-ਵਿਗਿਆਨਕ ਤਾਲੀਆਂ-ਥਾਲੀਆਂ ਵਜਾਉਣ ਅਤੇ ਮੌਤਾਂ ਦੇ ਸੋਗਮਈ ਮਾਹੌਲ ਵਿੱਚ ਦੀਵਾਲੀਆਂ ਜਗਾਉਣ ਵਿੱਚ ਲੱਗੇ ਹੋਏ ਹਨ। ਸੰਕਟ ਦੀ ਇਸ ਘੜੀ ਵਿੱਚ ਆਪਣੀ ਸਿਹਤ ਦੀ ਪਰਵਾਹ ਕਰੇ ਬਗ਼ੈਰ ਡਾਕਟਰ, ਨਰਸਾਂ, ਪੈਰਾ ਮੈਡੀਕਲਜ਼, ਪੁਲਿਸ ਦੇ ਜਵਾਨ ਅਤੇ ਮੀਡੀਆ ਕਰਮੀ, ਕੋਵਿਡ-19 ਰੂਪੀ ਜੰਗ ਵਿੱਚ ਅਗਲੇ ਮੋਰਚਿਆਂ 'ਤੇ ਲੜਨ ਵਾਲੇ ਯੋਧੇ ਹਨ।

ਇੰਦੌਰ, ਰਾਂਚੀ, ਮੁਰਾਦਾਬਾਦ, ਬਰੇਲੀ, ਔਰੰਗਾਬਾਦ ਤੇ ਕਈ ਥਾਂਈਂ ਦੱਖਣੀ ਭਾਰਤ ਵਿੱਚੋਂ ਵੀ ਮੋਹਰਲੇ ਮੋਰਚਿਆਂ 'ਤੇ ਲੜ ਰਹੇ ਡਾਕਟਰਾਂ ਤੇ ਪੈਰਾ ਮੈਡੀਕਲ ਸਟਾਫ ਉੱਤੇ ਹਮਲਿਆਂ ਦੀਆਂ ਖ਼ਬਰਾਂ ਆ ਰਹੀਆਂ ਹਨ। ਜਦੋਂ ਮੈਂ ਡਾਕਟਰ ਬਣ ਰਿਹਾ ਸਾਂ ਤਾਂ ਮੈਨੂੰ ਇਹ ਤਾਂ ਪਤਾ ਸੀ ਕਿ ਡਾਕਟਰ ਦੀ ਡਿਊਟੀ, ਮਨੁੱਖਤਾ ਨੂੰ ਰੋਗਾਂ ਤੋਂ ਨਿਜਾਤ ਦਿਵਾਉਣ ਲਈ ਵਾਲੀ ਹੋਵੇਗੀ, ਸਾਨੂੰ ਹਰ ਤਰਾਂ ਦੇ ਗੰਦੇ (ਪਾਕ, ਲਹੂ, ਮੁਵਾਦ, ਮੈਲੇ ਵਾਲੀ) ਥਾਂ ਦਾ ਮੁਆਇਨਾ ਕਰਨਾ ਪੈਣਾ ਹੈ ਤੇ ਹਰ ਤਰਾਂ ਦੀ ਇਨਫੈਕਸ਼ਨ (ਟੀ.ਬੀ., ਐੱਚ.ਆਈ.ਵੀ., ਕਚ-ਲਹੂ ਵਾਲੇ ਬਦਬੂ ਭਰੇ ਜ਼ਖ਼ਮਾਂ) ਵਾਲੇ ਰੋਗੀਆਂ ਨਾਲ ਵਾਹ ਪੈਣਾ ਹੈ। ਫਿਰ ਵੀ ਅਸੀਂ ਕਦੀ ਇਹਨਾਂ ਤੋਂ ਨੱਕ-ਮੂੰਹ ਨਹੀਂ ਵੱਟਦੇ, ਘਬਰਾਉਂਦੇ ਨਹੀਂ। ਐਸੇ ਯੁੱਧ ਵਿੱਚ ਕੁੱਦਣ ਲਈ ਮਾਨਸਿਕ ਤੌਰ 'ਤੇ ਤਿਆਰ ਰਹਿੰਦੇ ਹਾਂ। ਸਾਨੂੰ ਪਤਾ ਹੈ ਕਿ ਤੋਪਾਂ, ਬੰਬਾਂ, ਗੋਲੀਆਂ ਵਾਲੀ ਜੰਗ ਵਾਂਗ ਡਾਕਟਰੀ ਪੇਸ਼ਾ ਵੀ ਭਿੰਨ ਭਿੰਨ ਤਰਾਂ ਦੀਆਂ ਇਨਫੈਕਸ਼ਨਾਂ ਨਾਲ ਲੜਨ ਵਾਲਾ ਇੱਕ ਜੋਖ਼ਮ ਭਰਿਆ ਧੰਦਾ ਹੈ। ਪਰ ਜਿਨਾਂ (ਰੋਗੀਆਂ) ਵਾਸਤੇ ਇੰਨੇ ਜੋਖ਼ਮ ਝੱਲਦੇ ਹਾਂ, ਉਹਨਾਂ ਕੋਲੋਂ ਬੇਇੱਜ਼ਤੀ ਕਰਵਾਉਣ, ਮਾਰ ਖਾਣ, ਹੱਡੀਆਂ ਤੁੜਵਾਉਣ ਅਤੇ ਕਤਲ ਹੋ ਜਾਣ ਵਾਸਤੇ ਅਸੀਂ ਮਾਨਸਿਕ ਤੌਰ 'ਤੇ ਬਿਲਕੁਲ ਵੀ ਤਿਆਰ ਨਹੀਂ ਹੁੰਦੇ। ਡਿਊਟੀ ਦੇ ਜੋਖ਼ਮ (ਆਕੂਪੇਸ਼ਨਲ ਹੈਜ਼ਰਡ) ਵਿੱਚ ਇਸ ਤਰਾਂ ਦੀ ਫੌਜਦਾਰੀ ਨਹੀਂ ਆਉਂਦੀ। ਅਸੀਂ ਇਨਸਾਨ ਹਾਂ, ਆਪਣੇ ਪਰਿਵਾਰ ਅਤੇ ਸਮਾਜ ਪ੍ਰਤੀ ਸਾਡੀਆਂ ਵੀ ਭਾਵਨਾਵਾਂ ਹਨ। ਸਾਨੂੰ ਇਨਸਾਨ ਹੀ ਰਹਿਣ ਦਿੱਤਾ ਜਾਣਾ ਚਾਹੀਦਾ ਹੈ, ਭਗਵਾਨ ਨਹੀਂ ਤੇ ਸ਼ੈਤਾਨ ਵੀ ਨਹੀਂ।

ਕੋਰੋਨਾ ਨਾਲ ਯੁੱਧ ਸਮੇਂ ਇੱਕ ਅਜੀਬ ਸਥਿਤੀ ਸਾਹਮਣੇ ਆ ਰਹੀ ਹੈ ਕਿ ਆਪਣੇ ਮਾਤਾ-ਪਿਤਾ, ਬੱਚਿਆਂ ਦੀ ਪ੍ਰਵਾਹ ਕੀਤੇ ਬਿਨਾਂ, ਉਨੀਂਦਰੇ ਕੱਟ ਕੇ, ਦਿਨ ਰਾਤ 12-12 ਤੋਂ ਵੀ ਵੱਧ ਘੰਟੇ ਕੰਮ ਕਰਨ ਵਾਲੇ ਡਾਕਟਰ, ਨਰਸਾਂ ਥੱਕੇ-ਟੁੱਟੇ ਜਦ ਆਪਣੇ ਘਰੀਂ ਜਾਂਦੇ ਹਨ ਤਾਂ ਮੁਹੱਲੇ ਵਾਲੇ ਜਾਂ ਮਾਲਕ ਮਕਾਨ ਉਹਨਾਂ ਨਾਲ ਬੁਰਾ ਵਿਹਾਰ ਕਰ ਰਹੇ ਹਨ ਕਿ ਤੁਸੀਂ ਕੋਰੋਨਾ ਇਨਫੈਕਸ਼ਨ ਲੈ ਕੇ ਆਏ ਹੋਵੋਗੇ। ਉਹ ਇਹ ਨਹੀਂ ਸਮਝ ਰਹੇ ਕਿ ਜਦ ਤੁਹਾਨੂੰ ਕੋਈ ਤਕਲੀਫ਼ ਹੋਣੀ ਹੈ ਤਾਂ ਤੁਸਾਂ ਡਾਕਟਰਾਂ ਕੋਲ ਹੀ ਜਾਣਾ ਹੈ, ਮੰਦਰ, ਮਸਜਿਦ, ਚਰਚ, ਗੁਰਦਵਾਰੇ ਜਾਂ ਕਿਸੇ ਨਕਲੀ ਬਾਬੇ ਨੇ ਕੁਝ ਨਹੀਂ ਕਰ ਸਕਣਾ। ਕੋਰੋਨਾ ਯੁੱਧ ਵਿੱਚ ਸ਼ਹੀਦ ਹੋ ਗਏ ਚੇਨਈ ਦੇ 55 ਸਾਲਾ ਡਾਕਟਰ ਏ. ਸਿਮਨ ਹਰਕੁਲਿਸ ਦੀ ਕਹਾਣੀ ਤਾਂ ਬਹੁਤ ਹੀ ਦੁਖਦਾਈ ਹੈ ਜਿਸਦੀ ਮ੍ਰਿਤਕ ਦੇਹ ਨੂੰ ਅੰਤਮ ਸੰਸਕਾਰ (ਦਫਨਾਉਣ) ਵੇਲੇ, ਪ੍ਰਸ਼ਾਸਨ ਦੀ ਕਮਜ਼ੋਰ ਕਾਰਗ਼ੁਜ਼ਾਰੀ ਅਤੇ ਖਲਕਤ ਦੀ ਗੁੰਡਾਗ਼ਰਦੀ ਕਰਕੇ, ਬੜਾ ਬੇਅਦਬੀ ਤੇ ਬੇਹੁਰਮਤੀ ਵਾਲਾ ਕਾਰਾ ਹੋਇਆ। 'ਕੋਰੋਨਾ ਦੇ ਇਸ ਯੋਧੇ' ਦੀ ਮੌਤ ਤੋਂ ਬਾਅਦ ਉਸ ਦੀ ਮ੍ਰਿਤਕ ਦੇਹ ਐਤਵਾਰ (19 ਅਪ੍ਰੈਲ) ਨੂੰ ਸਵੇਰੇ ਨੌਂ ਵਜੇ ਪਰਿਵਾਰ ਨੂੰ ਸੌਂਪ ਦਿੱਤੀ ਗਈ ਸੀ। ਦੇਹ ਨੂੰ ਕਿਲਪਾਕ ਏਰੀਏ ਵਿੱਚ ਟੀਬੀ ਚਤਰਾਮ ਕਬਰਸਤਾਨ ਵਿੱਚ ਦਫਨਾਉਣ ਦਾ ਪ੍ਰੋਗਰਾਮ ਸੀ। ਐਂਬੂਲੈਂਸ ਵਿੱਚ ਜਨਾਜ਼ੇ ਵਾਸਤੇ ਇਸ 'ਯੋਧੇ' ਦੀ ਪਤਨੀ, ਬੇਟਾ, ਕੁਝ ਡਾਕਟਰ ਸਾਥੀ, ਸਟਾਫ ਵਾਲੇ ਤੇ ਐਂਬੂਲੈਂਸ ਦੇ ਦੋ ਡਰਾਇਵਰ ਸਨ। ਪਰ ਉਹਨਾਂ ਨੂੰ ਪਤਾ ਲੱਗਾ ਕਿ ਕਬਰਸਤਾਨ ਨੇੜਲੇ ਕੁਝ ਸ਼ਰਾਰਤੀਆਂ ਨੇ ਮੁਹੱਲੇ ਵਾਲਿਆਂ ਨੂੰ ਕਹਿ ਦਿੱਤਾ ਹੈ ਕਿ ਕੋਰੋਨਾ ਫੈਲ ਸਕਦਾ ਹੈ, ਇਸ ਕਰਕੇ ਐਸੀ ਕੋਈ ਵੀ ਦੇਹ, ਇੱਥੇ ਨਹੀਂ ਦਫਨਾਉਣ ਦੇਣੀ। ਸੌ ਦੇ ਆਸ ਪਾਸ ਲੋਕ, ਇਕੱਠੇ ਹੋਏ ਵੇਖ-ਸੁਣ ਕੇ ਉਹਨਾਂ ਨੇ ਐਂਬੂਲੈਂਸ ਨੂੰ ਦੂਸਰੇ ਕਬਰਸਤਾਨ (ਵੈਲੰਗਰੂ) ਵੱਲ ਮੋੜ ਲਿਆ. ਜਿੱਥੇ ਜੇਸੀਬੀ ਮਸ਼ੀਨ ਨਾਲ, ਛੇ ਫੁੱਟ ਡੂੰਘੀ ਇੱਕ ਕਬਰ ਪੁੱਟੀ ਹੋਈ ਸੀ (ਬਾਰਾਂ ਫੁੱਟ 'ਤੇ ਦਫਨਾਉਣਾ ਹੁੰਦਾ ਹੈ)। ਪਰ ਜਿਵੇਂ ਹੀ ਐਂਬੂਲੈਂਸ ਰੁਕੀ ਤੇ ਮ੍ਰਿਤਕ ਦੇਹ ਨੂੰ ਬਾਹਰ ਕੱਢਿਆ ਗਿਆ ਤਾਂ ਇਕਦਮ 50-60 ਲੋਕਾਂ ਦੀ ਭੀੜ ਨੇ ਆਣ ਕੇ ਡਾਂਗਾਂ ਅਤੇ ਰਾਡਾਂ ਨਾਲ ਹਮਲਾ ਕਰ ਦਿੱਤਾ। ਟੀਮ ਦੇ ਮਾਈਕਰੋ-ਬਾਇਓਲੋਜਿਸਟ ਡਾ. ਭਾਗਿਆ ਰਾਜ ਨੇ ਇੱਕ ਵੀਡਿਓ ਵਿੱਚ ਦੱਸਿਆ ਹੈ, ਕਿੰਨੀ ਮਾੜੀ ਗੱਲ ਹੈ ਕਿ ਸਾਨੂੰ ਆਪਣੇ ਆਪ ਨੂੰ ਬਚਾਉਣ ਲਈ, ਐਨੇ ਵੱਡੇ ਤੇ ਜ਼ਹੀਨ ਡਾਕਟਰ ਦੀ ਮ੍ਰਿਤਕ ਦੇਹ ਨੂੰ ਛੱਡ ਕੇ ਭੱਜਣਾ ਪਿਆ।

ਲੋਕਾਂ ਨੇ ਐਂਬੂਲੈਂਸ ਭੰਨ ਦਿੱਤੀ। ਦੋਵਾਂ ਡਰਾਈਵਰਾਂ ਨੂੰ ਇੰਨਾ ਕੁੱਟਿਆ ਕਿ ਉਹ ਗੱਡੀ ਚਲਾਉਣ ਜੋਗੇ ਹੀ ਨਾ ਰਹੇ। ਮ੍ਰਿਤਕ ਡਾ. ਦੀ ਪਤਨੀ ਤੇ ਬੇਟੇ ਨੂੰ ਵੀ ਕਾਫੀ ਸੱਟਾਂ ਲੱਗੀਆਂ। ਲੋਕਾਂ ਦੇ ਜਾਣ ਤੋਂ ਬਾਅਦ ਵਾਰਡ ਬੁਆਇਜ਼ ਦੀ ਮਦਦ ਨਾਲ ਸਾਥੀ ਡਾ. ਪ੍ਰਦੀਪ ਨੇ ਮ੍ਰਿਤਕ ਦੇਹ ਨੂੰ ਦੁਬਾਰਾ ਐਂਬੂਲੈਂਸ ਵਿੱਚ ਰੱਖਿਆ ਤੇ ਖ਼ੁਦ ਗੱਡੀ ਚਲਾ ਕੇ ਉੱਥੋਂ ਨਿਕਲੇ। ਲਹੂ ਲੁਹਾਣ ਹੋਏ ਡਰਾਇਵਰਾਂ ਨੂੰ ਇਲਾਜ ਲਈ ਪਹਿਲਾਂ ਕਿਲਪਾਕ ਮੈਡੀਕਲ ਕਾਲਜ ਹਸਪਤਾਲ ਵਿੱਚ ਛੱਡਿਆ ਤੇ ਫੇਰ ਕੁਝ ਦੇਰ ਬਾਅਦ ਕਾਰਪੋਰੇਸ਼ਨ ਦਵਾਰਾ ਭੇਜੇ ਹੋਏ ਪੁਲਿਸ ਮੁਲਾਜ਼ਮਾਂ ਦੀ ਮਦਦ ਨਾਲ ਉਸੇ ਕਬਰਸਤਾਨ ਵਿੱਚ ਪੁੱਜੇ। ਉੱਥੇ ਪਈ ਹੋਈ ਇੱਕ ਕਹੀ ਨਾਲ ਡਾ. ਪ੍ਰਦੀਪ ਨੇ ਖ਼ੁਦ ਕਬਰ ਡੂੰਘੀ ਕੀਤੀ। ਬਾਰਾਂ ਦੀ ਬਜਾਏ ਅੱਠ ਫੁੱਟ ਡੂੰਘੀ ਕਬਰ ਵਿੱਚ ਹੀ ਮ੍ਰਿਤਕ ਦੇਹ ਰੱਖ ਕੇ ਰਾਤ ਨੂੰ ਤਕਰੀਬਨ ਗਿਆਰਾਂ ਵਜੇ ਖ਼ੁਦ ਹੀ ਦਫਨਾਇਆ। ਤੁਸੀਂ ਖ਼ੁਦ ਹੀ ਅੰਦਾਜ਼ਾ ਲੱਗਾ ਸਕਦੇ ਹੋ ਕਿ ਪ੍ਰਸ਼ਾਸਨ ਦੇ ਕਿਸ ਤਰਾਂ ਦੇ ਪ੍ਰਬੰਧ ਸਨ।

ਦੂਸਰੇ ਪਾਸੇ ਜਦ ਡਾਕਟਰ ਆਪਣੀ ਸੁਰੱਖਿਆ ਦੀ ਮੰਗ ਕਰਦੇ ਹਨ ਤਾਂ ਬੰਬੇ ਹਾਈ ਕੋਰਟ ਦੇ ਮਾਨਯੋਗ ਜੱਜ ਮੰਜੁਲਾ ਚੈਲੂਰ ਤੇ ਗਿਰੀਸ਼ ਕੁਲ-ਕਰਨੀ ਆਪਣੀ ਟਿੱਪਣੀ (ਮਾਰਚ 2017) ਵਿੱਚ ਕਹਿੰਦੇ ਹਨ ਕਿ ਜੇ ਡਾਕਟਰਾਂ ਨੂੰ ਐਸੇ ਹਾਲਾਤ ਤੋਂ ਇੰਨਾ ਹੀ ਡਰ ਲਗਦਾ ਹੈ ਤਾਂ ਉਹ ਡਾਕਟਰ ਬਣਨ ਲਈ ਫਿੱਟ ਹੀ ਨਹੀਂ, ਉਹ ਅਸਤੀਫੇ ਦੇ ਕੇ ਘਰ ਬਹਿ ਜਾਣ। ਉਂਜ ਕੋਰੋਨਾ ਤੋਂ ਡਰਦੇ ਹੋਏ ਰਾਜਕੋਟ (ਗੁਜਰਾਤ) ਦੇ ਮੁੱਖ ਜੱਜ ਨੇ 27 ਮਾਰਚ 2020 ਨੂੰ ਹੁਕਮ ਜਾਰੀ ਕੀਤਾ ਹੈ ਕਿ ਅਦਾਲਤ ਵਿੱਚ ਦੋਸ਼ੀਆਂ ਨੂੰ ਪੇਸ਼ ਕਰਨ ਤੋਂ ਪਹਿਲਾਂ ਇਹ ਧਿਆਨ ਰੱਖਿਆ ਜਾਵੇ ਕਿ ਉਹਨਾਂ ਦਾ ਕੋਰੋਨਾ ਟੈਸਟ ਨੈਗੇਟਿਵ ਹੋਵੇ। ਯਾਨੀ ਕਿ ਜੱਜਾਂ ਨੂੰ ਕੋਰੋਨਾ ਤੋਂ ਬਹੁਤ ਡਰ ਲਗਦਾ ਹੈ। ਇਸ ਤੋਂ ਮਤਲਬ ਇਹ ਹੋਇਆ ਕਿ ਜੱਜ ਤਾਂ ਇਨਸਾਨ ਹਨ ਪਰ ਡਾਕਟਰ ਇਨਸਾਨ ਨਹੀਂ। ਪੜ੍ਹੇ ਲਿਖਿਆਂ ਵਿੱਚੋਂ ਵਧੇਰੇ ਲੋਕ ਡਾਕਟਰ ਬਣਨਾ ਚਾਹੁੰਦੇ ਸਨ ਪਰ ਜਦ ਮੈਰਿਟ ਨਹੀਂ ਆਉਂਦੀ ਤਾਂ ਨਾਨ-ਮੈਡੀਕਲ, ਬੀ.ਏ, ਐੱਲ.ਐੱਲ.ਬੀ. ਵਗ਼ੈਰਾ ਕਰ ਲੈਂਦੇ ਹਨ ਤੇ ਫਿਰ ਜੱਜ ਬਣ ਜਾਂਦੇ ਹਨ।

ਤੇ ਹੋਰ ਵੇਖੋ, ਇਹਨੀਂ ਦਿਨੀਂ ਕੋਰੋਨਾ ਯੋਧਿਆਂ (ਡਾਕਟਰਾਂ) ਨਾਲ ਕੀ ਹੋ ਰਿਹਾ ਹੈ। ਦੱਖਣੀ ਦਿੱਲੀ ਦੇ ਹਿੰਦੂ ਰਾਓ ਮਿਊਨਿਸਿਪਲ ਹਸਪਤਾਲ ਵਿੱਚ ਡੀ.ਐੱਨ.ਬੀ. ਸਕਾਲਰ, ਡਾ. ਪਿਯੂਸ਼ ਪੁਸ਼ਕਰ ਸਿੰਘ ਨੇ ਜਦ ਕੋਰੋਨਾ ਮਰੀਜ਼ਾਂ ਨਾਲ ਜੂਝਦੇ ਰੈਜ਼ੀਡੈਂਟ ਡਾਕਟਰਾਂ ਨੂੰ ਪੀਪੀਈ ਕਿੱਟਾਂ ਜਾਰੀ ਕੀਤੀਆਂ ਤਾਂ ਉਸ ਉੱਤੇ ਇਹ ਇਲਜ਼ਾਮ ਲੱਗਾ ਕਿ ਉਹ ਆਪਣੇ ਦੋਸਤਾਂ-ਮਿੱਤਰਾਂ ਨੂੰ ਕਿੱਟਾਂ ਇਸ਼ੂ ਕਰ ਰਿਹਾ ਹੈ। 17 ਅਪ੍ਰੈਲ ਨੂੰ ਉਸ ਨੂੰ ਬਿਨਾਂ ਕਿਸੇ ਨੋਟਿਸ ਦੇ, ਬਿਨਾਂ ਕਿਸੇ ਇਨਕੁਆਇਰੀ ਦੇ, ਗ਼ੈਰ-ਕਾਨੂੰਨੀ ਢੰਗ ਨਾਲ ਨੌਕਰੀ ਤੋਂ ਹੀ ਕੱਢ ਦਿੱਤਾ ਗਿਆ। ਬਾਅਦ ਵਿੱਚ ਦਿੱਲੀ ਮੈਡੀਕਲ ਐਸੋਸੀਏਸ਼ਨ ਤੇ ਕੇਂਦਰੀ ਸਿਹਤ ਮੰਤਰੀ ਦੇ ਦਬਾਅ ਹੇਠ ਤਿੰਨ ਦਿਨਾਂ ਪਿੱਛੋਂ, ਉਸ ਨੂੰ ਦੁਬਾਰਾ ਨੌਕਰੀ 'ਤੇ ਬਹਾਲ ਕਰ ਦਿੱਤਾ ਗਿਆ ਕਿਉਂਕਿ ਡਾਕਟਰਾਂ ਤੋਂ ਬਿਨਾਂ ਸਰਦਾ ਵੀ ਨਹੀਂ।

ਡਾ. ਪਿਊਸ਼ ਦੱਸਦੇ ਹਨ ਕਿ ਇਹ ਕਿੱਟਾਂ, ਸਿਰਫ ਕੋਰੋਨਾ ਨਾਲ ਲੜਨ ਵਾਲੇ ਡਾਕਟਰਾਂ ਨੂੰ ਹੀ ਇਸ਼ੂ ਕੀਤੀਆਂ ਗਈਆਂ ਸਨ। ਤੇ ਇਹ ਕਿੱਟਾਂ, ਸਰਕਾਰੀ ਵੀ ਨਹੀਂ ਸਨ, ਕਿਸੇ ਗ਼ੈਰ-ਸਰਕਾਰੀ ਜਥੇਬੰਦੀ ਨੇ ਦਾਨ ਕੀਤੀਆਂ ਸਨ। ਡਾਕਟਰ ਬਣਨ ਵਾਸਤੇ ਜਿਹੜੇ ਵਿਦਿਆਰਥੀ, ਦਸਵੀਂ-ਗਿਆਰਵੀਂ ਜਮਾਤ ਵਿੱਚ ਹੀ ਸਵੇਰੇ ਪੰਜ ਵਜੇ ਤੋਂ ਮਹਿੰਗੀਆਂ ਟਿਊਸ਼ਨਾਂ ਪੜਨ ਲਈ ਘਰਾਂ ਤੋਂ ਨਿਕਲ ਤੁਰਦੇ ਹਨ, ਪੇਇੰਗ ਗੈਸਟਾਂ (ਪੀਜੀ) ਵਿੱਚ ਰਹਿੰਦੇ ਹਨ, ਦਾਖ਼ਲਾ ਟੈਸਟ ਵਿੱਚੋਂ ਉੱਚੀ ਮੈਰਿਟ ਲੈ ਕੇ ਮੈਡੀਕਲ ਕਾਲਜਾਂ ਵਿੱਚ ਸਾਢੇ ਪੰਜ ਸਾਲ ਦੀ ਪੜਾਈ, ਕਿਤਾਬਾਂ, ਕੱਪੜਿਆਂ ਹੋਸਟਲਾਂ ਦਾ ਖ਼ਰਚਾ, ਫੇਰ ਪੋਸਟ ਗ੍ਰੈਜੂਏਸ਼ਨ ਵਿੱਚ ਦਾਖ਼ਲੇ ਵਾਸਤੇ ਮਹਿੰਗੀਆਂ ਟਿਊਸ਼ਨਾਂ ਤੇ ਦਾਖ਼ਲਾ ਟੈਸਟ, ਤਿੰਨ ਸਾਲਾਂ ਦੀ ਪੜਾਈ ਤੋਂ ਬਾਅਦ ਸਰਕਾਰੀ ਨੌਕਰੀ ਲਈ ਇੰਟਰਵਿਊ, ਸਿਫਾਰਸ਼ਾਂ ਤੋਂ ਬਾਅਦ ਵੀ ਮਰੀਜ਼ਾਂ ਦੇ ਰਿਸ਼ਤੇਦਾਰਾਂ ਕੋਲੋਂ ਕੁੱਟ-ਮਾਰ ਤੇ ਸਰਕਾਰ ਵੱਲੋਂ ਐਲਾਨੇ ਕੋਰੋਨਾ ਯੋਧੇ ਸੀਨੀਅਰ ਸੁਪਰ-ਸਪੈਸ਼ਲਿਸਟ ਡਾਕਟਰਾਂ ਦੀ ਮ੍ਰਿਤਕ ਦੇਹ ਦੀ ਖੱਜਲ ਖ਼ੁਆਰੀ, ਬੇਹੁਰਮਤੀ, ਰਿਸ਼ਤੇਦਾਰਾਂ ਨੂੰ ਮਾਨਸਿਕ ਦੇ ਨਾਲ ਨਾਲ ਸਰੀਰਕ ਜ਼ਖ਼ਮ।

ਹੁਣ ਤਾਂ ਡਾਕਟਰਾਂ ਨੂੰ ਮਹਿਸੂਸ ਹੋਣ ਲੱਗ ਪਿਆ ਹੈ ਕਿ ਭਾਰਤ ਵਿੱਚ ਡਾਕਟਰ ਹੋਣਾ ਇੱਕ ਕਲੰਕ ਹੈ। ਡਾਕਟਰ ਬਣਨ ਵਾਸਤੇ ਕਰੋੜਾਂ ਰੁਪਏ ਤੇ ਘੱਟ ਤੋਂ ਘੱਟ 12 ਸਾਲ ਸਮੇਂ ਦੀ ਇਨਵੈਸਟਮੈਂਟ ਤੋਂ ਬਾਅਦ ਵੀ ਕਲੰਕੀ ਹੀ ਬਣਨਾ ਹੈ ਤਾਂ ਨਵੀਂ ਪੀੜੀ/ਨਵੇਂ ਖ਼ਾਹਿਸ਼ਵੰਦਾਂ ਨੂੰ ਸੋਚਣਾ ਪਵੇਗਾ ਕਿ ਉਹ ਇਸ ਕਲੰਕ ਵਾਲੇ ਧੰਦੇ ਵਿੱਚ ਆਉਣ ਕਿ ਕੁਝ ਹੋਰ ਕਰਨ। ਕਿਉਂਕਿ ਲਗਦਾ ਹੈ ਕਿ ਜਨਤਾ ਨੂੰ ਉਹੀ ਟੂਣੇ ਟਪਾਣੇ, ਮੱਥੇ ਟਿਕਾਉਣ ਵਾਲੇ, ਤਵੀਤਾਂ ਵਾਲੇ, ਗਊ-ਮੂਤ, ਗੋਬਰ, ਪੀਰ ਹੀ ਪਸੰਦ ਨੇ।

# ਭਾਰਤੀ ਲੋਕਤੰਤਰ ਇੱਕ ਡਰਾਉਣੇ ਪੜਾਅ ਵਿੱਚੋਂ ਲੰਘ ਰਿਹਾ ਏ

**- ਅਮਰਤਿਆ ਸੇਨ**

ਭਾਰਤ ਵਿੱਚ ਲੋਕਤੰਤਰ ਦੀ ਨੀਂਹ ਨੂੰ ਕਮਜ਼ੋਰ ਕਰਨ ਲਈ ਦਿਨੋ ਦਿਨ ਕਦਮ ਤੇਜ ਹੁੰਦੇ ਜਾ ਰਹੇ ਹਨ। ਉੱਤਰ ਪ੍ਰਦੇਸ਼ ਦੀ ਭਾਜਪਾ ਵਾਲੀ ਯੋਗੀ ਸਰਕਾਰ ਵਲੋਂ ਦਿ ਵਾਇਰ ਅਤੇ ਇਸ ਦੇ ਸੰਸਥਾਪਕ ਸੰਪਾਦਕ ਸਿਧਾਰਥ ਵਰਾਦਰਾਜਨ ਵਿਰੁੱਧ ਪੁਲਿਸ ਵਲੋਂ ਕੇਸ ਦਰਜ ਕੀਤਾ ਗਿਆ ਹੈ। ਤੁਹਾਨੂੰ ਯਾਦ ਕਰਵਾ ਦੇਈਏ ਕਿ ਕੇਂਦਰ ਵਿਚ ਸੱਤਾਧਾਰੀ ਪਾਰਟੀ ਭਾਜਪਾ ਰਾਜ ਕਰ ਰਹੀ ਹੈ। ਇਸ ਘਟਨਾ ਤੋਂ ਜ਼ਾਹਿਰ ਹੈ ਕਿ ਭਾਰਤ ਵਿਚ ਲੋਕਤਾਂਤਰਿਕ ਕੀਮਤਾਂ ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵਾਇਰ ਦਾ ਨਜ਼ਰੀਆ ਸਰਕਾਰ ਦੇ ਨਜ਼ਰੀਏ ਤੋਂ ਵੱਖਰਾ ਹੈ, ਪਰ ਇਸ ਗੱਲ ਕਰਕੇ ਯੂਪੀ ਪੁਲਿਸ ਵਲੋਂ ਕੇਸ ਦਰਜ ਕਰਨਾ ਸੰਵਿਧਾਨ ਜਮਹੂਰੀਅਤ ਦੀ ਉਲੰਘਣਾ ਹੈ। ਮੈਂ ਇੱਕ ਮਾਣਮੱਤਾ ਭਾਰਤੀ ਨਾਗਰਿਕ ਹਾਂ। ਜਦੋਂ ਇਹ ਦੇਖਦਾ ਹਾਂ ਕਿ ਸਾਡੇ ਚੁਣੇ ਹੋਏ ਨੇਤਾ ਫਾਸ਼ੀਵਾਦੀ ਨੀਤੀਆਂ ਨੂੰ ਅਪਨਾ ਰਹੇ ਹਨ ਤਾਂ ਇਹ ਦੇਖ ਕੇ ਮੇਰਾ ਸਿਰ ਨੀਵਾਂ ਹੋ ਜਾਂਦਾ ਹੈ। ਮੇਰਾ ਨੁਕਤਾ ਮੀਡੀਆ ਦੀ ਆਜ਼ਾਦੀ ਨੂੰ ਕੁਚਲਣ ਤੇ ਦੇਸ਼ ਵਿਚ ਪ੍ਰਗਟਾਵੇ ਦੀ ਆਜ਼ਾਦੀ ਦੇ ਘਾਣ ਨਾਲ ਸੰਬੰਧਿਤ ਹੈ। ਮੈਂ ਇਸ ਮਾਮਲੇ ਵਿਚ ਸਰਕਾਰੀ ਕਾਰਵਾਈ ਦੀ ਸਖ਼ਤ ਨਿੰਦਾ ਕਰਦਾ ਹਾਂ ਅਤੇ ਝੂਠੇ ਕੇਸਾਂ ਤੇ ਦੋਸ਼ਾਂ ਨੂੰ ਤੁਰੰਤ ਹਟਾਉਣ ਦੀ ਮੰਗ ਕਰਦਾ ਹਾਂ। ਮੈਨੂੰ ਲਗਦਾ ਹੈ ਕਿ ਹੁਣ ਦੇਸ਼ ਵਿਚ ਲੋਕਤੰਤਰੀ ਆਜ਼ਾਦੀ ਦੇ ਪਤਨ ਦੇ ਵਿਸ਼ੇ 'ਤੇ ਬੋਲਣਾ ਜ਼ਰੂਰੀ ਹੈ। ਵਰਾਰਾਜਨ ਅਤੇ ਦਿ ਵਾਇਰ ਦੇ ਵਿਰੁੱਧ ਇਕ ਪੂਰੀ ਤਰਾਂ ਅਨਿਆਂਪੂਰਨ ਅਪਰਾਧਿਕ ਕੇਸ ਹੈ ਤੇ ਭਾਰਤ ਦੀ ਜਨਤਾ ਲਈ ਇਕ ਡਰਾਉਣੀ ਘਟਨਾ ਹੈ। ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤਾਂਤਰਿਕ ਦੇਸ ਕਿਹਾ ਜਾਂਦਾ ਹੈ। ਪਰ ਇਹ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਸਾਡੇ ਸੱਤਾਧਾਰੀ ਅਸਹਿਣਸ਼ੀਲ ਹੋ ਗਏ ਹਨ ਤੇ ਭਾਰਤੀ ਲੋਕਤੰਤਰੀ ਮਿਆਰਾਂ ਨੂੰ ਨਿਘਾਰ ਵਲ ਲਿਜਾ ਰਹੇ ਹਨ। ਇਹ ਅਜੋਕੇ ਸਾਲਾਂ ਵਿਚ ਦੁਨੀਆ ਵਿਚ ਵੱਡੀ ਬਹਿਸ ਦਾ ਵਿਸ਼ਾ ਬਣ ਗਿਆ ਹੈ ਅਤੇ ਲਗਾਤਾਰ ਹਮਲੇ ਹੋ ਰਹੇ ਹਨ। ਭਾਰਤ ਦਾ ਵਿਸ਼ਵਵਿਆਪੀ ਕ੍ਰੈਡਿਟ ਡਿੱਗਣਾ ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੋਣਾ ਇਕ ਗੰਭੀਰ ਮੁੱਦਾ ਹੈ। ਇਸ ਬਾਰੇ ਭਾਰਤ ਸਰਕਾਰ ਨੂੰ ਚਿੰਤਾ ਕਰਨ ਦੀ ਲੋੜ ਹੈ। ਭਾਰਤ ਵਿੱਚ ਲੋਕਤੰਤਰ ਨੇ ਬਹੁਤ ਸਾਰੀਆਂ ਵਧੀਆ ਪ੍ਰਾਪਤੀਆਂ ਕੀਤੀਆਂ ਹਨ। ਪਰ ਬ੍ਰਿਟਿਸ਼ ਰਾਜ ਜੋ ਭਾਰਤੀਆਂ ਨੇ ਕਿਸੇ ਵੇਲੇ ਦੇਖਿਆ ਸੀ, ਜੋ ਕਿ ਗੁਲਾਮੀ ਦਾ ਕਾਲ ਸੀ, ਉਸ ਨੂੰ ਵਾਪਸ ਨਹੀਂ ਲਿਆਂਦਾ ਜਾ ਸਕਦਾ। ਲੋਕਤੰਤਰ ਤਾਂ ਜਿਉਂਦਾ ਰਹਿ ਸਕਦਾ ਹੈ ਜੇਕਰ ਮੀਡੀਆ ਦੀ ਆਜ਼ਾਦੀ ਹੋਵੇ। ਗਰੀਬੀ ਅਤੇ ਵਿਨਾਸ਼ਕਾਰੀ ਅਸਮਾਨਤਾ ਦੇ ਖਾਤਮੇ ਵਰਗੇ ਹੋਰ ਜਮਹੂਰੀ ਟੀਚਿਆਂ ਵੱਲ ਵਧਣ ਦੀ ਲੋੜ ਹੈ, ਨਾ ਕਿ ਲੋਕਤਾਂਤਰਿਕ ਕੀਮਤਾਂ ਦਾ ਘਾਣ ਕਰਨ ਦੀ। ਜਮਹੂਰੀ ਰਾਜਨੀਤਿਕ ਪ੍ਰਣਾਲੀ ਨਾਲ ਹੀ ਦੇਸ ਦਾ ਵਿਕਾਸ ਹੋ ਸਕਦਾ ਹੈ। ਹਾਕਮ ਧਿਰ ਆਮ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਕੇ ਜਿਹੜੀਆਂ ਤਾਕਤਾਂ ਪ੍ਰਾਪਤ ਕਰਦੀ ਹੈ, ਦੀ ਵੱਖੋ ਵੱਖਰੇ ਤਰੀਕਿਆਂ ਨਾਲ ਵਿਆਖਿਆ ਕੀਤੀ ਜਾ ਸਕਦੀ ਹੈ। ਇਸ ਦੇ ਬਹੁਤ ਸਾਰੇ ਅਰਥ ਕੱਢੇ ਜਾ ਸਕਦੇ ਹਨ। ਪਰ ਇਸ ਸੱਤਾ ਹਉਮੈਂ ਨੂੰ ਸੰਵਿਧਾਨਕ ਮਾਪਦੰਡਾਂ 'ਤੇ ਜਾਇਜ਼ ਠਹਿਰਾਇਆ ਨਹੀਂ ਜਾ ਸਕਦਾ ਹੈ। ਤੁਸੀਂ ਚੋਣ ਜਿੱਤ ਕੇ ਲੋਕਤਾਂਤਰਿਕ ਕੀਮਤਾਂ ਤੇ ਮਨੁੱਖੀ ਅਜ਼ਾਦੀ ਵਿਚ ਤਬਦੀਲੀਆਂ ਨਹੀਂ ਕਰ ਸਕਦੇ। ਭਾਰਤੀ ਸੰਵਿਧਾਨ ਸਰਵਉੱਚ ਹੈ। ਇਸ ਦੀ ਸਹੀ ਵਿਆਖਿਆ ਹੀ ਲੋਕਤੰਤਰ ਨੂੰ ਜਿਉਂਦਾ ਰੱਖ ਸਕਦੀ ਹੈ। ਚੋਣਾਂ ਵਿਚ ਜਿੱਤ ਸ਼ਾਸਕਾਂ ਨੂੰ ਇਹ ਅਧਿਕਾਰ ਨਹੀਂ ਦਿੰਦੀ ਕਿ ਉਹ ਕਿਸੇ ਨਾਗਰਿਕ ਨੂੰ 'ਗੱਦਾਰ' ਐਲਾਨਣ। ਯੂ ਪੀ ਸਰਕਾਰ ਦੀ ਪੁਲਿਸ ਕਾਰਵਾਈ ਕਿਸੇ ਵੀ ਤਰਾਂ ਉਚਿਤ ਨਹੀਂ ਠਹਿਰਾਈ ਜਾ ਸਕਦੀ।

'ਹਮ ਦੇਖੇਂਗੇ' ਪਾਕਿਸਤਾਨ ਦੇ ਰਾਸ਼ਟਰਪਤੀ ਜ਼ਿਆ ਉਲ ਹੱਕ ਦੇ ਵਿਰੋਧ ਵਿਚ ਲਿਖੀ ਗਈ ਫੈਜ਼ ਅਹਿਮਦ ਫੈਜ਼ ਦੀ ਮਸ਼ਹੂਰ ਕਵਿਤਾ, ਭਵਿੱਖ ਦੇ ਸਮੇਂ ਵੱਲ ਫਾਸ਼ੀਵਾਦੀ ਰਾਜਸੱਤਾ ਵੱਲ ਇਸ਼ਾਰਾ ਕਰਦੀ ਹੈ। ਪਾਕਿਸਤਾਨ ਜਾ ਕੇ ਉਹ ਖੱਬੇ-ਪੱਖੀ ਲਹਿਰ ਦੇ ਨਾਲ ਸਬੰਧਿਤ ਰਹੇ ਅਤੇ ਹਮੇਸ਼ਾ ਫ਼ੌਜੀ ਤਾਨਾਸ਼ਾਹੀ ਦੇ ਵਿਰੁੱਧ ਅਤੇ ਲੋਕਾਂ ਦੇ ਹੱਕ ਵਿਚ ਸ਼ਾਇਰੀ ਕੀਤੀ। ਉਨਾਂ ਦਾ ਨਾਂ ਦੁਨੀਆਂ ਦੇ ਮਸ਼ਹੂਰ ਅਤੇ ਲੋਕ ਹੱਕਾਂ ਵਾਸਤੇ ਲਿਖਣ ਵਾਲੇ ਸ਼ਾਇਰਾਂ - ਚਿੱਲੀ ਦੇ ਪਾਬਲੋ ਨੇਰੂਦਾ, ਤੁਰਕੀ ਦੇ ਨਾਜ਼ਿਮ ਹਿਕਮਤ ਤੇ ਫ਼ਲਸਤੀਨ ਦੇ ਮਹਿਮੂਦ ਦਰਵੇਸ਼ ਦੇ ਨਾਲ ਲਿਆ ਜਾਂਦਾ ਹੈ। ਕੱਲ ਦੇ ਲਾਤੀਨੀ ਅਮਰੀਕਾ ਦੇ ਰਾਜਨੀਤਿਕ ਤੌਰ ਤੇ ਅਜਿੱਤ ਤਾਨਾਸ਼ਾਹੀ ਸ਼ਾਸਕਾਂ ਨੂੰ ਅੱਜ ਕਿਵੇਂ ਵੇਖਿਆ ਜਾਂਦਾ ਹੈ?

ਇਹ ਸਭ ਨੂੰ ਸਮਝਣਾ ਚਾਹੀਦਾ ਹੈ। ਕੀ ਭਾਰਤ ਦੇ ਸ਼ਕਤੀਸ਼ਾਲੀ ਤਾਨਾਸ਼ਾਹੀ ਹਾਕਮ ਇਤਿਹਾਸ ਇਤਿਹਾਸ ਵਿਚ ਕਦੇ ਵੀ ਯਾਦ ਨਹੀਂ ਕੀਤੇ ਜਾਂਦੇ। ਦੂਜਾ ਨੁਕਤਾ ਸਾਡੇ ਕੌਮੀ ਇਤਿਹਾਸ ਨਾਲ ਜੁੜਿਆ ਹੋਇਆ ਹੈ। ਆਜ਼ਾਦੀ ਦੇ ਸੰਘਰਸ਼ ਦੌਰਾਨ ਭਾਰਤ ਨੇ ਲੋਕਤੰਤਰੀ ਅਧਿਕਾਰਾਂ ਲਈ ਲੰਬੀ ਲੜਾਈ ਲੜੀ। ਬਹੁਤ ਸਾਰੇ ਲੋਕਾਂ ਨੇ ਭਾਰਤ ਵਿੱਚ ਸੁਤੰਤਰ ਲੋਕਤੰਤਰ ਦੀ ਸਥਾਪਨਾ ਲਈ ਕੁਰਬਾਨੀਆਂ ਦਿੱਤੀਆਂ ਅਤੇ ਬਹੁਤਿਆਂ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ। ਵੱਖ-ਵੱਖ ਧਰਮਾਂ ਨਾਲ ਜੁੜੇ ਲੋਕਾਂ ਨੇ ਇਹ ਸੰਘਰਸ਼ ਅੰਗਰੇਜ਼ ਹਕੂਮਤ ਦੇ ਹੰਕਾਰੀ ਨਿਜ਼ਾਮ ਵਿਰੁਧ ਸਾਂਝੇ ਤੌਰ 'ਤੇ ਲੜਿਆ। ਇਹ ਅਜ਼ਾਦੀ ਦੀ ਜੰਗ ਅਜ਼ਾਦ ਮੀਡੀਏ ਰਾਹੀਂ ਹੀ ਲੜੀ ਗਈ ਤੇ ਜਿੱਤੀ ਗਈ। ਇਸ ਗੱਲ ਦਾ ਅਹਿਸਾਸ ਅਜੋਕੇ ਸ਼ਾਸ਼ਕਾਂ ਨੂੰ ਹੋਣਾ ਚਾਹੀਦਾ ਹੈ। ਯੂ ਪੀ ਪੁਲਿਸ ਕਾਰਵਾਈ ਕਰਨ ਅਤੇ ਵੱਡੇ ਪੱਤਰਕਾਰਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਬਸਤੀਵਾਦੀ ਅਤੀਤ ਵਲ ਲਿਜਾਣ ਦੀ ਗਲਤ ਕਾਰਵਾਈ ਹੈ। ਪਰ ਕੀ ਅਸੀਂ ਆਪਣੇ ਲੋਕਤੰਤਰ ਵਿਚ ਉਸੇ ਤਰਾਂ ਦੀ ਅਧੀਨਗੀ ਤੇ ਗੁਲਾਮੀ ਨੂੰ ਸਵੀਕਾਰ ਸਕਦੇ ਹਾਂ?

# ਮੈਂ ਸਵਰਗ ਜਾਣੈ



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਜਦੋਂ ਉਸਦਾ ਵਿਆਹ ਹੋਇਆ ਸੀ ਤਾਂ ਸਭ ਕਹਿੰਦੇ ਸਨ ਕਿ ਉਹ ਬਹੁਤ ਸਾਊ ਕੁੜੀ ਸੀ। ਸਹੁਰੇ ਘਰ ਜਾਂਦੇ ਸਾਰ ਉਸ ਨੇ ਸਭ ਦਾ ਮਨ ਮੋਹ ਲਿਆ ਸੀ। ਆਂਢੀ-ਗੁਆਂਢੀ ਵੀ ਉਸ ਦੀ ਸਿਫ਼ਤ ਕਰਦੇ ਨਹੀਂ ਸੀ ਥੱਕਦੇ। ਉਸ ਨੇ ਕਦੇ ਕਿਸੇ ਨਾਲ ਉੱਚਾ ਨਹੀਂ ਸੀ ਬੋਲਿਆ। ਸਭ ਦੀ ਹਰਮਨ ਪਿਆਰੀ ਹੋਣ ਸਦਕਾ ਜਦੋਂ ਉਸ ਘਰ ਪਹਿਲਾ ਪੁੱਤਰ ਜੰਮਿਆ ਤਾਂ ਸਾਰੀ ਕਲੋਨੀ ਹੀ ਵਧਾਈ ਦੇਣ ਪਹੁੰਚੀ। ਸਭ ਨੂੰ ਉਹ ਇੱਕੋ ਗੱਲ ਕਹਿੰਦੀ ਰਹੀ, "ਚਲੋ ਮੇਰੇ ਸਵਰਗ ਜਾਣ ਦਾ ਰਾਹ ਖੁੱਲ ਗਿਆ।" ਜਦੋਂ ਉਸ ਕੋਲੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਆਪਣੀ ਮਾਂ ਦੀ ਗੱਲ ਸੁਣਾਈ ਕਿ ਉਸ ਦੀ ਮਾਂ ਹਮੇਸ਼ਾ ਇਹੀ ਕਹਿੰਦੀ ਹੁੰਦੀ ਸੀ-ਮੇਰਾ ਪੁੱਤਰ ਹੀ ਮੇਰੀ ਚਿਤਾ ਨੂੰ ਅੱਗ ਲਾਏਗਾ, ਤਾਂ ਹੀ ਮੇਰਾ ਸਵਰਗ ਜਾਣ ਦਾ ਰਾਹ ਖੁੱਲੇਗਾ। ਸਾਰੇ ਉਸ ਦੀ ਗੱਲ ਸੁਣ ਕੇ ਮਜ਼ਾਕ ਉਡਾਉਣ ਲੱਗ ਪਏ ਕਿ ਕਿਹੜਾ ਸਵਰਗ ਤੇ ਕਿਹੜਾ ਨਰਕ! ਇਹ ਪੁਰਾਣੇ ਸਮੇਂ ਦੀਆਂ ਗੱਲਾਂ ਹਨ। ਅੱਜ ਕੱਲ ਕੌਣ ਇਸ ਨੂੰ ਮੰਨਦਾ ਹੈ। ਹੁਣ ਤਾਂ ਕੁੜੀਆਂ ਵੀ ਚਿਤਾ ਨੂੰ ਅੱਗ ਲਾ ਦਿੰਦੀਆਂ ਹਨ।

ਉਸ ਦੀ ਸੱਸ ਨੂੰ ਇਹ ਗੱਲ ਸੁਣ ਕੇ ਬੜਾ ਮਾੜਾ ਲੱਗਿਆ ਕਿ ਏਨੀ ਖ਼ੁਸ਼ੀ ਦੇ ਮੌਕੇ ਮਰਨ ਦੀਆਂ ਗੱਲਾਂ ਕਿਉਂ ਕੀਤੀਆਂ ਜਾ ਰਹੀਆਂ ਹਨ? ਕੁੜੀ ਹੋਵੇ ਭਾਵੇਂ ਮੁੰਡਾ, ਸਿਹਤਮੰਦ ਤੇ ਬੀਬਾ ਹੋਣਾ ਚਾਹੀਦਾ ਹੈ।

ਸਮਾਂ ਲੰਘਿਆ ਤਾਂ ਉਸ ਦੇ ਇੱਕ ਹੋਰ ਮੁੰਡਾ ਤੇ ਇਕ ਕੁੜੀ ਵੀ ਜੰਮ ਪਏ। ਤਿੰਨੋ ਬੱਚੇ ਬੜੇ ਆਗਿਆਕਾਰੀ ਸਨ। ਪਰ, ਉਹ ਵੀ ਤਾਂ ਸਭ ਤੇ ਜਾਨ ਛਿੜਕਦੀ ਸੀ। ਪੂਰੇ ਮੁਹੱਲੇ ਵਿਚ ਕਿਸੇ ਨੂੰ ਲੋੜ ਹੁੰਦੀ ਤਾਂ ਸਭ ਤੋਂ ਪਹਿਲਾਂ ਉਸੇ ਕੋਲ ਪਹੁੰਚਦੇ ਤੇ ਉਹ ਵਿੱਤੋਂ ਬਾਹਰ ਜਾ ਕੇ ਹਰ ਕਿਸੇ ਦੀ ਮਦਦ ਕਰਦੀ।

ਸਭ ਕਹਿੰਦੇ ਕਿ ਇਸ ਨੇ ਤਾਂ ਮੋਤੀ ਦਾਨ ਕੀਤੇ ਹੋਣੇ ਹਨ ਜੋ ਏਨਾ ਵਧੀਆ ਟੱਬਰ ਮਿਲਿਆ ਹੈ। ਬੱਚੇ ਵੀ ਹੌਲੀ-ਹੌਲੀ ਜਵਾਨ ਹੋਣ ਲੱਗੇ ਤੇ ਹਰ ਮਾਮਲੇ 'ਚ ਮਾਂ ਦੀ ਸਲਾਹ ਲੈਂਦੇ। ਕਾਰੋਬਾਰ ਚੰਗਾ ਚੱਲ ਪਿਆ ਸੀ। ਹੌਲੀ-ਹੌਲੀ ਤਿੰਨਾਂ ਦਾ ਵਿਆਹ ਵੀ ਹੋ ਗਿਆ। ਮਾਂ ਰਤਾ ਵਿਹਲੀ ਹੋ ਗਈ ਤਾਂ ਸਮਾਜਿਕ ਕੰਮਾਂ ਵੱਲ ਧਿਆਨ ਦੇਣ ਲੱਗੀ। ਉਸ ਦੀ ਇਕ ਬਚਪਨ ਦੀ ਸਹੇਲੀ ਲਾਵਾਰਿਸ ਲਾਸ਼ਾਂ ਨੂੰ ਚਿਤਾ ਦੇਣ ਦਾ ਕੰਮ ਕਰਦੀ ਸੀ। ਉਸ ਨੇ ਵੀ ਉਸ ਕੰਮ ਵਿਚ ਸਾਥ ਦੇਣ ਬਾਰੇ ਸੋਚਿਆ ਤਾਂ ਸਾਰੇ ਟੱਬਰ ਨੇ ਵਿਰੋਧ ਕੀਤਾ ਕਿ ਇਹ ਤਾਂ ਬਹੁਤ ਹੀ ਮਾੜਾ ਕੰਮ ਹੈ। ਪਤਾ ਨਹੀਂ ਕਿਸ ਕਿਸ ਦੀ ਅਣਪਛਾਤੀ ਲਾਵਾਰਿਸ ਲਾਸ਼ ਢੋਅ ਕੇ ਲਿਜਾਉਂਦੀ ਹੋਵੇਗੀ! ਇਹ ਕੰਮ ਤਾਂ ਕਿਸੇ ਹਾਲ ਨਹੀਂ ਕਰਨਾ!

ਫੇਰ ਉਸ ਘਰ ਪਹਿਲਾ ਪੋਤਰਾ ਆਇਆ। ਉਸ ਦਿਨ ਉਹ ਫੇਰ ਬੋਲ ਪਈ, "ਹੁਣ ਤਾਂ ਸਵਰਗ ਜਾਣਾ ਪੱਕਾ ਹੋ ਗਿਆ। ਪੁੱਤਰ ਤੇ ਪੋਤਰਾ, ਦੋਵੇਂ ਰਲ ਕੇ ਮੇਰੀ ਚਿਤਾ ਨੂੰ ਅੱਗ ਲਾਉਣਗੇ। ਇਹ ਤਾਂ ਕਿਸਮਤ ਵਾਲਿਆਂ ਨੂੰ ਨਸੀਬ ਹੁੰਦਾ ਹੈ।"

ਸਾਰੇ ਫਿਰ ਉਸ ਨੂੰ ਕੁੱਦ ਕੇ ਪੈ ਗਏ ਕਿ ਏਨੇ ਸ਼ੁਭ ਮੌਕੇ ਉੱਤੇ ਕਿਉਂ ਮਰਨ ਦੀਆਂ ਗੱਲਾਂ ਕਰਦੀ ਹੈਂ? ਉਹ ਵਿਚਾਰੀ ਸਭ ਦਾ ਕਿਹਾ ਮੰਨ ਕੇ ਚੁੱਪ ਹੋ ਗਈ ਪਰ ਕਦੇ ਕਦਾਈਂ ਰਬ ਦਾ ਸ਼ੁਕਰ ਕਰਦੀ ਫਿਰ ਉਸ ਦੇ ਮੂੰਹੋਂ ਨਿਕਲ ਹੀ ਜਾਂਦਾ, "ਵਿਚਾਰੇ ਕਿੰਨੇ ਬਦਨਸੀਬ ਹੁੰਦੇ ਹਨ ਜਿਨਾਂ ਦੀ ਚਿਤਾ ਨੂੰ ਕੋਈ ਅੱਗ ਲਾਉਣ ਵਾਲਾ ਵੀ ਨਹੀਂ ਹੁੰਦਾ। ਮੇਰਾ ਦਿਲ ਉਨਾਂ ਲਈ ਬੜਾ ਤੜਫਦੈ। ਮੇਰੇ ਉੱਤੇ ਤਾਂ ਰਬ ਨੇ ਏਨੀ ਮਿਹਰ ਕੀਤੀ ਹੈ ਕਿ ਕਈ ਜਨਮਾਂ ਤੱਕ ਸ਼ੁਕਰ ਕਰਦੀ ਰਹਾਂ ਤਾਂ ਵੀ ਘੱਟ ਹੈ!

ਇਕ ਦਿਨ ਛੋਟਾ ਮੁੰਡਾ ਬਹਿਸ ਕਰਨ ਲੱਗ ਪਿਆ, "ਮੰਮੀ ਤੂੰ ਕਿਉਂ ਸਵਰਗ ਨਰਕ ਦੀ ਰੱਟ ਲਾਉਂਦੀ ਰਹਿੰਦੀ ਹੈਂ? ਭਰਿਆ ਪੂਰਾ ਘਰ ਹੈ। ਆਰਾਮ ਨਾਲ ਬਹਿ। ਤੇਰੀ ਸੇਵਾ ਕਰਨ ਨੂੰ ਦੋ-ਦੋ ਨੂੰਹਾਂ ਹਨ।"

ਉਸ ਬੜੇ ਤਰਲੇ ਲਏ ਪਰ ਕਿਸੇ ਨੇ ਉਸ ਨੂੰ ਆਪਣੀ ਸਹੇਲੀ, ਜੋ ਲਾਵਾਰਿਸ ਲਾਸ਼ਾਂ ਸਾਂਭਦੀ ਸੀ, ਨੂੰ ਮਿਲਣ ਨਾ ਦਿੱਤਾ ਕਿ ਖ਼ੌਰੇ ਉਸ ਨੂੰ ਮਿਲ ਕੇ ਉਸ ਨਾਲ ਕੰਮ ਨਾ ਕਰਨ ਲੱਗ ਜਾਵੇ। ਨਿੱਕੇ ਪੋਤਰੇ ਨਾਲ ਦਿਨ-ਰਾਤ ਜਾਗ ਕੇ, ਬਾਹਰ ਘੁਮਾਉਂਦਿਆਂ, ਉਸ ਨੂੰ ਖੁਆਉਂਦਿਆਂ ਪਤਾ ਹੀ ਨਹੀਂ ਲੱਗਿਆ ਕਦੋਂ ਵਕਤ ਲੰਘ ਗਿਆ। ਫੇਰ ਦੂਜੇ ਪੁੱਤਰ ਦੇ ਘਰ ਧੀ ਜੰਮ ਪਈ। ਘਰ ਰੌਣਕਾਂ ਨਾਲ ਭਰ ਗਿਆ। ਸਾਰੇ ਇਕੱਠੇ ਘੁੰਮਣ ਲੰਘ ਜਾਂਦੇ ਤਾਂ ਪੋਤਰਾ ਪੋਤਰੀ ਦਾਦੀ ਕੋਲ ਛੱਡ ਜਾਂਦੇ। ਉਹ ਵੀ ਇਨਾਂ ਨੂੰ ਸਾਂਭਦੀ ਭੁੱਲ ਹੀ ਜਾਂਦੀ ਕਿ ਉਸ ਦੇ ਪਤੀ ਨੂੰ ਮਰਿਆਂ 8 ਸਾਲ ਲੰਘ ਚੁੱਕੇ ਸਨ।

ਪੁੱਤਰਾਂ ਨੇ ਨਵਾਂ ਬਿਜ਼ਨੈੱਸ ਖੋਲਣ ਦੀ ਗੱਲ ਕੀਤੀ ਤਾਂ ਉਸ ਨੇ ਸਾਰੀ ਜਮਾਂ ਪੂੰਜੀ ਉਨਾਂ ਨੂੰ ਦੇ ਦਿੱਤੀ ਤੇ ਆਪ ਸਵੇਰੇ ਸ਼ਾਮ ਰਬ ਦੀ ਭਗਤੀ 'ਚ ਸਮਾਂ ਬਿਤਾਉਣ ਲੱਗ ਪਈ। ਬਾਕੀ ਸਾਰਾ ਦਿਨ ਤਾਂ ਪੋਤਰੇ ਪੋਤਰੀ ਨੂੰ ਸਾਂਭਦਿਆਂ ਹੀ ਲੰਘ ਜਾਂਦਾ ਸੀ!

ਇੱਕ ਦਿਨ ਛੋਟਾ ਪੁੱਤਰ ਆਪਣੀ ਵਹੁਟੀ ਨਾਲ ਘਰ ਮੁੜਿਆ ਤਾਂ ਉਸ ਨੇ ਬਰਾਂਡੇ ਵਿਚ ਆਪਣੀ ਮਾਂ ਨੂੰ ਬੱਚਿਆਂ ਨਾਲ ਗੱਲ ਕਰਦਿਆਂ ਸੁਣ ਲਿਆ, "ਮੈਨੂੰ ਤਾਂ ਤੁਹਾਡਾ ਦਾਦਾ ਯਾਦ ਕਰਦਾ ਪਿਐ। ਕਿੰਨੇ ਸਾਲ ਹੋ ਗਏ ਉਸ ਨੂੰ ਗਿਆਂ। ਉਹ ਸਵਰਗ ਪਹੁੰਚਿਐ। ਮੈਂ ਵੀ ਉਸ ਕੋਲ ਤਾਂ ਹੀ ਪਹੁੰਚਾਂਗੀ ਜੇ ਤੁਸੀਂ ਆਪੋ ਆਪਣੇ ਪਾਪਾ ਨਾਲ ਮੇਰੀ ਚਿਤਾ ਨੂੰ ਅੱਗ ਲਾਓਗੇ। ਵੇਖਿਓ ਕਿਤੇ ਮੈਂ ਤੁਹਾਡੇ ਦਾਦਾ ਜੀ ਤੋਂ ਪਰਾਂ ਨਾ ਰਹਿ ਜਾਵਾਂ।"

ਛੋਟੇ ਪੁੱਤਰ ਨੂੰ ਉਸ ਦਿਨ ਬੜਾ ਕਹਿਰ ਚੜ੍ਹਿਆ। ਉਹ ਮਾਂ ਨੂੰ ਝਿੜਕ ਕੇ ਪਿਆ, "ਪੂਰੀ ਉਮਰ ਲੰਘ ਗਈ ਤੁਹਾਡੀ ਚਿਤਾ ਨੂੰ ਅੱਗ ਲਾਉਣ ਦੀ ਗੱਲ ਸੁਣਦਿਆਂ। ਏਨਾ ਵੀ ਕੀ ਸਵਰਗ ਦਾ ਝੱਲ ਹੋਇਆ। ਇਹ ਸਭ ਵਹਿਮ ਹਨ। ਬੱਚਿਆਂ ਨੂੰ ਇਸ ਵਹਿਮ ਵਿਚ ਨਾ ਫਸਾਓ। ਇਹ ਸਭ ਤੁਹਾਡੀ ਸਹੇਲੀ ਦਾ ਕੀਤਾ ਧਰਿਆ ਹੈ। ਉਹ ਲਾਵਾਰਿਸ ਲਾਸ਼ਾਂ ਸਾਂਭਦੀ ਹੈ। ਤੁਹਾਨੂੰ ਵੀ ਉਸ ਨੇ ਗਧੀ ਗੇੜ ਵਿਚ ਪਾ ਛੱਡਿਐ।"

ਵਿਚਾਰੀ ਚੁੱਪ ਹੋ ਗਈ। ਸਹੇਲੀ ਨੂੰ ਤਾਂ ਮਿਲਣ ਜਾਣ ਹੀ ਨਹੀਂ ਸੀ ਦਿੰਦੇ। ਉਹ ਵੀ ਤਾਂ ਉਸ ਵਾਂਗ ਬਿਰਧ ਹੋ ਗਈ ਸੀ। ਮਨ ਵਿਚ ਹਿਰਖ ਸੀ ਕਿ ਉਸ ਨੂੰ ਇੱਕ ਵਾਰ ਤਾਂ ਮਿਲ ਲੈਂਦੀ। ਛੋਟੇ ਹੁੰਦਿਆਂ ਉਸ ਨਾਲ ਲੁੱਕਣ ਮੀਟੀ ਖੇਡਣ ਦੀਆਂ ਯਾਦਾਂ ਹਾਲੇ ਤਕ ਧੁੰਧਲੀਆਂ ਨਹੀਂ ਸੀ ਹੋਈਆਂ। ਇਕ ਵਾਰ ਤਾਂ ਉਹ ਪਰਛੱਤੀ ਵਿਚ ਪਈ ਪੇਟੀ ਅੰਦਰ ਲੁੱਕ ਗਈ ਸੀ ਤਾਂ ਸਹੇਲੀ ਕੋਲੋਂ ਦੋ ਘੰਟੇ ਤੱਕ ਲੱਭੀ ਨਹੀਂ ਸੀ ਗਈ। ਜਦੋਂ ਉਹ ਤਰਲੇ ਕਰਨ ਲੱਗ ਗਈ ਸੀ, ਫੇਰ ਹੀ ਪੇਟੀ 'ਚੋਂ ਬਾਹਰ ਨਿਕਲੀ। ਕਿੰਨੀ ਘੁੱਟ ਕੇ ਫੇਰ ਉਨਾਂ ਜੱਫੀ ਪਾਈ ਸੀ।

ਪਰ, ਇਹ ਤਾਂ ਹੁਣ ਯਾਦਾਂ ਹੀ ਰਹਿ ਗਈਆਂ ਸਨ। ਮਿਲਣ ਦੀ ਆਸ ਤਾਂ ਮੁੱਕ ਹੀ ਗਈ ਸੀ। ਸਿਰਫ਼ ਇਕ ਵਾਰ ਲੁਕ ਕੇ ਨੂੰਹ ਦੇ ਫ਼ੋਨ ਤੋਂ ਉਸ ਸਹੇਲੀ ਨਾਲ ਗੱਲ ਕੀਤੀ ਸੀ ਤੇ ਪੂਰਾ ਅੱਧਾ ਘੰਟਾ ਯਾਦਾਂ ਤਾਜ਼ਾ ਕੀਤੀਆਂ। ਅਖ਼ੀਰ ਲੰਮਾ ਸਾਹ ਲੈਂਦਿਆਂ ਉਸ ਕਿਹਾ, "ਚੰਗਾ ਪ੍ਰੀਤੀਏ, ਪਤਾ ਨਹੀਂ ਇਸ ਜਨਮ 'ਚ ਕਦੇ ਆਪਾਂ ਮਿਲ ਵੀ ਸਕਣਾ ਹੈ ਕਿ ਨਹੀਂ। ਅਫ਼ਸੋਸ ਤਾਂ ਇਹ ਹੈ ਕਿ ਮੈਂ ਲਾਵਾਰਿਸ ਲਾਸ਼ ਬਣ ਕੇ ਵੀ ਤੇਰੇ ਕੋਲ ਕਦੇ ਨਹੀਂ ਆ ਸਕਣਾ। ਸੋ ਅਗਲੇ ਜਨਮ ਹੀ ਮਿਲਾਂਗੇ। ਮੈਂ ਤਾਂ ਸਵਰਗ ਤੇਰੇ ਜੀਜਾ ਜੀ ਕੋਲ ਜਾਣੈ। ਤੂੰ ਵੀ ਨੇਕ ਕੰਮ ਕਰਦੀ ਹੈਂ, ਉੱਥੇ ਹੀ ਮਿਲ ਲਵਾਂਗੇ।"

ਮਹੀਨੇ ਕੁ ਬਾਅਦ ਹੀ ਇਕ ਕੁਲਿਹਣੇ ਬੁਖ਼ਾਰ ਦਾ ਰੌਲਾ ਪੈ ਗਿਆ। ਚੁਫ਼ੇਰੇ ਕਰੋਨਾ ਕਰੋਨਾ ਕਰਦੇ ਫਿਰਦੇ ਸਨ। ਉਸ ਦਾ ਕੰਮ ਤਾਂ ਪੋਤਰੇ ਪੋਤਰੀ ਨੂੰ ਸਕੂਲੋਂ ਘਰ ਲਿਆਉਣਾ ਸੀ। ਵਾਪਸੀ ਤੇ ਸਬਜ਼ੀ ਫਲ ਵੀ ਨਾਲ ਹੀ ਲੈ ਆਉਂਦੀ ਸੀ। ਉਸ ਨੂੰ ਤਾਂ ਕਦੇ ਕੋਈ ਕਰੋਨਾ ਨਹੀਂ ਮਿਲਿਆ। ਫੇਰ ਬੱਚਿਆਂ ਦੇ ਸਕੂਲ ਵੀ ਬੰਦ ਹੋ ਗਏ। ਸਿਰਫ਼ ਸਬਜ਼ੀ ਫਲ ਲੈਣ ਉਹ ਇਕ ਵਾਰ ਘਰੋਂ ਬਾਹਰ ਜਾਂਦੀ ਸੀ। ਰਾਤ ਨੂੰ ਪੋਤਰੇ ਤੇ ਪੋਤਰੀ ਦੀਆਂ ਲੱਤਾਂ ਘੁੱਟ ਕੇ ਸੁਆ ਦਿੰਦੀ। ਬੱਚੇ ਵੀ ਤਾਂ ਸਾਰਾ ਦਿਨ ਘਰ ਅੰਦਰ ਟੱਪਦੇ ਦੌੜਦੇ ਥੱਕ ਜਾਂਦੇ ਸਨ। ਸਾਰਾ ਆਂਢ ਗੁਆਂਢ ਉਸ ਦਾ ਰੋਜ਼ ਹਾਲ ਚਾਲ ਪੁੱਛਦਾ।

ਇਕ ਦਿਨ ਸ਼ਾਮੀ ਉਸ ਨੂੰ ਹਲਕੀ ਖੰਘ ਹੋਈ ਤਾਂ ਸਾਰਾ ਮੁਹੱਲਾ ਠਠੰਬਰ ਗਿਆ। ਉਸ ਨੂੰ ਸਮਝ ਨਹੀਂ ਆਈ, ਕਿਉਂ? ਪਹਿਲਾਂ ਵੀ ਤਾਂ 50 ਵਾਰ ਉਸ ਨੂੰ ਖੰਘ ਜ਼ੁਕਾਮ ਹੋਇਆ ਸੀ। ਉਸ ਦਿਨ ਤਾ ਕਮਾਲ ਹੀ ਹੋ ਗਈ। ਕਿਸੇ ਨੇ ਉਸ ਨੂੰ ਰੋਟੀ ਨਹੀਂ ਪੁੱਛੀ। ਸਭ ਨੇ ਆਪੋ ਆਪਣੇ ਕਮਰੇ ਬੰਦ ਕਰ ਲਏ ਤੇ ਰਸੋਈ ਨੂੰ ਵੀ ਕੁੰਡਾ ਲਾ ਦਿੱਤਾ।

ਘਰੋਂ ਬਾਹਰ ਨਿਕਲੀ ਤਾਂ ਗੁਆਂਢੀ ਵੀ ਝੱਟ ਅੰਦਰ ਵੜ ਗਏ। ਗੱਲ ਸਮਝ ਨਹੀਂ ਆਈ। ਦੋ ਘੰਟਿਆਂ ਵਿਚ ਐਂਬੂਲੈਂਸ ਘਰ ਪਹੁੰਚ ਗਈ ਤੇ ਦੋ ਨਰਸਾਂ ਉਸ ਨੂੰ ਜਬਰੀ ਹਸਪਤਾਲ ਵੱਲ ਲੈ ਚੱਲੀਆਂ। ਉਸ ਬਥੇਰੀਆਂ ਆਪਣੇ ਪੁੱਤਰਾਂ ਨੂੰ ਵਾਜਾਂ ਮਾਰੀਆਂ, ਪੋਤਰੇ ਨੂੰ ਵੀ ਸੱਦਿਆ ਤੇ ਗਵਾਂਢੀਆਂ ਨੂੰ ਵੀ, ਪਰ ਕਿਸੇ ਨੇ ਵਾਪਸ ਆਵਾਜ਼ ਨਹੀਂ ਦਿੱਤੀ।

ਉਸ ਨੂੰ ਸਮਝ ਹੀ ਨਹੀਂ ਸੀ ਆ ਰਹੀ ਕਿ ਆਖ਼ਰ ਉਸ ਕੋਲੋਂ ਕੀ ਗੁਣਾਹ ਹੋ ਗਿਆ ਹੈ? ਉਸੇ ਰਾਤ ਉਸ ਨੂੰ ਬੁਖ਼ਾਰ ਹੋਣ ਲੱਗ ਪਿਆ। ਫੇਰ ਉਸ ਨੂੰ ਇੱਕ ਵੱਖ ਕਮਰੇ ਵਿਚ ਗੁਲੂਕੋਜ਼ ਤੇ ਟੀਕੇ ਲਾ ਕੇ ਤਾੜ ਦਿੱਤਾ ਗਿਆ। ਕੋਈ ਉਸ ਦੀ ਆਵਾਜ਼ ਸੁਣਨ ਵਾਲਾ ਨਹੀਂ ਸੀ। ਪੂਰੀ ਰਾਤ ਉਹ ਤੜਫਦੀ ਰਹੀ। ਸਾਹ ਔਖਾ ਆਉਣ ਲੱਗ ਪਿਆ। ਉਸ ਦੀਆਂ ਅੱਖਾਂ ਦਰਵਾਜ਼ੇ ਵੱਲ ਲੱਗੀਆਂ ਰਹੀਆਂ ਕਿ ਉਸ ਦੇ ਪੁੱਤਰ, ਨੂੰਹਾਂ, ਪੋਤਰਾ, ਪੋਤਰੀ, ਗੁਆਂਢੀ, ਕੋਈ ਤਾਂ ਉਸ ਦਾ ਹਾਲ ਪੁੱਛਣ ਜ਼ਰੂਰ ਆਉਣਗੇ। ਉਹ ਵੀ ਤਾਂ ਰਾਤ-ਰਾਤ ਭਰ ਉਨਾਂ ਦੀ ਬੀਮਾਰੀ ਵੇਲੇ ਜਾਗਦੀ ਰਹੀ ਸੀ। ਪਰ ਕੋਈ ਨਾ ਦਿਸਿਆ। ਹੌਲੀ ਹੌਲੀ ਉਸ ਦੀ ਨਜ਼ਰ ਧੁੰਧਲੀ ਹੋਣ ਲੱਗ ਪਈ। ਉਸ ਨੂੰ ਮਹਿਸੂਸ ਹੋਣ ਲੱਗ ਪਿਆ ਕਿ ਆਪਣੇ ਪਤੀ ਕੋਲ ਸਵਰਗ ਜਾਣ ਦਾ ਸਮਾਂ ਆ ਗਿਆ ਹੈ।

ਪਰ, ਇਹ ਕੀ? ਇਕਦਮ ਉਸ ਤਭ੍ਰਕ ਕੇ ਅੱਖਾਂ ਖੋਲੀਆਂ ਤੇ ਸੋਚਣ ਲੱਗੀ ਜੇ ਉਸ ਨੂੰ ਹਸਪਤਾਲ ਵਿਚ ਇਕੱਲੀ ਨੂੰ ਹੀ ਤਾੜੀ ਰੱਖਿਆ ਤਾਂ ਉਸ ਦੇ ਪੁੱਤਰਾਂ ਨੂੰ ਕਿਵੇਂ ਪਤਾ ਲੱਗੂ ਕਿ ਉਸ ਦੀ ਚਿਤਾ ਨੂੰ ਅੱਗ ਲਾਉਣੀ ਹੈ? ਕਿਤੇ ਸਵਰਗ ਜਾਣ ਤੋਂ ਰਹਿ ਹੀ ਨਾ ਜਾਵੇ! ਪਤਾ ਨਹੀਂ ਕਦੋਂ ਰਬ ਨੂੰ ਧਿਆਉਂਦੀ ਉਹ ਸਵੇਰੇ ਤਿੰਨ ਵਜੇ ਸੁਆਸ ਤਿਆਗ ਗਈ।

ਘਰ ਸੁਣੇਹਾ ਭੇਜਿਆ ਗਿਆ ਕਿ ਕੋਰੋਨਾ ਨਾਲ ਤੁਹਾਡੀ ਮਾਂ ਦੀ ਮੌਤ ਹੋ ਗਈ ਹੈ। ਇਸ ਦੇ ਸਰੀਰ ਨੂੰ ਪੂਰੀ ਤਰਾਂ ਪੈਕ ਕਰ ਕੇ ਭੇਜ ਰਹੇ ਹਾਂ। ਖੋਲਣਾ ਨਹੀਂ। ਸਿਰਫ਼ ਇੰਜ ਹੀ ਚਿਤਾ ਉੱਤੇ ਲਿਟਾ ਦੇਣਾ। ਕੋਈ ਖ਼ਤਰਾ ਨਹੀਂ ਹੈ।

ਕੋਈ ਨਾ ਬਹੁੜਿਆ! ਦੁਬਾਰਾ ਫਿਰ ਫ਼ੋਨ ਕੀਤਾ ਤਾਂ ਸਭ ਨੇ ਉਸ ਦਾ ਮੁਰਦਾ ਸਰੀਰ ਤੱਕ ਚੁੱਕਣ ਤੋਂ ਇਨਕਾਰ ਕਰ ਦਿੱਤਾ ਤੇ ਸਸਕਾਰ ਕਰਨ ਤੋਂ ਵੀ। ਬਥੇਰਾ ਸਮਝਾਇਆ ਗਿਆ ਕਿ ਉਹੀ ਮਾਂ ਹੈ ਜੋ ਕੱਲ ਤੱਕ ਤੁਹਾਨੂੰ ਗੋਦ ਵਿਚ ਖਿਡਾਉਂਦੀ ਸੀ, ਪਰ ਕੋਈ ਨਾ ਮੰਨਿਆ।

ਅਖ਼ੀਰ ਲਾਵਾਰਿਸ ਲਾਸ਼ ਮੰਨ ਕੇ ਹਸਪਤਾਲ ਵਾਲਿਆਂ ਨੇ ਉਸ ਦੀ ਸਹੇਲੀ ਨੂੰ ਫ਼ੋਨ ਕੀਤਾ ਤਾਂ ਉਹ ਦੁਹੱਥੜ ਮਾਰ ਕੇ ਰੋਂਦੀ ਝੱਟ ਉੱਥੇ ਪਹੁੰਚ ਗਈ।

ਹਉਕੇ ਲੈ ਲੈ ਕੇ ਉਸ ਹਸਪਤਾਲ ਦੇ ਸਟਾਫ਼ ਨੂੰ ਦੱਸਿਆ, "ਜਦੋਂ ਉਸ ਦੇ ਪਹਿਲੇ ਬੇਟੇ ਨੇ ਜੰਮਣਾ ਸੀ ਤਾਂ ਇਸ ਨੇ ਏਨੀਆਂ ਦਰਦਾਂ ਸਹੀਆਂ ਕਿ ਪੁੱਛੋ ਨਾ। ਅਖ਼ੀਰ ਡਾਕਟਰਾਂ ਨੇ ਇਹ ਵੀ ਕਹਿ ਦਿੱਤਾ ਸੀ ਕਿ ਬੱਚਾ ਬਚਾਇਆ ਨਹੀਂ ਜਾ ਸਕਦਾ। ਇਸ ਦੀ ਜ਼ਿੱਦ ਸੀ ਕਿ ਮੈਂ ਰਹਾਂ ਨਾ ਰਹਾਂ ਪਰ ਬੱਚਾ ਜ਼ਰੂਰ ਬਚਾਉਣਾ ਹੈ। ਲਗਾਤਾਰ ਅਰਦਾਸਾਂ ਬਾਅਦ ਹੀ ਉਹ ਬੱਚਾ ਜੰਮਿਆ ਤੇ ਫੇਰ ਦੋ ਮਹੀਨੇ ਇਹ ਮੰਜੇ 'ਤੇ ਪਈ ਰਹੀ ਪਰ ਬੱਚਾ ਬਚ ਗਿਆ। ਅਜਿਹੀ ਮਾਂ ਲਈ ਵੀ ਪੁੱਤਰ ਨਾ ਬਹੁੜਿਆ ਤਾਂ ਮਾਵਾਂ ਪੁੱਤਰ ਜੰਮਣੇ ਬੰਦ ਕਰ ਦੇਣਗੀਆਂ। ਸਚਮੁੱਚ ਕਲਯੁੱਗ ਆ ਗਿਐ। ਸਾਰੀ ਉਮਰ ਪੁੱਤਰਾਂ ਹੱਥੋਂ ਚਿਤਾ ਨੂੰ ਅੱਗ ਲੁਆਉਣ ਲਈ ਤੜਫਦੀ ਰਹੀ ਪਰ ਬਣ ਗਈ ਲਾਵਾਰਿਸ ਲਾਸ਼! ਮੈਨੂੰ ਅਗਲੇ ਜਨਮ ਵਿਚ ਮਿਲਣ ਦੀ ਗੱਲ ਕਰਦੀ ਸੀ। ਹੁਣ ਕਿਵੇਂ ਦੱਸਾਂ ਕਿ ਏਥੇ ਹੀ ਅਸਲੀ ਨਰਕ ਸੀ। ਸਵਰਗ ਤਾਂ ਹੁਣ ਆਪਣੀ ਸਹੇਲੀ ਹੱਥੋਂ ਹੀ ਜਾਵੇਗੀ। ਮੈਂ ਜ਼ਰੂਰ ਇਸ ਦੀ ਚਿਤਾ ਨੂੰ ਅੱਗ ਲਾਵਾਂਗੀ ਪਰ ਇਸ ਦੀ ਰੂਹ ਦਾ ਕੀ ਕਰਾਂ ਜੋ ਪੁੱਤਰਾਂ ਹੱਥੋਂ ਅਲਵਿਦਾ ਹੋਣਾ ਚਾਹੁੰਦੀ ਸੀ।"

ਅਗਲੇ ਦਿਨ ਇਹ ਖ਼ਬਰ ਅਖ਼ਬਾਰਾਂ ਦੀ ਸੁਰਖ਼ੀ ਵੀ ਬਣੀ ਤੇ ਹਰ ਚੈਨਲ ਉੱਤੇ ਸਾਰਾ ਦਿਨ ਚੱਲਦੀ ਰਹੀ-

"ਕਲਯੁਗੀ ਪੁੱਤਰਾਂ ਨੇ ਕੋਰੋਨਾ ਤੋਂ ਡਰਦਿਆਂ ਮਾਂ ਦੀ ਲਾਸ਼ ਲੈਣ ਤੋਂ ਕੀਤੀ ਨਾ। ਲਾਵਾਰਿਸ ਲਾਸ਼ ਬਣ ਕੇ ਰਹਿ ਗਈ ਇਕ ਰੱਜੇ ਪੁੱਜੇ ਘਰ ਦੀ ਮਾਂ।"

---

### ਕੌਮਾਂਤਰੀ ਰੈੱਡ ਕਰਾਸ ਦਿਵਸ - 8 ਮਈ

# ਮਾਨਵਤਾ ਨੂੰ ਸਮਰਪਿਤ ਸੰਸਥਾ ਰੈੱਡ ਕਰਾਸ



- ਗੋਬਿੰਦਰ ਸਿੰਘ ਢੀਂਡਸਾ

ਮਾਨਵਤਾ ਨੂੰ ਸਮਰਪਿਤ ਸੰਸਥਾਵਾਂ ਦਾ ਜ਼ਿਕਰ ਹੁੰਦਿਆਂ ਰੈੱਡ ਕਰਾਸ ਦਾ ਨਾਮ ਆਪ ਮੁਹਾਰੇ ਜ਼ੁਬਾਨ ਤੇ ਆ ਜਾਂਦਾ ਹੈ। ਸਵਿਟਜ਼ਰਲੈਂਡ ਦੇ ਉੱਦਮੀ, ਰੈੱਡ ਕਰਾਸ ਦੇ ਸੰਸਥਾਪਕ ਅਤੇ 1901 ਵਿੱਚ ਵਿਸ਼ਵ ਸ਼ਾਂਤੀ ਦੇ ਲਈ ਪਹਿਲੇ ਨੋਬਲ ਪੁਰਸਕਾਰ ਜੇਤੂ ਜੀਨ ਹੇਨਰੀ ਡਿਊਨੈਂਟ ਦੇ ਜਨਮ ਦਿਨ ਤੇ ਹਰ ਸਾਲ 8 ਮਈ ਨੂੰ ਕੌਮਾਂਤਰੀ ਰੈੱਡ ਕਰਾਸ ਦਿਵਸ ਮਨਾਇਆ ਜਾਂਦਾ ਹੈ। ਰੈੱਡ ਕਰਾਸ ਆਪਣੀ ਕਾਰਜਸ਼ੈਲੀ ਦੌਰਾਨ ਮੁੱਖ ਸੱਤ ਸਿਧਾਂਤਾਂ ਮਨੁੱਖਤਾ, ਸਮਦਰਸ਼ਤਾ, ਨਿਰਪੱਖਤਾ, ਆਜ਼ਾਦੀ, ਵਲੰਟਰੀ ਸੇਵਾ, ਏਕਤਾ ਅਤੇ ਸਰਵ ਵਿਆਪਕਤਾ ਦੇ ਨਿਰੰਤਰ ਪਹਿਰਾ ਦਿੰਦਾ ਆ ਰਿਹਾ ਹੈ। ਇੰਟਰਨੈਸ਼ਨਲ ਕਮੇਟੀ ਆੱਫ਼ ਦ ਰੈੱਡ ਕਰਾਸ (ਆਈ.ਸੀ.ਆਰ.ਸੀ.) ਦੀ ਸਥਾਪਨਾ 1863 ਵਿੱਚ ਹੋਈ ਅਤੇ ਇਹ ਸੰਸਥਾ ਯੁੱਧ ਪੀੜਤ ਲੋਕਾਂ, ਸੈਨਿਕਾਂ ਅਤੇ ਯੁੱਧ ਬੰਦੀਆਂ ਲਈ ਕੰਮ ਕਰਦੀ ਰਹੀ ਹੈ। ਰੈੱਡ ਕਰਾਸ ਉਹਨਾਂ ਕਾਨੂੰਨਾਂ ਨੂੰ ਉਤਸ਼ਾਹਿਤ ਕਰਦੀ ਹੈ ਜਿਸ ਨਾਲ ਯੁੱਧ ਪੀੜਤਾਂ ਦੀ ਸੁਰੱਖਿਆ ਹੋ ਸਕੇ। ਰੈੱਡ ਕਰਾਸ ਦਾ ਮੁੱਖ ਦਫ਼ਤਰ ਜਿਨੇਵਾ (ਸਵਿਟਜ਼ਰਲੈਂਡ) ਵਿਖੇ ਹੈ। ਰੈੱਡ ਕਰਾਸ ਦਾ ਮੁੱਖ ਉਦੇਸ਼ ਜਿਥੇ ਜੰਗ ਸਮੇਂ ਫੱਟੜ ਹੋਏ ਸੈਨਿਕਾਂ ਦੀ ਸੇਵਾ-ਸੰਭਾਲ ਕਰਨਾ ਹੈ, ਉਥੇ ਆਫਤਾਂ, ਹੜਾਂ, ਸੋਕੇ, ਭੁਚਾਲ ਅਤੇ ਬੀਮਾਰੀਆਂ ਆਦਿ ਤੋਂ ਪੀੜਤ ਲੋਕਾਂ ਦੀ ਅੱਗੇ ਹੋ ਕੇ ਬਿਨਾਂ ਕਿਸੇ ਵਿਤਕਰੇ ਤੋਂ ਸੇਵਾ ਕਰਨਾ ਹੈ।

ਸੰਸਾਰ ਦੇ ਤਕਰੀਬਨ ਹਰ ਦੇਸ਼ ਵਿੱਚ ਰੈੱਡ ਕਰਾਸ-ਰੈੱਡ ਕਰੀਸੈਂਟ ਸੰਸਥਾਵਾਂ ਮਨੁੱਖਤਾ ਦੀ ਭਲਾਈ ਹਿੱਤ ਕੰਮ ਕਰ ਰਹੀਆਂ ਹਨ। ਭਾਰਤ ਸਰਕਾਰ ਦੇ ਪਾਰਲੀਮੈਂਟ ਐਕਟ 15 ਅਧੀਨ ਸਾਲ 1920 ਵਿੱਚ ਭਾਰਤੀ ਰੈੱਡ ਕਰਾਸ ਸੋਸਾਇਟੀ ਦਾ ਗਠਨ ਕੀਤਾ ਗਿਆ। ਸਾਲ 1994 ਵਿੱਚ ਬਣਾਏ ਨਿਯਮਾਂ ਅਨੁਸਾਰ ਭਾਰਤੀ ਰੈੱਡ ਕਰਾਸ ਸੋਸਾਇਟੀ ਦੇ ਪ੍ਰਧਾਨ ਰਾਸ਼ਟਰਪਤੀ ਅਤੇ ਚੇਅਰਮੈਨ ਕੇਂਦਰੀ ਸਿਹਤ ਮੰਤਰੀ ਨੂੰ ਬਣਾਇਆ ਗਿਆ। ਰੈੱਡ ਕਰਾਸ ਦੇ ਨਿਸ਼ਾਨ ਦੀ ਗਲਤ ਵਰਤੋਂ ਕਰਨ ਤੇ ਜ਼ੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਉਸ ਵਿਅਕਤੀ ਦੀ ਸੰਪੱਤੀ ਵੀ ਜ਼ਬਤ ਕੀਤੀ ਜਾ ਸਕਦੀ ਹੈ।

ਪੰਜ ਪਾਣੀਆਂ ਦੀ ਧਰਤੀ ਪੰਜਾਬ ਦੇ ਇਤਿਹਾਸ ਵਿੱਚ ਭਾਈ ਘਨਈਆ ਜੀ ਨੇ ਆਨੰਦਪੁਰ ਸਾਹਿਬ ਦੀ ਧਰਤੀ ਉੱਤੇ ਬਿਨਾਂ ਕਿਸੇ ਭੇਦਭਾਵ ਤੋਂ ਜ਼ਖਮੀਆਂ ਨੂੰ ਪਾਣੀ ਪਿਲਾ ਅਤੇ ਮਰਹਮ ਪੱਟੀਆਂ ਕਰ ਕੇ ਅਜਿਹੀ ਹੀ ਮਾਨਵਤਾ ਦੀ ਸੇਵਾ ਦੀ ਉੱਚ ਸੋਚ ਦੀ ਪਿਊਂਦ ਲਗਾਈ ਜਿਸ ਦਾ ਝੰਡਾ ਰੈੱਡ ਕਰਾਸ ਨੇ ਚੁੱਕਿਆ ਹੋਇਆ ਹੈ। ਇਹ ਕੋਈ ਅੱਤਕੱਥਨੀ ਨਹੀਂ ਕਿ ਪੰਜਾਬ ਵਿੱਚ ਭਾਈ ਘੱਨਈਆ ਜੀ ਨੇ ਰੈੱਡ ਕਰਾਸ ਦੀ ਵਿਚਾਰਧਾਰਾ ਨੂੰ ਪਹਿਲਾਂ ਹੀ ਜਨਮ ਦੇ ਦਿੱਤਾ ਸੀ ਅਤੇ ਮਨੁੱਖਤਾ ਦੀ ਪੁੱਜ ਕੇ ਸੇਵਾ ਕੀਤੀ। ਇਸ ਲਈ ਪੰਜਾਬ ਵਿੱਚ ਭਾਈ ਘਨਈਆ ਜੀ ਨੂੰ ਵੀ ਰੈੱਡ ਕਰਾਸ ਦੇ ਪਹਿਲੇ ਪਰਿਵਰਤਕ ਦੇ ਤੌਰ ਉੱਤੇ ਯਾਦ ਕੀਤਾ ਜਾਂਦਾ ਹੈ। ਸਾਲ 1937 ਵਿੱਚ ਰੈੱਡ ਕਰਾਸ ਸੰਸਥਾ ਦੁਆਰਾ ਵਿਸ਼ਵ ਦਾ ਪਹਿਲਾ ਬਲੱਡ ਬੈਂਕ ਅਮਰੀਕਾ ਵਿੱਚ ਖੋਲਿਆ ਗਿਆ ਅਤੇ ਭਾਰਤ ਵਿੱਚ 1942 ਵਿੱਚ ਕਲਕੱਤੇ ਦੇ ਆਲ ਇੰਡੀਆ ਇੰਸਟੀਚਿਊਟ ਆੱਫ਼ ਹਾਈਜੀਨ ਐਂਡ ਪਬਲਿਕ ਹੈਲਥ ਦੇ ਅਧੀਨ ਭਾਰਤੀ ਰੈੱਡ ਕਰਾਸ ਸੋਸਾਇਟੀ ਦੁਆਰਾ ਪਹਿਲਾ ਬਲੱਡ ਬੈਂਕ ਸਥਾਪਿਤ ਕੀਤਾ ਗਿਆ। ਸਾਲ 1977 ਵਿੱਚ ਭਾਰਤੀ ਰੈੱਡ ਕਰਾਸ ਸੋਸਾਇਟੀ ਹੈੱਡਕੁਆਟਰ ਦੁਆਰਾ ਸਿੱਧੇ ਤੌਰ ਤੇ ਬਲੱਡ ਬੈਂਕਾਂ ਦਾ ਸੰਚਾਲਨ ਕੀਤਾ ਜਾਣ ਲੱਗਾ ਅਤੇ ਇਸਦੇ ਤਹਿਤ ਵੱਖੋ ਵੱਖਰੇ ਰਾਜਾਂ ਵਿੱਚ ਇਸਦੀਆਂ ਸ਼ਾਖਾਵਾਂ ਸਥਾਪਿਤ ਕੀਤੀਆਂ ਗਈਆਂ।

ਰੈੱਡ ਕਰਾਸ ਨੇ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਸਮੇਂ ਆਪਣੀ ਅਹਿਮ ਭੂਮਿਕਾ ਨਿਭਾਉਂਦੇ ਹੋਏ ਜ਼ਖ਼ਮੀ ਸੈਨਿਕਾਂ ਅਤੇ ਨਾਗਰਿਕਾਂ ਦੀ ਸਹਾਇਤਾ ਕੀਤੀ। ਰੈੱਡ ਕਰਾਸ ਦੇ ਸਾਰਥਕ ਕਾਰਜਾਂ ਕਰਕੇ ਹੀ ਸਾਲ 1917 ਦਾ ਸ਼ਾਂਤੀ ਨੋਬਲ ਪੁਰਸਕਾਰ ਰੈੱਡ ਕਰਾਸ ਨੂੰ ਦਿੱਤਾ ਗਿਆ। ਇਸ ਤੋਂ ਇਲਾਵਾ ਰੈੱਡ ਕਰਾਸ ਨੂੰ 1944 ਅਤੇ 1963 ਵਿੱਚ ਵੀ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਮੌਜੂਦਾ ਸਮੇਂ ਸੰਸਾਰ ਕੋਰੋਨਾ ਵਾਇਰਸ (ਕੋਵਿਡ-19) ਮਹਾਂਮਾਰੀ ਨਾਲ ਜੂਝ ਰਿਹਾ ਹੈ ਅਤੇ ਮਾਨਵਤਾ ਦੀ ਸੇਵਾ ਵਿੱਚ ਰੈੱਡ ਕਰਾਸ ਅਤੇ ਉਸਦੇ ਵਲੰਟੀਅਰ ਆਪਣੀ ਅਹਿਮ ਭੂਮਿਕਾ ਨਿਭਾ ਰਹੇ ਹਨ।

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਸਿੱਖਿਆ-ਤੰਤਰ

- ਐਡਵੋਕੇਟ ਸੁਖਬੀਰ ਸਿੰਘ ਪੰਨਵਾਂ*

ਸਿੱਖਿਆ ਮਨੁੱਖੀ ਵਿਕਾਸ ਦਾ ਸਾਧਨ ਹੈ। ਸਿੱਖਿਆ ਸਮਾਜ ਦੀ ਉਸਾਰੀ ਦਾ ਮੁੱਢਲਾ ਪ੍ਰਬੰਧ ਹੈ। ਸਿੱਖਿਆ ਸਾਡੇ ਆਲੇ-ਦੁਆਲੇ ਲਈ ਸੇਧਾਂ ਪ੍ਰਦਾਨ ਕਰਦੀ ਹੈ ਜਿਸ ਕਰਕੇ ਹੀ ਸਮਾਜ ਇਸ ਯੋਗ ਹੋ ਸਕਦਾ ਹੈ ਕਿ ਉਹ ਪ੍ਰਗਤੀ ਕਰ ਸਕੇ। ਜ਼ਿੰਦਗੀ ਵਿਚਲੇ ਉਤਰਾਅ-ਚੜ੍ਹਾਅ, ਦੁੱਖ-ਸੁੱਖ, ਉੱਚੇ-ਨੀਵੇਂ ਤੇ ਬੁਰੇ-ਭਲੇ ਦੀ ਪਛਾਣ ਕਰਨ ਲਈ ਬੌਧਿਕ ਪੱਧਰ ਹਾਸਲ ਕਰ ਸਕੇ। ਸਿੱਖਿਆ ਹੀ ਮਨੁੱਖੀ ਆਚਰਣ ਦਾ ਮੁੱਢ ਹੈ ਜਿਸ ਨਾਲ ਸਮਾਜ ਦਾ ਉਸਾਰੂ ਤੇ ਵਾਸਤਵਿਕ ਚਿਹਰਾ-ਮੋਹਰਾ ਬਣਦਾ ਹੈ। ਸਿੱਖਿਆ ਰਾਹੀਂ ਹੀ ਮਨੁੱਖ ਜ਼ਿੰਦਗੀ ਦੇ ਸੱਚ ਨੂੰ ਭਾਲ ਅਤੇ ਪ੍ਰਾਪਤ ਕਰ ਸਕਦਾ ਹੈ। ਅਸਲ ਸੱਚ ਕੀ ਹੈ, ਇਸ ਨੂੰ ਜਾਣਨ ਲਈ ਗਿਆਨ ਦਾ ਇੱਕ ਪੱਧਰ ਤੇ ਪੈਮਾਨਾ ਹੁੰਦਾ ਹੈ। ਉਸ ਤਕ ਪੁੱਜਣ ਲਈ ਸਿੱਖਿਆ ਹੀ ਸਹਾਇਕ ਹੋ ਸਕਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ-ਕਾਲ ਵਿਚ ਸੱਚ ਨੂੰ ਲੱਭ ਕੇ ਲੋਕਾਂ ਤਕ ਲਿਆਂਦਾ, ਪ੍ਰਚਾਰਿਆ ਅਤੇ ਪਸਾਰਿਆ। ਸੱਚ ਦੀ ਭਾਲ ਸਿੱਖਿਆ ਬਿਨਾਂ ਸੰਭਵ ਨਹੀਂ, ਗਿਆਨ ਹੀ ਸਭ ਉਤਪਤੀ ਤੇ ਸ੍ਰਿਸ਼ਟੀ ਦਾ ਮੂਲ ਹੈ। ਗਿਆਨ ਹੀ ਪਰਮਾਤਮਾ ਨਾਲ ਮੇਲ ਕਰਵਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅੰਦਰ ਵਿੱਦਿਆ, ਗਿਆਨ ਜਾਂ ਸਿੱਖਿਆ ਸ਼ਬਦਾਂ ਰਾਹੀਂ ਸਿੱਖਿਆ ਤੰਤਰ ਨੂੰ ਸਮਝਣ-ਸਮਝਾਉਣ ਦਾ ਵਿਚਾਰ ਦਿੱਤਾ ਗਿਆ ਹੈ। ਸ੍ਰੀ ਗੁਰੂ ਨਾਨਕ ਬਾਣੀ ਅਨੁਸਾਰ ਸਿੱਖਿਆ ਰਾਹੀਂ ਮਨੁੱਖ ਸਭਿਅਕ ਅਤੇ ਗੁਣਵਾਨ ਹੁੰਦਾ ਹੈ। ਸੱਭਿਆਚਾਰਕ ਤੇ ਮੁੱਢਲੀ ਜੀਵਨ-ਜਾਚ ਵਾਲਾ ਬਣ ਸਕਦਾ ਹੈ। ਗੁਰਮਤਿ ਵਿਚ ਸਿੱਖਣ ਦੀ ਪ੍ਰਕਿਰਿਆ ਪੈਂਤੀ (ਵਰਣਮਾਲਾ) ਪੜ੍ਹਨ ਨਾਲ ਹੀ ਸ਼ੁਰੂ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਪਟੀ' ਬਾਣੀ ਰਚੀ ਜਿਸ ਵਿਚ ਅੱਖਰਵਾਰ ਗਿਆਨ ਦਾ ਖ਼ਜ਼ਾਨਾ ਬਖ਼ਸ਼ਿਆ ਗਿਆ ਹੈ। ਇਸ ਬਾਣੀ ਅੰਦਰ ਆਪ ਜੀ ਸੰਕੇਤ ਕਰਦੇ ਹਨ। ਅਸਲ ਤੇ ਵਿਹਾਰਕ ਸਿੱਖਿਆ ਉਹੀ ਹੈ ਤੇ ਉਹੀ ਮਨੁੱਖ ਵਿਦਵਾਨ ਹੈ ਜੋ ਗੁਰੂ ਦੀ ਸ਼ਰਨ ਪੈ ਕੇ ਆਪਣੀ ਵਿੱਦਿਆ ਰਾਹੀਂ ਪ੍ਰਭੂ ਨੂੰ ਸਮਝ ਲੈਂਦਾ ਹੈ। ਅਜਿਹਾ ਮਨੁੱਖ ਜੀਵਨ ਰਾਹ ਤੋਂ ਭਟਕਦਾ ਨਹੀਂ। ਉਸ ਮਨੁੱਖ ਨੂੰ ਵਿਕਾਰ ਤੰਗ ਨਹੀਂ ਕਰਦੇ :

ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੩੨)

ਆਓ, ਸਭ ਤੋਂ ਪਹਿਲਾਂ ਸਿੱਖਿਆ ਦੇ ਅਰਥਾਂ ਨੂੰ ਸਮਝੀਏ! ਸਿੱਖਿਆ ਦੇ ਸਮਾਨਾਰਥੀ ਓਦੁਚਓਟੋਨਿ ਸ਼ਬਦ ਸੰਬੰਧੀ ਕਿਆਸ ਹੈ ਕਿ ਇਹ ਲਾਤੀਨੀ ਭਾਸ਼ਾ 'ਐਜੁਕੇਅਰ' ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ- ੨ਬਾਹਰ ਕੱਢਣਾ ਜਾਂ ਜਨਮ ਦੇਣਾ।"

੧. ਲੇਖਕ ਵਾਰੋ ਅਨੁਸਾਰ- ੨ਦਾਈ ਜਨਮ ਦਿੰਦੀ ਹੈ, ਨਰਸ ਪਾਲਦੀ ਹੈ, ਸਿੱਖਿਅਕ ਸਿਖਲਾਈ ਦਿੰਦਾ ਹੈ ਅਤੇ ਅਧਿਆਪਕ ਪੜ੍ਹਾਉਂਦਾ ਹੈ ।"

੨. ਰਬਿੰਦਰ ਨਾਥ ਟੈਗੋਰ ਅਨੁਸਾਰ- ੨ਸਿੱਖਿਆ ਮਨੁੱਖ ਦੀ ਸਦੀਵੀ ਸਚਾਈ ਦੀ ਭਾਲ ਵਿਚ ਸਹਾਇਤਾ ਹੈ।"

ਸਿੱਖਿਆ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ ਸ਼ਬਦ 'ਸ਼ਿਸ਼' ਤੋਂ ਹੋਈ ਮੰਨੀ ਜਾਂਦੀ ਹੈ ਜਿਸ ਦਾ ਅਰਥ ਹੈ- 'ਪੜ੍ਹਾਉਣਾ' ਭਾਵ ਜੋ ਵਿਅਕਤੀ ਨਹੀਂ ਹੈ ਉਹ ਬਣਾਉਣਾ। ਇੰਝ ਅਸੀਂ ਕਹਿ ਸਕਦੇ ਹਾਂ ਕਿ ਸਿੱਖਿਆ ਇੱਕ ਸੇਧ ਹੈ, ਉਸਾਰੀ ਹੈ, ਸਿੱਖਿਆ ਮੁਕਤੀ ਹੈ, ਸਿੱਖਿਆ ਸਿੱਖਣਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੈਰੋਕਾਰਾਂ ਨੂੰ ਸਿੱਖ ਬਣਾਇਆ, ਜਿਸ ਤੋਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਮੁੱਖ ਪ੍ਰਯੋਜਨ ਲੋਕਾਈ ਨੂੰ ਸਿੱਖਿਆ, ਗਿਆਨ ਜਾਂ ਵਿੱਦਿਆ ਨਾਲ ਜੋੜਨਾ ਸੀ ਤਾਂ ਜੋ ਘੋਰ ਅੰਧਕਾਰ, ਅਗਿਆਨ ਵਿਚ ਫਸੇ ਲੋਕ ਇਸ ਭਿਆਨਕ ਵਰਤਾਰੇ ਤੋਂ ਨਿਜ਼ਾਤ ਪਾ ਸਕਣ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਸਿੱਖਿਆ ਆਲੇ-ਦੁਆਲੇ ਦੀ ਉਸਾਰੀ ਹੈ। ਸਿੱਖਿਆ ਚਰਿੱਤਰ ਦੀ ਉਸਾਰੀ ਦਾ ਸਾਧਨ ਹੈ। ਸਿੱਖਿਆ ਗੁਰੂ ਦੀ ਵਿਚਾਰ ਨਾਲ ਮਿਲਦੀ ਹੈ। ਗੁਰੂ ਦੀ ਮੱਤ ਦੁਆਰਾ ਜੋ ਸਿੱਖ ਲੈਂਦੇ ਹਨ ਉਹ ਪ੍ਰਵਾਨ ਚੜ੍ਹਦੇ ਹਨ। ਅਸਲ ਸਿੱਖਿਆ ਪ੍ਰਭੂ-ਪਰਮਾਤਮਾ ਦੀ ਮਿਹਰ ਪ੍ਰਾਪਤ ਕਰਨਾ ਹੈ:

ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੫)

ਗਿਆਨਵਾਨ ਹੋ ਕੇ ਹੀ ਸਮਾਜਿਕ ਪ੍ਰਾਣੀ ਦਾ ਚਰਿੱਤਰ ਨਿਰਮਾਣ ਹੋ ਸਕਦਾ ਹੈ। ਕੋਈ ਵੀ ਵਿਅਕਤੀ ਸੁਚੱਜੀ ਜੀਵਨ-ਜਾਚ ਗਿਆਨ ਰਾਹੀਂ ਹੀ ਹਾਸਲ ਕਰ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਗੁਰ-ਗਿਆਨ ਦੀ ਪ੍ਰਾਪਤੀ ਸ਼ਬਦ ਰਾਹੀਂ ਹੀ ਹੋ ਸਕਦੀ ਹੈ। ਸਿਧ ਗੋਸਟਿ ਬਾਣੀ ਅੰਦਰ ਆਪ ਜੀ ਨੂੰ ਸਿਧ ਸਵਾਲ ਕਰਦੇ ਹਨ ਕਿ- ਜੀਵਨ ਦਾ ਮੂਲ ਕੀ ਹੈ? ਕਿਹੜੀ ਸਿੱਖਿਆ ਲੈਣ ਦਾ ਸਮਾਂ ਹੈ? ਤੇਰਾ ਗੁਰੂ ਕੌਣ ਹੈ ਤੇ ਤੂੰ ਕਿਸ ਦਾ ਚੇਲਾ ਹੈਂ? ਪੰਕਤੀਆਂ ਹਨ :

ਕਵਣ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੨)

ਆਪ ਜੀ ਸਨਿਮਰ ਜਵਾਬ ਦਿੰਦੇ ਹੋਏ ਸਪੱਸ਼ਟ ਕਰਦੇ ਹਨ ਕਿ ਹਵਾ ਹਸਤੀ ਦਾ ਮੁੱਢ ਹੈ, ਮਨੁੱਖਾ ਜਨਮ ਸਤਿਗੁਰ ਦੀ ਸਿੱਖਿਆ ਲੈਣ ਦਾ ਸਮਾਂ ਹੈ। ਸ਼ਬਦ ਮੇਰਾ ਗੁਰੂ ਹੈ ਤੇ ਮੇਰੀ ਸੁਰਤ ਦਾ ਟਿਕਾਉ ਗੁਰੂ ਦਾ ਸਿੱਖ ਹੈ। ਇੰਝ ਸਪੱਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ 'ਸ਼ਬਦ' ਹੈ। ਸਿੱਖ ਨੇ ਸੁਰਤ ਦੇ ਟਿਕਾਅ ਰਾਹੀਂ ਸ਼ਬਦ ਗੁਰੂ ਤੋਂ ਸਿੱਖਣਾ ਹੈ:

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੩)

ਸ਼ਬਦ ਗੁਰੂ ਹੋਣ ਕਾਰਨ ਗੁਰਮਤਿ ਅੰਦਰ ਵਿੱਦਿਆ ਦੀ ਮਹਾਨਤਾ ਮੁੱਢਕਦੀਮੋਂ ਹੀ ਬੱਝੀ ਹੋਈ ਹੈ। ਸ਼ਬਦ ਦਾ ਗੁਰੂ ਹੋਣਾ ਹੀ ਸਿੱਖ ਦਾ ਗਿਆਨ ਦਾ ਪੁਜਾਰੀ ਹੋਣਾ ਦਰਸਾਉਂਦਾ ਹੈ। ਅੱਗੇ ਜਾ ਕੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਗੁਰਮੁਖੀ ਲਿਪੀ ਦੇ ਕੇ ਸਮਾਜ ਨੂੰ ਸੌਖੀ, ਸਰਲ ਅਤੇ ਆਪਣੀ ਭਾਸ਼ਾ ਵਿਚ ਮਜ਼ਬੂਤ ਸਿੱਖਿਆ-ਤੰਤਰ ਦਾ ਚਲਣ ਪੈਦਾ ਕਰ ਦਿੱਤਾ। ਗੁਰਮਤਿ ਅੰਦਰ ਸਭ ਤੋਂ ਵੱਡੀ ਮਹਾਨਤਾ ਸ਼ਬਦ ਦੀ ਹੈ। ਸ਼ਬਦ ਦੀ ਸਿੱਖਿਆ ਬਿਨਾਂ ਵਿਕਾਸ ਨਾ ਦੇ ਬਰਾਬਰ ਹੈ। ਪੁਰਾਤਨ ਸਮੇਂ ਵਿਚ ਸਿੱਖਿਆ ਸਿਰਫ਼ ਉੱਚ ਜਾਤੀ ਦੇ ਲੋਕਾਂ ਤਕ ਸੀਮਤ ਸੀ ਤੇ ਇਹ ਆਮ ਬੋਲ-ਚਾਲ ਦੀ ਭਾਸ਼ਾ ਵਿਚ ਨਾ ਹੋਣ ਕਰਕੇ ਬਹੁਤ ਘੱਟ ਲੋਕਾਂ ਦੀ ਪਹੁੰਚ ਵਿਚ ਸੀ। ਸ਼ਬਦ ਦੀ ਮਹਾਨਤਾ ਸੰਬੰਧੀ ਭਾਈ ਗੁਰਦਾਸ ਜੀ ਇਸ ਪ੍ਰਕਾਰ ਉਲੇਖ ਕਰਦੇ ਹਨ ਕਿ ਜਿੰਨਾ ਪੁੰਨ ਸੋਨੇ ਦੇ ਸੱਤ ਮੰਦਰ ਉਸਾਰ ਦੇਣ ਦਾ ਮਿਲਦਾ ਹੈ ਇਸੇ ਤਰ੍ਹਾਂ ਇੰਨਾ ਪੁੰਨ ਇੱਕ ਸ਼ਬਦ ਸਿਖਾਉਣ ਦੇ ਤੁਲ ਹੈ :

ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥ (ਕਬਿੱਤ ਸਵੱਯੇ, ੬੭੩)

ਮਨੁੱਖੀ ਗਿਆਨ ਕੇਵਲ ਗਿਆਨ ਦੀ ਪ੍ਰਾਪਤੀ ਜਾਂ ਉੱਚ ਵਿੱਦਿਆ ਹਾਸਲ ਕਰ ਕੇ ਹੀ ਨਹੀਂ ਹੁੰਦਾ, ਸਗੋਂ ਗਿਆਨ ਦੀ ਵਰਤੋਂ ਸੂਝ-ਬੂਝ ਨਾਲ ਕਰ ਕੇ ਆਲੇ-ਦੁਆਲੇ ਵਾਪਰ ਰਹੀਆਂ ਸਮੱਸਿਆਵਾਂ ਤੋਂ ਨਿਜ਼ਾਤ ਪਾਉਣ ਦਾ ਸਾਧਨ ਬਣਦਾ ਹੈ। ਜਦੋਂ ਇਕ ਅਨਪੜ੍ਹ ਵਿਅਕਤੀ ਵੀ ਸਾਰੀ ਉਮਰ ਤਜ਼ਰਬੇ ਜੋੜਦਾ ਹੈ ਤਾਂ ਅੰਤ ਜ਼ਿੰਦਗੀ ਵਿਚ ਉਸ ਕੋਲ ਵੀ ਸਿੱਖਿਆ ਦਾ ਭੰਡਾਰ ਬਣ ਜਾਂਦਾ ਹੈ। ਅਸੀਂ ਜ਼ਿੰਦਗੀ ਦੇ ਹਰੇਕ ਦਿਨ ਹਰ ਛੋਟੀ-ਵੱਡੀ ਘਟਨਾ ਤੋਂ ਸਿੱਖਦੇ ਹਾਂ। ਸ੍ਰੀ ਗੁਰ ਨਾਨਕ ਦੇਵ ਜੀ ਨੇ ਸਿੱਖਿਆ ਨੂੰ ਵਿਵਹਾਰਿਕ ਰੂਪ ਵਿਚ ਪ੍ਰਵਾਨ ਕੀਤਾ ਹੈ। ਸਿਰਫ਼ ਅੱਖਰੀ ਗਿਆਨ ਸਾਨੂੰ ਮਹਾਨ ਨਹੀਂ ਬਣਾਉਂਦਾ, ਸਗੋਂ ਜ਼ਿੰਦਗੀ ਵਿਚ ਜੋ ਸਿੱਖਿਆ ਉਸ ਦਾ ਅੱਖਰ-ਅੱਖਰ ਵਿਵਹਾਰਿਕ ਰੂਪ ਵਿਚ ਕਮਾਉਣਾ ਹੀ ਸਹੀ ਅਰਥਾਂ ਵਿਚ ਸਿੱਖਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵਿਵਹਾਰਿਕ ਸਿੱਖਿਆ ਉੱਤੇ ਜ਼ੋਰ ਦਿੰਦੇ ਹੋਏ ਸਮਝਾਉਂਦੇ ਹਨ ਕਿ ਹਿਰਨ, ਬਾਜ਼ ਅਤੇ ਅਹਿਲਕਾਰ (ਅਫ਼ਸਰ) ਨੂੰ ਸਮਾਜ ਤੇਜ਼-ਤਰਾਰ ਜਾਂ ਪੜ੍ਹਿਆ ਹੋਇਆ ਮੰਨਦੇ ਹਨ, ਪ੍ਰੰਤੂ ਉਹ ਆਪਣੇ ਹੀ ਭਰਾਵਾਂ ਨੂੰ ਫਸਾ ਦਿੰਦੇ ਹਨ ਜਾਂ ਉਨ੍ਹਾਂ ਦਾ ਹੀ ਨੁਕਸਾਨ ਕਰ ਦਿੰਦੇ ਹਨ। ਪਰਮਾਤਮਾ ਦੀ ਹਜ਼ੂਰੀ ਵਿਚ ਅਜਿਹੇ ਪੜ੍ਹੇ-ਲਿਖੇ ਪ੍ਰਵਾਨ ਨਹੀਂ ਹਨ। ਜਿਸ ਨੇ ਸਿਰਫ਼ ਅੱਖਰੀ ਗਿਆਨ ਹੀ ਪ੍ਰਾਪਤ ਕੀਤਾ ਹੈ, ਪਰ ਪਰਮਾਤਮਾ ਦੇ ਨਾਮ ਦੀ ਕਮਾਈ ਨਹੀਂ ਕੀਤੀ, ਉਨ੍ਹਾਂ ਨੂੰ ਸਿਆਣਾ ਨਹੀਂ ਮੰਨਿਆ ਜਾ ਸਕਦਾ। ਗਿਆਨਵਾਨ ਵਿਦਵਾਨ ਪੰਡਿਤ ਉਹੀ ਹੈ ਜੋ ਨਾਮ ਦੀ ਕਮਾਈ ਕਰੇ। ਵਿਵਹਾਰਿਕ ਜ਼ਿੰਦਗੀ ਵਿਚ ਵੀ ਵਿਚਾਰਾਂ ਨੂੰ ਕਮਾਵੇ। ਉਸ ਦੇ ਅੰਦਰ ਗਿਆਨ ਦੀ ਚਿਣਗ ਭਾਵ ਜੜ੍ਹ ਲੱਗੀ ਹੋਵੇ। 'ਸੁਖਦਾਈ ਵਿੱਦਿਆ' ਉਦੋਂ ਹੀ ਹੋ ਸਕਦੀ ਹੈ ਜਦੋਂ ਅਸੀਂ ਅੰਦਰੋਂ ਵੀ ਗਿਆਨ ਨੂੰ ਧਾਰਨ ਕਰੀਏ ਤੇ ਬਾਹਰੀ ਕਰਮ ਵੀ ਉਸੇ ਪ੍ਰਕਾਰ ਦੇ ਹੋਣ : ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜਿਆ ਨਾਉ॥

ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥
ਸੋ ਪੜਿਆ ਸੋ ਪੰਡਿਤੁ ਬੀਨਾ ਜਿਨੀ ਕਮਾਣਾ ਨਾਉ॥
ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੮੮)

ਰਬਿੰਦਰ ਨਾਥ ਟੈਗੋਰ ਅਨੁਸਾਰ- ੨ਅਸੀਂ ਕੇਵਲ ਪਿੰਜਰੇ ਵਾਂਗ ਸਰੀਰ ਸਜਾਉਂਦੇ ਹਾਂ, ਪਰ ਇਸ ਵਿਚ ਰਹਿਣ ਵਾਲੇ ਪੰਛੀ ਜਾਂ ਆਤਮਾ ਨੂੰ ਭੁੱਖਾ ਮਾਰਿਆ ਹੈ।" ਭਾਵ ਅਸੀਂ ਆਤਮਾ ਅਤੇ ਪਰਮਾਤਮਾ ਰਹਿਤ ਹੋ ਗਏ ਹਾਂ।ਸਿੱਖਿਆ ਦੀ ਵਿਵਹਾਰਿਕ ਕਮੀ ਕਾਰਨ ਹੀ ਧੋਖਾ-ਧੜੀਆਂ, ਹੇਰਾ-ਫੇਰੀਆਂ, ਹਮਲੇ, ਮੁਸੀਬਤਾਂ, ਲਾਲਚ ਅਤੇ ਨਫ਼ਰਤ ਆਦਿ ਬੁਰਾਈਆਂ ਵਧ ਗਈਆਂ ਹਨ। ਸਿਰਫ਼ ਸਿੱਖਿਆ ਨੂੰ ਹਾਸਲ ਕਰਨਾ ਹੀ ਮਨੋਰਥ ਨਹੀਂ ਹੋਣਾ ਚਾਹੀਦਾ, ਸਗੋਂ ਪੂਰਨ ਸਿੱਖਿਆ ਸਾਨੂੰ ਬੌਧਿਕ ਵਿਕਾਸ ਦੇ ਨਾਲ-ਨਾਲ ਉੱਚਾ-ਸੁੱਚਾ ਜੀਵਨ ਪ੍ਰਦਾਨ ਕਰਦੀ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਪੜ੍ਹਨ, ਉਸ ਨੂੰ ਬੁਝਣ ਭਾਵ ਮੰਨਣ ਦੀ ਪ੍ਰਕਿਰਿਆ ਨੂੰ ਅਪਣਾਵਾਂਗੇ। ਪੜ੍ਹਣ ਨਾਲ ਭੇਤ ਸਮਝ ਨਹੀਂ ਆਉਂਦਾ। ਮੱਤ ਉੱਚੀ ਕਰ ਕੇ ਹੀ ਸਮਝ ਪੈਂਦੀ ਹੈ। ਬਾਹਰੀ ਭੇਖ ਕਰਕੇ ਦਾਰਸ਼ਨਿਕ ਨਹੀਂ ਕਹਾਇਆ ਜਾ ਸਕਦਾ। ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ :

ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੮)

ਜ਼ਿੰਦਗੀ ਦੇ ਸੱਚ ਦਾ ਭੇਦ ਅਸੀਂ ਸਿੱਖਿਆ ਦੀ ਕਮਾਈ ਨਾਲ ਹੀ ਪ੍ਰਾਪਤ ਕਰ ਸਕਦੇ ਹਾਂ। ਕੇਵਲ ਕਿਰਤੀ ਹੁਨਰ ਹੀ ਸਿੱਖਿਆ ਨਹੀਂ ਹੈ। ਰੋਟੀ ਕਮਾਉਣਾ ਜੀਵਨ ਦਾ ਇੱਕ ਭਾਗ ਹੈ, ਸਾਰਾ ਜੀਵਨ ਨਹੀਂ ਹੈ। ਅੱਜ ਦੀ ਸਿੱਖਿਆ ਕਿਰਤ ਦੀ ਸਿੱਖਿਆ ਹੈ, ਪਰ ਇਸ ਵਿਚ ਧਰਮ ਮਨਫ਼ੀ ਹੈ। ਜਦੋਂ ਤਕ ਅਸੀਂ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਦੇ ਮਹਾਂਵਾਕ ਅਨੁਸਾਰ ਅਮਲੀ ਸਿੱਖਿਆ ਵਿਚ ਦ੍ਰਿੜ੍ਹਤਾ ਨਹੀਂ ਲਿਆਉਂਦੇ ਤਦ ਤਕ ਪ੍ਰਾਪਤੀ ਨਹੀਂ ਹੋ ਸਕਦੀ। ਵਿੱਦਿਆ ਪ੍ਰਾਪਤ ਕਰ ਕੇ ਜੋ ਮਨੁੱਖ ਦੂਜਿਆਂ ਦੀ ਭਲਾਈ ਕਰਦਾ ਹੈ ਸਮਝੋ ਕਿ ਉਹ ਵਿੱਦਿਆ ਪਾ ਕੇ ਵਿਚਾਰਵਾਨ ਹੋ ਗਿਆ ਹੈ। ਅਸੀਂ ਜਦ ਤਕ ਧਰਮ ਦੀਆਂ ਸਿੱਖਿਆਵਾਂ ਦਾ ਮਲੰਮਾ ਦੁਨਿਆਵੀ ਸਿੱਖਿਆ ਨੂੰ ਨਹੀਂ ਚੜ੍ਹਾਵਾਂਗੇ ਤਦ ਤਕ ਸਾਡੇ ਪੈਦਾ ਕੀਤੇ ਅਧਿਆਪਕ, ਵਕੀਲ, ਡਾਕਟਰ, ਕਾਰੀਗਰ, ਸੇਵਕ ਆਦਿ ਪੂਰੀ ਤਰ੍ਹਾਂ ਸਮਾਜ-ਸੇਵੀ ਸੋਚ ਵਾਲੇ ਪੈਦਾ ਨਹੀਂ ਹੋ ਸਕਦੇ। ਜੋ ਸਮਾਜ ਲਈ ਇਮਾਨਦਾਰੀ ਤੇ ਮਿਹਨਤਕਸ਼ ਉਦਾਹਰਨਾਂ ਪੇਸ਼ ਕਰ ਸਕਣ। ਸਾਡੀ ਸਿੱਖਿਆ ਕੇਵਲ ਰੋਜ਼ਗਾਰ ਲਈ ਨਹੀਂ ਹੋਣੀ ਚਾਹੀਦੀ, ਸਗੋਂ ਜਨਕਲਿਆਣਕਾਰੀ ਹੋਣੀ ਚਾਹੀਦੀ ਹੈ।ਜਦੋਂ ਇਹ ਸਮਝ ਲਿਆ ਜਾਵੇਗਾ ਕਿ ਸਾਡੀ ਕਿਰਤ-ਵਿਰਤ ਧਰਮ ਦੀ ਹੋਣੀ ਚਾਹੀਦੀ ਹੈ ਤੇ ਉਸ ਵਿੱਚੋਂ ਦਸਵੰਧ ਕੱਢਣਾ ਸਾਡਾ ਮੁੱਢਲਾ ਫ਼ਰਜ਼ ਹੈ। ਅਜਿਹੀ ਸਿੱਖਿਆ ਹੀ ਸਮਾਜ ਲਈ ਬਹੁ-ਮੰਤਵੀ ਤੇ ਲਾਭਕਾਰੀ ਹੋ ਸਕਦੀ ਹੈ।ਜਿਸ ਦਾ ਫ਼ਾਇਦਾ ਅਸਲ ਅਰਥਾਂ ਵਿਚ ਸਮਾਜ ਨੂੰ ਹੋ ਸਕੇਗਾ :

ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ। (ਵਾਰ ੧:੩)

-ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ। (ਵਾਰ ੬:੧੨)

ਸਿੱਖਿਆ ਕਿੱਤਾ-ਮੁਖੀ ਹੁੰਦੀ ਜਾ ਰਹੀ ਹੈ।ਇਸੇ ਲਈ ਸਾਡੇ ਵਿੱਚੋਂ ਨਿਮਰਤਾ, ਨਿਰਮਾਣਤਾ, ਨੈਤਿਕਤਾ ਅਤੇ ਸੱਚ ਵਰਗੇ ਗੁਣ ਅਲੋਪ ਹੁੰਦੇ ਜਾ ਰਹੇ ਹਨ। ਸਮਾਜ ਮੁਸੀਬਤਾਂ, ਦੁੱਖਾਂ, ਤਕਲੀਫ਼ਾਂ, ਝਗੜਿਆਂ, ਕਲੇਸ਼ਾਂ, ਮਤਭੇਦਾਂ ਦੀ ਜਕੜ ਵਿਚ ਹੈ ਕਿਉਂਕਿ ਅਸੀਂ ਦੁਨਿਆਵੀ ਗਿਆਨ ਪ੍ਰਾਪਤ ਕਰ ਕੇ ਚਤੁਰ-ਸਿਆਣੇ ਬਣੇ ਹਾਂ। ਕਿੱਤਾ-ਮੁਖੀ ਸਿੱਖਿਆਵਾਂ ਵਿੱਚੋਂ ਅਧਿਆਤਮਿਕ ਤੇ ਧਾਰਮਿਕ ਸਿੱਖਿਆ ਅਲੋਪ ਹੈ। ਅਸੀਂ ਮਾਇਆ ਦੀ ਭਟਕਣਾ ਵਿਚ ਪੈ ਕੇ ਜੀਵਨ ਦੇ ਅਸਲੀ ਰਾਹ ਤੋਂ ਖੁੰਝੇ ਹੋਏ ਹਾਂ। ਅਸੀਂ ਸਿਰਫ਼ ਕਿਤਾਬੀ ਰਟਨ ਜਾਂ ਗ੍ਰੰਥਾਂ ਦੀ ਪੜ੍ਹਾਈ ਤੇ ਸਾਂਭ-ਸੰਭਾਲ ਤਕ ਹੀ ਸੀਮਤ ਰਹਾਂਗੇ ਤਾਂ ਆਤਮਿਕ ਮੌਤ ਸਾਡੇ ਸਾਹਮਣੇ ਖੜੀ ਨਜ਼ਰ ਆਵੇਗੀ। ਮੂਰਖਾਂ ਦੀ ਵਿੱਦਿਆ ਸਿਰਫ਼ ਮਾਇਆ ਕਮਾਉਣ ਤਕ ਹੀ ਹੁੰਦੀ ਹੈ ਤੇ ਉਹ ਆਪਣੇ ਆਪ ਨੂੰ ਸਿਆਣੇ ਅਤੇ ਸੂਝਵਾਨ ਪੰਡਿਤ ਕਹਾਉਂਦੇ ਹਨ। ਇਹ ਸਭ ਪਰਮਾਤਮਾ ਦੇ ਨਾਮ ਨੂੰ ਭੁਲਾ ਬੈਠੇ ਹਨ। ਜੋ ਸਿਰਫ਼ ਧਰਮ ਪੁਸਤਕਾਂ ਸੰਭਾਲਦੇ ਹਨ, ਪੜ੍ਹਦੇ ਨਹੀਂ ਤੇ ਨਾ ਹੀ ਅਮਲ ਕਰਦੇ ਹਨ। ਇਹ ਵਿਦਵਾਨ ਤੇ ਪੰਡਿਤ ਆਤਮਿਕ ਜੀਵਨ ਦੀ ਮੌਤ ਲਿਆਉਣ ਵਾਲੀ ਮਾਇਆ ਵਿਚ ਗ੍ਰਸਤ ਹੋ ਗਏ ਹਨ :

ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ॥
ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੧੫)

ਸਮਾਜਿਕ ਪ੍ਰਵਿਰਤੀ ਪਦਾਰਥਵਾਦੀ ਹੋਣ ਕਾਰਨ ਸਾਡੀ ਸਿੱਖਿਆ ਕਿੱਤਾਪ੍ਰਧਾਨ ਹੈ। ਜਿਸ ਮਨੁੱਖ ਦਾ ਗਿਆਨ ਪ੍ਰਾਪਤ ਕਰਨ ਉਪਰੰਤ ਵੀ ਲੋਭ, ਲਾਲਚ, ਹੰਕਾਰ ਖ਼ਤਮ ਨਹੀਂ ਹੋਇਆ ਉਸ ਦੀ ਵਿੱਦਿਆ ਨਿਰਾਰਥਕ ਹੈ। ਜਿਸ ਦਾ ਸਮਾਜ ਨੂੰ ਕੋਈ ਲਾਭ ਨਹੀਂ। ਉਸ ਪੜ੍ਹੇ-ਲਿਖੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮੂਰਖ ਗਰਦਾਨਦੇ ਹਨ :

-ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦)

-ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ॥ ਨਾਨਕ ਕੀਮਤਿ ਸੋ ਕਰੇ ਪੂਰਾ ਗੁਰੁ ਗਿਆਨੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੧੨)

ਸਗੋਂ ਗੁਰਮਤਿ ਤਾਕੀਦ ਕਰਦੀ ਹੈ ਕਿ ਜੇਕਰ ਸਾਨੂੰ ਥੋੜ੍ਹਾ-ਬਹੁਤਾ ਗਿਆਨ ਵੀ ਹੈ ਤਾਂ ਉਸ ਦਾ ਹੰਕਾਰ ਬਿਲਕੁਲ ਨਹੀਂ ਕਰਨਾ। ਹੇ ਮਨਾ! ਵੇਖੀਂ ਕਿਧਰੇ ਇਹ ਮਾਣ ਨਾ ਕਰ ਬੈਠੀਂ ਕਿ ਮੈਂ ਸਿਆਣਾ ਹੋ ਗਿਆ ਹਾਂ, ਗੁਰੂ ਦੀ ਸ਼ਰਨ ਪੈ, ਮਾਣ ਤਿਆਗ ਸਾਡੀ ਪਰਮ ਸਤ ਨਾਲ ਦੂਰੀ ਜਾਂ ਵਿੱਥ ਇਸ ਹੰਕਾਰ ਕਾਰਨ ਹੈ ਕਿ ਮੈਂ ਜਾਣਦਾ ਹਾਂ, ਮੈਂ ਸਿਆਣਾ ਹਾਂ, ਮੈਂ ਗਿਆਨੀ ਹਾਂ, ਮੈਂ ਵਿਦਵਾਨ ਹਾਂ। ਇਹ ਅਕਲ ਫੋਕਟ ਨਿਰਾਰਥਕ ਹੈ। ਇਹ ਸਾਨੂੰ ਸੱਚ ਨਾਲ ਜੁੜਨ ਨਹੀਂ ਦਿੰਦੀ:

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ॥
ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੦)

ਅਸਲ ਅਰਥਾਂ ਵਿਚ ਗਿਆਨੀ, ਪੰਡਿਤ ਜਾਂ ਵਿਦਵਾਨ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਸ ਸੰਬੰਧੀ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਅੰਦਰ ਨਿਖੇੜਾ ਕਰਦੇ ਹਨ :

-ਹਉਮੈ ਮੇਟਿ ਸਬਦਿ ਸੁਖੁ ਹੋਈ ॥ ਆਪੁ ਵੀਚਾਰੇ ਗਿਆਨੀ ਸੋਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੪੦)

-ਗੁਣ ਵੀਚਾਰੇ ਗਿਆਨੀ ਸੋਇ ॥ ਗੁਣ ਮਹਿ ਗਿਆਨੁ ਪਰਾਪਤਿ ਹੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੧)

ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਮਨਮੁਖਿ ਹਉਮੈ ਪਤਿ ਗਵਾਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੧)

-ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੫)

ਪੜਿ ਪੜਿ ਪਾਵਹਿ ਮਾਨੁ ਦੀ ਗੱਲ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ ਕਿ ਜੇਕਰ ਸਾਡੀ ਸਿੱਖਿਆ ਜਾਂ ਗਿਆਨ ਵਿਵਹਾਰਿਕ ਹੋਵੇਗਾ ਤਾਂ ਸਾਨੂੰ ਮਾਣ ਪ੍ਰਾਪਤ ਹੋਵੇਗਾ। ਕੇਵਲ ਦੁਨਿਆਵੀ ਗੂੜ੍ਹ-ਗਿਆਨ ਤੇ ਕਿੱਤਾ-ਮੁਖੀ ਸਿੱਖਿਆ ਸਾਨੂੰ ਸਮਾਜਿਕ ਅਤੇ ਆਤਮਿਕ ਤੌਰ 'ਤੇ ਸਥਾਪਿਤ ਨਹੀਂ ਕਰ ਸਕਦੀ। ਕੇਵਲ ਨੈਤਿਕ ਕਦਰਾਂ-ਕੀਮਤਾਂ ਭਰਪੂਰ ਜੀਵਨ ਬਖ਼ਸ਼ਣ ਵਾਲੀ ਸਿੱਖਿਆ ਹੀ ਪ੍ਰਵਾਨ ਹੈ। ਗੁਰੂ ਸਾਹਿਬ ਜੀ ਅਨੁਸਾਰ ਸਿੱਖਿਆ ਜਾਂ ਗਿਆਨ ਰੂਪੀ ਤਲਵਾਰ ਲੈ ਕੇ ਆਪਣੇ ਮਨ ਵਿਚ ਪੈਦਾ ਹੋਏ ਵਿਕਾਰਾਂ ਨਾਲ ਲੜਨ ਦੇ ਸਮਰੱਥ ਬਣਨਾ ਹੈ। ਗੁਰੂ ਦੀ ਸ਼ਰਨ ਆ ਗਿਆਨ ਪ੍ਰਾਪਤ ਕਰ ਕੇ ਹੀ ਮਨੁੱਖ ਆਪਣੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜਿਹੇ ਮਹਾਂਬਲੀ ਵਿਕਾਰਾਂ ਨਾਲ ਲੜਦਾ ਹੈ ਤੇ ਉਨ੍ਹਾਂ ਨੂੰ ਮਾਰ ਮੁਕਾਉਂਦਾ ਹੈ। ਮਾਇਕ (ਪਦਾਰਥਵਾਦੀ) ਫ਼ੁਰਨਿਆਂ ਵਾਲੀ ਬਿਰਤੀ ਤੋਂ ਛੁਟਕਾਰਾ ਕੇਵਲ ਤੇ ਕੇਵਲ ਗੁਰੂ ਤੋਂ ਪ੍ਰਾਪਤ ਗਿਆਨ ਰੂਪੀ ਖੜਗ ਨਾਲ ਵਿਕਾਰਾਂ ਨੂੰ ਖ਼ਤਮ ਕਰ ਕੇ ਹੀ ਹੋ ਸਕਦਾ ਹੈ :

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ॥ ਤਸਕਰ ਪੰਚ ਸਬਦਿ ਸੰਘਾਰੇ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ ੧੦੨੨)

ਸ੍ਰੀ ਗੁਰੂ ਨਾਨਕ ਦੇਵ ਜੀ ਉਸ ਗਿਆਨ ਜਾਂ ਸਿੱਖਿਆ ਦੀ ਪ੍ਰੋੜ੍ਹਤਾ ਕਰਦੇ ਹਨ ਜੋ ਸਾਨੂੰ ਚਰਿੱਤਰਵਾਨ ਬਣਾਉਂਦੀ ਹੈ। ਇੱਥੇ ਤਾਂ ਦੁਨਿਆਵੀ ਪਦਵੀ ਦੀ ਜ਼ਿਆਦਾ ਅਹਿਮਿਅਤ ਨਹੀਂ, ਸਗੋਂ ਚਰਿੱਤਰ ਪਾਕ ਹੋਣਾ ਚਾਹੀਦਾ ਹੈ। ਚਰਿੱਤਰ ਦਾ ਉੱਚਾਸੁੱਚਾ ਹੋਣਾ ਸੱਚ ਤੋਂ ਵੀ ਉੱਪਰ ਦੱਸਿਆ ਗਿਆ ਹੈ :

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੨)

ਇੱਕ ਅੰਗਰੇਜ਼ ਲੇਖਕ ਲਿਖਦਾ ਹੈ- ੨ੋਟ ਓਦੁਚਓਟੋਨਿ ਬੁਟ ਚਹਓਰਓਚਟਏਰ ਸਿ ਮਓਨ'ਸ ਗਰਏਓਟਏਸਟ ਨਏਦ ਾਹਚਿਹ ਮਓਕਏਸ ਓ ਮਓਨ ਗਰਏਓਟਏਸਟ." ਭਾਵ ਪੜ੍ਹਾਈ ਨਹੀਂ, ਸਗੋਂ ਚਰਿੱਤਰ ਮਨੁੱਖ ਦੀ ਸਭ ਤੋਂ ਵੱਡੀ ਲੋੜ ਹੈ ਜੋ ਮਨੁੱਖ ਨੂੰ ਸਭ ਤੋਂ ਮਹਾਨ ਬਣਾ ਦਿੰਦਾ ਹੈ। ਗਲੀ ਜੋਗੁ ਨ ਹੋਈ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ ਗੱਲਾਂ ਵਾਲੇ ਗਿਆਨ ਦੀਆਂ ਫਜ਼ੂਲ ਗੱਲਾਂ ਤੋਂ ਦੂਰ ਕਰਦੇ ਹਨ। ਵਿਵਹਾਰਿਕ ਗਿਆਨ ਦੀ ਕਮਾਈ ਉੱਪਰ ਜ਼ੋਰ ਦਿੰਦੇ ਹਨ। ਚਰਿੱਤਰ ਨਿਰਮਾਣ ਲਈ ਕਦਰਾਂ-ਕੀਮਤਾਂ ਦੀ ਸੂਝ-ਬੂਝ ਹੋਣਾ ਜ਼ਰੂਰੀ ਹੈ। ਮਹਾਨਤਾ ਦਾ ਸੂਤਰ ਹੈ ਕਥਨੀ ਕਰਨੀ ਦਾ ਇੱਕ ਹੋਣਾ। ਗਿਆਨ ਗੱਲੀਂ-ਬਾਤੀਂ, ਫੋਕੀਆਂ ਟੋਹਰਾਂ ਨਾਲ ਨਹੀਂ ਮਿਲਦਾ। ਗਿਆਨ ਕਿਵੇਂ ਮਿਲਦਾ ਹੈ? ਇਸ ਨੂੰ ਬਿਆਨ ਕਰਨਾ ਲੋਹੇ ਸਮਾਨ ਕਰੜਾ ਸਖ਼ਤ ਜਾਂ ਔਖਾ ਹੈ। ਇਹ ਗਿਆਨ ਕੇਵਲ ਰੱਬੀ ਮਿਹਰ ਨਾਲ ਹੀ ਮਿਲ ਸਕਦਾ ਹੈ।

ਬਾਕੀ ਸਫ਼ਾ 29 'ਤੇ




# ਪਾਠਕਾਂ ਦਾ ਨਜ਼ਰੀਆ

## ਕੋਰੋਨਾਵਾਇਰਸ ਦੇ ਹਮਲੇ ਦਾ ਪੰਜਾਬ ਦੇ ਅਰਥਚਾਰੇ ਉਪਰ ਅਸਰ

ਕੋਰੋਨਾਵਾਇਰਸ ਦੇ ਸੰਸਾਰ ਵਿਆਪੀ ਹਮਲੇ ਦਾ ਪੰਜਾਬ ਦੇ ਅਰਥਚਾਰੇ ਅਤੇ ਰੁਜ਼ਗਾਰ ਉਪਰ ਸੰਭਾਵਤ ਕੀ ਅਸਰ ਪੈ ਸਕਦਾ ਹੈ ? ਮੈਨੂੰ ਲਗਦਾ ਹੈ ਪੰਜਾਬ ਉਪਰ ਮੁਕਾਮੀ ਘਟਨਾਵਾਂ ਇੰਨਾ ਅਸਰ ਨਹੀਂ ਪਾਉਣਗੀਆਂ ਜਿੰਨਾ ਕੌਮਾਂਤਰੀ ਪਾ ਸਕਦੀਆਂ ਹਨ ?

ਪੰਜਾਬ ਨੂੰ ਸਭ ਤੋਂ ਵਧ ਅਰਬ ਦੇਸਾਂ ਵਲ ਟਿਕਟਿਕੀ ਲਾ ਕੇ ਵੇਖਣਾ ਪਵੇਗਾ ਜਿਥੇ ਪਿਛਲੇ ਕਈ ਦਹਾਕਿਆਂ ਤੋਂ ਇਥੋਂ ਸਕਿਲਡ ਲੇਬਰ ਦਾ ਵਡੀ ਪਧਰ ਤੇ ਪਰਵਾਸ ਹੋਇਆ ? ਉਨਾਂ ਦੇਸਾਂ ਦੀਆਂ ਦੋ ਸ਼ਹਿਜ਼ਾਦੀਆਂ ਦੀਆਂ ਰਸਸ ਦੇ ਕੁਛ ਲਕੜ ਸਿਰਿਆਂ ਬਾਰੇ ਸਖਤ ਟਿਪਣੀਆਂ ਦੇ ਤੱਟ ਫੱਟ ਅਰਥ ਕਢਣ ਤੇ ਸਮਾ ਬਰਬਾਦ ਕਰਨ ਦੀ ਕੋਈ ਤੁਕ ਨਹੀਂ ਬਣਦੀ ? ਪਰ ਉਸ ਰੀਜਨ ਦੇ ਅਰਥਚਾਰੇ ਨੂੰ ਤੇਲ ਦੇ ਸੰਸਾਰ ਵਿਆਪੀ ਖਪਤ ਸੰਕਟ ਨੇ ਜਿਸ ਹੱਦ ਤਕ ਹਿਲਾਇਆ ਹੈ , ਉਸ ਦਾ ਅਸਰ ਮੁਕਾਮੀ ਵਿਕਾਸ ਅਤੇ ਰੁਜ਼ਗਾਰ ਉਤੇ ਲਾਜ਼ਮੀ ਪਵੇਗਾ ? ਅਗੋਂ ਇਸ ਕਾਰਨ ਉਨਾਂ ਦੇਸਾਂ ਦੀ ਪਰਵਾਸੀ ਲੇਬਰ ਨੂੰ ਬਾਹਰ ਵਲ ਧੱਕੇ ਵਜਣੇ ਹਨ ?

ਦੂਜੇ ਸਥਾਨ ਤੇ ਪਛਮੀ ਦੇਸਾਂ ਅਤੇ ਆਸਟਰੇਲੀਆ ਆਦਿ ਵਿਚ ਗਏ ਵਿਦਿਆਰਥੀਆਂ ਦਾ ਮਾਮਲਾ ਉਠਣਾ ਹੈ ? ਮੁਕਾਮੀ ਤੌਰ ਤੇ ਰੁਜ਼ਗਾਰ ਦੇ ਮੌਕੇ ਉਤਪਨ ਹੁੰਦੇ ਰਹਿਣ ਕਾਰਨ ਭੂਤਕਾਲ ਵਿਚ ਇਹ ਵਿਦਿਆਰਥੀ ਆਮ ਤੌਰ ਤੇ ਉਥੇ ਹੀ ਖਪ ਜਾਂਦੇ ਰਹੇ ਹਨ ? ਜੇ ਬੀਮਾਰੀ ਦਾ ਪਰਕੋਪ ਜਾਰੀ ਰਹਿੰਦਾ ਹੈ ਤਾਂ ਸਬੰਧਤ ਦੇਸਾਂ ਵਿਚ ਨਾ ਨੌਕਰੀਆਂ ਨਿਕਲਣ ਦੀ ਗੁੰਜਾਇਸ਼ ਹੋਣੀ ਹੈ ਅਤੇ ਨਾ ਹੀ ਸਰਕਾਰੀ ਰਾਹਤ ਜਾਰੀ ਰਹਿਣੀ ਹੈ ? ਨਤੀਜੇ ਵਜੋਂ ਇਨਾਂ ਬੇਰੁਜ਼ਗਾਰ ਨੌਜਵਾਨਾਂ ਕੋਲ ਵਾਪਸੀ ਤੋਂ ਇਲਾਵਾ ਕੋਈ ਵਿਕਲਪ ਨਹੀਂ ਬਚਣਾ ?

ਅਮਰੀਕਾ ਅਤੇ ਵਿਕਸਤ ਯੋਰਪੀ ਦੇਸਾਂ ਵਲ ਜਿੰਨੇ ਕੁ ਸੀਮਤ ਕਸਬੀ ਅਤੇ ਸਕਿਲਡ ਵਰਕਰ ਹੁਣ ਤਕ ਜਾਂਦੇ ਰਹੇ ਹਨ, ਉਨਾਂ ਲਈ ਰਾਹ ਹੁਣ ਲਗਪਗ ਬੰਦ ਹੀ ਸਮਝਣੇ ਚਾਹੀਦੇ ਹਨ ?

ਇਨਾਂ ਹਾਲਾਤ ਵਿਚ ਪੜੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਦੀ ਭਰਮਾਰ ਨੇ ਪੰਜਾਬ ਅਗੇ ਹੋਰ ਵਡੀ ਵੰਗਾਰ ਖੜੀ ਕਰ ਦੇਣੀ ਹੈ ? ਇਸ ਦਾ ਨੇੜ ਭਵਿਖ ਵਿਚ ਕੋਈ ਹੱਲ ਨਹੀਂ ਦਿਸਦਾ ? ਸਿਵਾਏ ਇਸ ਦੇ ਕਿ ਪੰਜਾਬ ਸਰਕਾਰ ਉਦਯੋਗਾਂ ਨਾਲ ਮਿਲ ਕੇ ਵਡੀ ਪਧਰ ਤੇ ਵਖ ਵਖ ਸਕਿਲ ਖੇਤਰਾਂ ਵਿਚ ਟਰੇਨਿੰਗ ਦਾ ਇੰਤਜ਼ਾਮ ਕਰੇ, ਇਸ ਲੇਬਰ ਲਈ 80% ਤਕ ਰਾਖਵੇਂਕਰਨ ਦਾ ਕਾਨੂੰਨੀ ਪਰਾਵਧਾਨ ਬਣਾਵੇ ? ਵਿਦਿਆ, ਸਿਹਤ ,ਵਾਤਾਵਰਣ ਸਫਾਈ ਅਤੇ ਟਰਾਂਸਪੋਰਟ ਜਿਹੀਆਂ ਅੱਤ ਜ਼ਰੂਰੀ ਪਬਲਕ ਸੇਵਾਵਾਂ ਦਾ ਪਸਾਰ ਕਰੇ ?

ਬੀਮਾਰੀ ਕਾਰਨ ਪੰਜਾਬ ਕੋਲ ਸਨਅਤਾਂ ਪਾਸੇ ਹੋਰ ਵਧੇਰੇ ਗੁਆਣ ਨੂੰ ਕੁਛ ਨਹੀਂ ? ਹਾਂ, ਵਿਕਾਸ ਅਤੇ ਪਸਾਰ ਦੀ ਚੋਖੀ ਗੁੰਜਾਇਸ਼ ਜ਼ਰੂਰ ਹੈ ? ਸਭ ਤੋਂ ਵਧ ਮੌਕੇ ਖੇਤੀ ਵਿਚ ਮੌਜੂਦ ਹਨ ? ਸਵੈ-ਰੁਜ਼ਗਾਰ ਲਈ ਖੇਤੀ ਵਲ "ਘਰ ਵਾਪਸੀ" ਇਕ ਵਡਾ ਨਾਅਰਾ ਉਭਰਨਾ ਚਾਹੀਦਾ ਹੈ ? ਖੇਤੀ ਅਗੋਂ ਜਿਣਸਾਂ ਅਤੇ ਉਪਜਾਂ ਦੀ ਪਰੋਸੈਸਿੰਗ ਅਤੇ ਖੇਤੀ ਆਧਾਰਤ ਉਦਯੋਗਾਂ ਦੇ ਦਰਵਾਜ਼ੇ ਖੋਲ ਸਕਦੀ ਹੈ ?

ਖੁਸ਼ੀ ਦੀ ਗਲ ਹੈ ਕਿ ਪਿਛਲੇ ਦਿਨੀਂ ਇਟਲੀ ਅਤੇ ਡੈਨਮਾਰਕ ਦੇ ਦਿਲੀ ਵਿਚਲੇ ਸਫੀਰਾਂ ਦਾ ਧਿਆਨ ਪੰਜਾਬ ਦੇ ਖੇਤੀ ਖੇਤਰ ਵਲ ਗਿਆ ਹੈ ? ਇਹ ਚੰਗਾ ਸਗਨ ਹੈ ? ਯੋਰਪੀ ਦੇਸਾਂ ਕੋਲ ਖੇਤੀ ਦੇ ਮਸ਼ੀਨੀਕਰਨ ਦਾ ਅਮੀਰ ਤਜਰਬਾ ਹੈ ? ਇਸ ਪਾਸੇ ਹੋਰ ਪਹਿਲਕਦਮੀਆਂ ਲੈਣੀਆਂ ਪੰਜਾਬ ਦੇ ਵਡੇ ਹਿਤਾਂ ਵਿਚ ਹਨ ਜੋ ਬੇਰੁਜ਼ਗਾਰੀ ਨੂੰ ਠਲ ਪਾਉਣ ਵਿਚ ਸਹਾਈ ਹੋ ਸਕਦੀਆਂ ਹਨ ?

**ਸੁਖਦੇਵ ਸਿੰਘ ਸੀਨੀਅਰ ਪੱਤਰਕਾਰ**

## ਦਿਤੀ ਜਾ ਰਹੀ ਵਿਦਿਆ ਦੇ ਤਤ ਨੂੰ ਪਛਾਣੋ

ਕਰੋਨਾ ਵਾਇਰਸ ਕਾਰਨ ਸਾਰੇ ਸਕੂਲ ਕਾਲਜਾਂ ਦੇ ਬੰਦ ਹੋਣ ਨਾਲ ਕੁਝ ਮਾਪੇ ਬੜੇ ਪ੍ਰੇਸ਼ਾਨ ਹਨ। ਉਹ ਸੋਚਦੇ ਹਨ ਕਿ ਬਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ। ਉਹ ਇਹ ਸੋਚਣ ਲਈ ਬਿਲਕੁਲ ਤਿਆਰ ਨਹੀਂ ਕਿ ਦਰਅਸਲ ਮੌਜੂਦਾ ਤਰਜ ਦਾ ਵਿਦਿਅਕ ਪ੍ਰਬੰਧ ਸਾਡੇ ਭੋਲੇਭਾਲੇ ਬਚਿਆਂ ਦੀਆਂ ਸਭਿਆਚਾਰਕ ਜੜ੍ਹਾਂ ਵਿਚ ਤੇਲ ਦੇ ਰਿਹਾ ਹੈ। ਪੰਜਾਬ ਵਿਚ ਬੇਰੁਜਗਾਰੀ, ਨਸ਼ੇੜੀਪੁਣੇ ਤੇ ਪ੍ਰਵਾਸ ਦਾ ਮੁਖ ਕਾਰਨ ਸਾਡਾ ਅਜੋਕਾ ਵਿਦਿਅਕ ਪ੍ਰਬੰਧ ਹੈ। ਇਹ ਵਿਦਿਅਕ ਪ੍ਰਬੰਧ ਵਿਦਿਆਰਥੀਆਂ ਦੇ ਅਚੇਤ ਮਨਾਂ ਨੂੰ ਭਟਕਾ ਕੇ ਉਹਨਾਂ ਨੂੰ ਹਥੀ ਕਿਰਤ ਨਾਲੋਂ ਤੋੜਦਾ ਹੈ ਅਤੇ ਖਪਤਕਾਰੀ ਸਭਿਆਚਾਰ ਦਾ ਸ਼ਿਕਾਰ ਬਣਾਉਂਦਾ ਹੈ। ਆਪਣੇ ਜ਼ਜ਼ਬਿਆਂ ਨੂੰ ਸਵੈਜਬਤ ਵਿਚ ਰਖ ਕੇ ਕਿਵੇਂ ਜਿਉਣਾ ਹੈ, ਬਚਿਆਂ ਨੂੰ ਇਹ ਸਿਖਾਉਣ ਦੀ ਬਜਾਇ ਉਨ੍ਹਾਂ ਦੇ ਜਜ਼ਬਿਆਂ ਨੂੰ ਬੇਲਗਾਮ ਕਰਦਾ ਹੈ। ਬਚਿਆ ਨੂੰ ਘੋਰ ਸੁਆਰਥੀ ਅਤੇ ਲਾਲਚੀ ਬਣਾਉਂਦਾ ਹੈ। ਇਸੇ ਵਿਦਿਆ ਦੇ ਡੰਗੇ ਸਾਡੇ ਨੌਜਵਾਨ ਘੋਰ ਖੁਦਗਰਜ ਅਤੇ ਕਮੀਨੇ ਬਣਦੇ ਜਾ ਰਹੇ ਹਨ। ਇਸੇ ਵਰਤਾਰੇ ਕਰਕੇ ਅੱਜ ਪਰਿਵਾਰਕ ਅਤੇ ਸਮਾਜੀ ਰਿਸ਼ਤੇ ਟੁਟ ਰਹੇ ਹਨ। ਇਹ ਵਿਦਿਅਕ ਪ੍ਰਬੰਧ ਬਚਿਆਂ ਨੂੰ ਆਪਣੇ ਬਜੁਰਗਾਂ ਦੀ ਅਨੁਭਵੀ ਸਿਆਣਪ ਤੋਂ ਤੋੜਦਾ ਹੈ। ਹਰ ਪੀੜ੍ਹੀ ਨੂੰ ਇਹ ਗੁੜ੍ਹਤੀ ਦਿਤੀ ਜਾ ਰਹੀ ਹੈ ਕਿ ਉਹ ਆਪਣੀਆਂ ਪਹਿਲੀਆਂ ਪੀੜ੍ਹੀਆਂ ਦੇ ਗਿਆਨ ਨੂੰ ਨਫਰਤ ਕਰੇ ਅਤੇ ਇਸ ਤਰ੍ਹਾਂ ਆਪਣੀ ਇਤਿਹਾਸਕ ਚੇਤਨਾ ਤੋਂ ਟੁਟ ਕੇ ਖਪਤਕਾਰੀ ਮਨੋਰੋਗ ਦਾ ਸ਼ਿਕਾਰ ਹੋ ਜਾਏ ਤੇ ਪੂੰਜੀਵਾਦੀ ਮੁਨਾਫੇਖੋਰ ਪੈਦਾਵਾਰੀ ਮਸ਼ੀਨ ਦਾ ਮਹਿਜ ਇਕ ਪੁਰਜਾ ਮਾਤਰ ਬਣਿਆ ਰਹੇ। ਇਹ ਵਿਦਿਅਕ ਪ੍ਰਬੰਧ ਨੌਜਵਾਨਾਂ ਦੇ ਮਨਾਂ ਵਿਚ ਹਥੀਂ ਕਿਰਤ ਪ੍ਰਤੀ ਨਫਰਤ ਪੈਦਾ ਕਰਦਾ ਹੈ। ਸਾਂਝੀਵਾਲਤਾ ਅਤੇ ਸਰਬਤ ਦੇ ਭਲੇ ਦੇ ਪੈਰੋਕਾਰ ਮਨੁਖ ਨਹੀਂ ਬਲਕਿ ਹਥੀਂ ਕਿਰਤ ਤੋਂ ਟੁਟੀਆ ਹੋਈਆ ਪੈਸਾ ਕਮਾਉਣ ਵਾਲੀਆਂ ਮਸ਼ੀਨਾਂ ਪੈਦਾ ਕਰ ਰਿਹਾ ਹੈ। ਜਿਹੜੀਆਂ ਵਧ ਤੋਂ ਵਧ ਪੈਸੇ ਕਮਾਉਣ ਵਾਲੀਆਂ ਚਿਟ ਕਪੜੀਆ ਨੌਕਰੀਆਂ ਭਾਲਦੀਆ ਹਨ। ਮੁਨਾਫੇ ਦੀ ਹਾਬੜ-ਅੰਨ੍ਹਾ ਮੁਕਾਬਲਾ ਤੇ ਅਨਾਰਕੀ ਭਾਵ ਖੋਹਖਿੰਝ ਆਧਾਰਿਤ ਇਸ ਮਾਇਆਧਾਰੀ ਸਮਾਜ ਵਿਚ ਸਾਰਿਆ ਨੂੰ ਇਹ ਰੁਜਗਾਰ ਮਿਲਣੇ ਅਸੰਭਵ ਹਨ। ਜਦੋਂ ਇਹ ਮਨਚਾਹੇ ਰੁਜਗਾਰ ਨਹੀਂ ਮਿਲਦੇ ਤਾਂ ਇਹ ਮਸ਼ੀਨਾਂ ਆਪਣੇ-ਆਪ ਨੂੰ ਬੇਕਾਰ ਸਮਝਦੀਆ ਹਨ ਤੇ ਘੋਰ ਨਿਰਾਸ਼ਾ ਦਾ ਸ਼ਿਕਾਰ ਹੋ ਜਾਂਦੀਆ ਹਨ। ਹਥੀਂ ਕਿਰਤ ਤੋਂ ਟੁਟੀਆ ਹੋਈਆ ਇਹ ਬੇਕਾਰ ਮਸ਼ੀਨਾਂ ਫਿਰ ਪ੍ਰੇਸ਼ਾਨ ਹੋ ਕੇ ਨਸ਼ੇੜੀ ਬਣਦੀਆ ਹਨ ਜਾਂ ਮਾਪਿਆ ਦੀ ਸੰਘੀ ਵਿਚ ਅੰਗੂਠਾ ਦੇ ਕੇ ਜਿਵੇਂ-ਕਿਵੇਂ ਪਰਦੇਸਾਂ ਵਲ ਕੂਚ ਕਰਦੀਆ ਹਨ।

ਕਰੋਨਾ ਵਾਇਰਸ ਦੇ ਰੂਪ ਵਿਚ ਅਕਾਲ ਪੁਰਖ ਨੇ ਸਾਨੂੰ ਸ਼ਾਇਦ ਇਕ ਚੇਤਾਵਨੀ ਦਿਤੀ ਹੈ ਕਿ ਬੰਦਿਆਂ ਠਹਿਰ! ਕੁਝ ਸੋਚ! ਕੁਝ ਅਕਲ ਨੂੰ ਹਥ ਮਾਰ! ਕਿਧਰ ਬੇਮੁਹਾਰਾ ਭਜਿਆ ਜਾਨੈ। ਐਵੇਂ ਭਰਮਾਊ ਸੁਖ-ਸਹੂਲਤਾਂ ਦੀ ਭਾਲ ਵਿਚ ਆਪਣੇ ਬਚਿਆਂ ਦੀ ਜਿੰਦਗੀ ਤੇ ਆਪਣਾ ਭਵਿਖ ਬਰਬਾਦ ਨਾ ਕਰ। ਸਾਡੇ ਬਜੁਰਗਾਂ ਨੇ ਸਾਨੂੰ ਦਸਿਆ ਹੈ, ਜਿਥੇ ਸਬਰ ਸੰਤੋਖ ਤੇ ਸਹਿਜ ਨਾਹੀਂ ਉਥੇ ਕੰਮ ਕੀ ਖੁਸ਼ੀਆਂ ਖੇੜਿਆਂ ਦਾ। ਐਵੇਂ ਭਰਮਾਊ ਸੁਖ-ਸਹੂਲਤਾਂ ਦੀ ਲਾਲਸਾ ਛਡ ਤੇ ਹਕੀਕਤ ਦੇ ਸਨਮੁਖ ਹੋ। ਹਥੀ ਕਿਰਤ ਕਰਨ ਤੇ ਵੰਡ ਛਕਣ ਦਾ ਸਭਿਆਚਾਰ ਹੀ ਇਸ ਸਾਮਰਾਜੀ ਖਪਤਕਾਰੀ ਸਭਿਆਚਾਰ ਦਾ ਬਦਲ ਹੈ। ਉਂਝ ਵੀ ਕਰੋਨਾ ਵਾਇਰਸ ਦੀ ਮਹਾਂਮਾਰੀ ਨੇ ਇਸ ਸਾਮਰਾਜੀ ਰਾਜ ਪ੍ਰਬੰਧ ਦਾ ਸਾਰਾ ਹੀਜ-ਪਿਆਜ ਨੰਗਾ ਕਰ ਦਿਤਾ ਹੈ। ਜਦੋਂ ਸਾਰਾ ਪੰਜਾਬ ਤ੍ਰਾਹ-ਤ੍ਰਾਹ ਕਰ ਰਿਹਾ ਹੈ ਤਾਂ ਦਸਿਆ ਜਾ ਰਿਹਾ ਹੈ ਕਿ ਸਰਗਣਾ ਆਪਣੀ ਰਖੇਲ ਦੀ ਬੁਕਲ ਵਿਚ ਦੜਿਆ ਬੈਠਾ ਹੈ। ਅਫਸਰਸ਼ਾਹੀ ਮਨਮਾਨੀਆਂ ਕਰ ਰਹੀ ਹੈ। ਮੋਦੀ ਤ੍ਰਿਕੜੀ ਭੌਰ ਹੋਈ ਇਧਰ ਉਧਰ ਹਥ ਪੈਰ ਮਾਰ ਰਹੀ ਹੈ। ਲੋਕ ਮਰ ਰਹੇ ਹਨ। ਦੇਸ-ਪ੍ਰਦੇਸ ਵਿਚ ਧਕੇ ਖਾ ਰਹੇ ਹਨ। ਕੋਈ ਕਿਸੇ ਦੀ ਸਾਰ ਨਹੀਂ ਲੈ ਰਿਹਾ।

**ਗੁਰਬਚਨ ਸਿੰਘ ਦੇਸ ਪੰਜਾਬ**

## ਕਲਮ ਹੱਥ ਫੜਨ ਤੋਂ ਪਹਿਲਾਂ ਸੋਚ ਦਾ ਪਕੇਰਾਪਨ ਜਰੂਰੀ

ਕਲਮ ਹੱਥ ਫੜਨ ਤੋ ਪਹਿਲਾ ਸੋਚ ਦਾ ਪਕੇਰਾਪਨ ਜਰੂਰੀ ਹੁੰਦਾ ਹੈ । ਕੁਝ ਲਿਖਣ ਤੋਂ ਪਹਿਲਾਂ ਉਸ ਨੂੰ ਡੂੰਘੀ ਤਰ੍ਹਾਂ ਵਿਚਾਰ ਲੈਣਾ ਜ਼ਰੂਰੀ ਹੁੰਦਾ ਹੈ । ਬ੍ਰਹਿਮੰਡ ਚ ਸ਼ਬਦ ਸਭ ਤੋਂ ਵੱਡੀ ਸ਼ਕਤੀ ਹਨ । ਇਹਨਾਂ ਦੀ ਵਰਤੋ ਬਹੁਤ ਸੋਚ ਸਮਝਕੇ ਕਰਨੀ ਚਾਹੀਦੀ ਹੈ ਕਿਉਂਕਿ ਇਹਨਾ ਦੇ ਜਰੀਏ ਪ੍ਰਗਟਾਏ ਗਏ ਜਾਂ ਪੇਸ਼ ਕੀਤੇ ਗਏ ਵਿਚਾਰ ਮਾਣ ਜਸ ਵੀ ਬਹੁਤ ਦੁਆ ਸਕਦੇ ਹਨ ਤੇ ਛਿੱਤਰ ਤੇ ਲਿੱਤਰ ਵੀ ਲੋਹੜੇ ਦੇ ਪੁਆ ਸਕਦੇ ਹਨ । ਦੂਜੇ ਸ਼ਬਦਾਂ 'ਚ ਕੱਚ ਘਰੜ ਸੋਚ ਦੇ ਨਤੀਜੇ ਹਮੇਸ਼ਾ ਹੀ ਮਾੜੇ ਤੇ ਘਾਤਕ ਹੁੰਦੇ ਹਨ । ਕਲਮ ਚਲਾਉਣ ਦੀ ਜ਼ੁੰਮੇਵਾਰੀ ਬਹੁਤ ਵੱਡੀ ਹੁੰਦੀ ਹੈ । ਜੇਕਰ ਕਲਮ ਫੜੀ ਹੈ ਤਾਂ ਸੋਚ ਦੇ ਦਾਇਰੇ ਦਾ ਵਿਸ਼ਾਲ ਹੋਣਾ ਜ਼ਰੂਰੀ ਹੁੰਦਾ ਹੈ ਤੇ ਇਸ ਦੇ ਨਾਲ ਹੀ ਲਿਖਤ ਦੇ ਥੀਮ ਬਾਰੇ ਸ਼ਪੱਸ਼ਟਤਾ ਵੀ ਚਾਹੀਦੀ ਹੈ ।

ਲੇਖਕ ਸੱਚ ਦਾ ਖੋਜੀ ਹੁੰਦਾ ਹੈ । ਉਸ ਦਾ ਕੋਈ ਧਿਰ ਜਾਂ ਧੜਾ ਨਹੀਂ ਹੁੰਦਾ । ਉਹ ਸਮੇਂ ਦੀ ਤੋਰ ਨਾਲ ਕਦਮ ਮੇਚ ਕੇ ਚੱਲਦਾ ਹੋਇਆ ਵਾਪਰ ਰਹੇ ਹਰ ਤਰਾਂ ਦੇ ਸਮਾਜਿਕ ਵਰਤਾਰੇ ਨੂੰ ਆਪਣੇ ਨਜ਼ਰੀਏ ਨਾਲ ਦੇਖਦਾ ਹੈ ਤੇ ਆਪਣੇ ਅਨੁਭਵ ਰਾਹੀਂ ਆਪਣੀ ਮੌਲਿਕ ਤੇ ਵਿਲੱਖਣ ਸ਼ੈਲੀ ਰਾਹੀਂ ਪੇਸ਼ ਕਰਕੇ ਸਾਹਿਤਕ ਹਲਕਿਆ ਵਿਚ ਆਪਣੀ ਨਿੱਗਰ ਤੇ ਨਿਵੇਕਲੀ ਪਹਿਚਾਣ ਬਣਾਉਂਦਾ ਹੈ ।

ਜੋ ਵਿਅਕਤੀ ਆਪਣੇ ਮਾਨਸਿਕ ਉਬਾਲ/ਉਲਾਰਪਣ ਕਰਨ ਆਪਣੇ ਅੰਦਰਲੀ ਕਾਮੁਕ ਗੰਦਗੀ ਲੋਕਾਂ ਅੱਗੇ ਪਰੋਸਦਾ ਹੈ, ਉਹ ਮਾਨਸਿਕ ਤੌਰ 'ਤੇ ਬਿਮਾਰ ਤੇ ਉਲਾਰ ਤਾਂ ਹੋ ਸਕਦਾ ਹੈ, ਪਰ ਲਿਖਾਰੀ ਕਦੇ ਵੀ ਨਹੀਂ ਹੋ ਸਕਦਾ ।

ਜ਼ਮਾਨਾ ਉਹ ਚੱਲ ਰਿਹਾ ਹੈ ਜਿਸ ਵਿੱਚ ਹਰ ਕੋਈ ਆਪਣੇ ਆਪ ਨੂੰ ਲੇਖਕ, ਪੱਤਰਕਾਰ ਤੇ ਸਾਹਿਤਕਾਰ ਸਮਝ ਰਿਹਾ ਹੈ । ਲਿਖਣਾ ਕਿੰਨਾ ਕੁ ਜੋਖਮ ਵਾਲਾ ਕੰਮ ਹੈ, ਇਸ ਗੱਲ ਦਾ ਅੰਦਾਜ਼ਾ ਉਸ ਵੇਲੇ ਲਗਦਾ ਹੈ ਜਦ ਕੋਈ ਇਕ ਦੋ ਲਫ਼ਜ਼ਾਂ ਦੇ ਕਾਰਨ ਹੀ ਕਰੋੜਾਂ ਰੁਪਏ ਦੇ ਇਵਜ਼ਾਨੇ ਦੇ ਮਾਣ-ਹਾਨੀ ਦੇ ਕੇਸ ਵਿੱਚ ਫਸ ਕੇ ਝੁੱਗਾ ਚੌੜ ਕਰਵਾ ਬੈਠਦਾ ਹੈ । ਸ਼ੋਸ਼ਲ ਮੀਡੀਏ ਦੁਆਰਾ ਦਿੱਤੀ ਗਈ ਜਾਂ ਮਿਲੀ ਹੋਈ ਖੁੱਲ ਦਾ ਜੇਕਰ ਸਹੀ ਇਸਤੇਮਾਲ ਕੀਤਾ ਜਾਵੇ ਤਾਂ ਸਮਾਜਿਕ ਪਾਰ ਉਤਾਰਾ ਹੋ ਸਕਦਾ ਹੈ, ਜੇਕਰ ਇਸ ਖੁੱਲ੍ਹ ਦਾ ਮਤਲਬ ਧਿਰਬਾਜੀ, ਧੜੇਬਾਜ਼ੀ, ਗਾਲੀ ਗਲੋਚ, ਦੁਅਰਥੀ ਕਾਮ ਉਕਸਾਊ ਗੱਲ-ਬਾਤ ਅਤੇ ਨਿਖੇਧਾਤਮਕ ਵਾਰਤਾਲਾਪ ਕਰਨਾ ਮੰਨਿਆ ਜਾਵੇ ਤਾਂ ਇਹ ਨਿਸ਼ਚੇ ਹੀ ਕਿਸੇ ਸਮਾਜ ਦੇ ਗਰਕ ਜਾਣ ਦੀ ਨਿਸ਼ਾਨੀ ਵੀ ਹੁੰਦੀ ਹੈ ਤੇ ਅਜਿਹਾ ਹੋਣ ਦੀ ਗਰੰਟੀ ਵੀ ।

ਕਲਮ ਦੀ ਤਾਕਤ, ਤਲਵਾਰ ਦੀ ਤਾਕਤ ਨਾਲ਼ੋਂ ਵੱਡੀ ਹੁੰਦੀ ਹੈ । ਤਲਵਾਰ ਜਾਂ ਹਥਿਆਰ ਦਾ ਵਾਰ ਤਾਂ ਕਿਸੇ ਦੇ ਨੇੜੇ ਹੋ ਕੇ ਹੀ ਕੀਤਾ ਜਾ ਸਕਦਾ ਹੈ ਜਦ ਕਿ ਸ਼ਬਦਾਂ ਦਾ ਵਾਰ ਹਜ਼ਾਰਾਂ ਲੱਖਾਂ ਮੀਲ ਦੂਰੋ ਬੈਠਿਆ ਹੀ ਕੀਤਾ ਜਾ ਸਕਦਾ ਹੈ । ਕਲਮ ਅੱਗ ਦੇ ਭਾਂਬੜ ਵਾ ਲਾ ਸਕਦੀ ਹੈ ਤੇ ਸ਼ਾਂਤੀ ਦੀ ਸੀਤਲਤਾ ਵੀ ਵਰਤਾ ਸਕਦੀ ਹੈ । ਇਸ ਕਰਕੇ ਲੇਖਕ ਦਾ ਫਰਜ ਅਤੇ ਜ਼ੁੰਮੇਵਾਰੀ ਦੋਵੇਂ ਵੱਡੇ ਹੁੰਦੇ ਹਨ । ਉਸ ਨੂੰ ਕਦੇ ਵੀ ਸਸਤੀ ਸ਼ੋਹਰਤ ਦੇ ਮਗਰ ਨਹੀਂ ਭੱਜਣਾ ਚਾਹੀਦਾ ਤੇ ਨਾ ਹੀ ਰਾਤੋ ਰਾਤ ਲੇਖਕ ਬਣਨ ਵਾਸਤੇ ਅਸਮਾਨ ਟਾਕੀ ਲਾਉਣ ਦਾ ਸੁਪਨਾ ਲੈਣਾ ਚਾਹੀਦਾ ਹੈ । ਲੇਖਕ ਬਣਨਾ ਬਹੁਤ ਹੀ ਸਹਿਜ ਕਾਰਜ ਹੈ, ਜਿਸ ਵਾਸਤੇ ਵੱਡੀ ਸਾਧਨਾਂ, ਤਪੱਸਿਆ ਤੇ ਗੂੜ ਗਿਆਨ ਭਗਤੀ ਦੀ ਲੋੜ ਹੁੰਦੀ ਹੈ ।

ਮੁੱਕਦੀ ਗੱਲ ਇਹ ਕਿ ਲ ਕਲਮ ਫੜਨ ਤੋਂ ਪਹਿਲਾਂ ਇਹ ਪੱਕਾ ਕਰੋ ਕਿ ਕੀ ਜੋ ਲਿਖਿਆ ਜਾ ਰਿਹਾ ਹੈ, ਉਹ ਦੇਸੀ ਪਿਸਤੌਲ ਵਾਂਗ ਅੱਗੇ ਨੂੰ ਚੱਲਣ ਦੀ ਬਜਾਏ, ਚਲਾਉਣ ਵਾਲੇ ਨੂੰ ਹੀ ਜਖਮੀ ਕਰਨ ਵਾਲਾ ਨਾ ਹੋਵੇ (Backfire) ਜਾਂ ਇੰਜ ਕਹਿ ਲਓ ਕਿ ਕੋਈ ਲਿਖਤ, ਜੇਕਰ ਕੋਈ ਲਿਖਤ ਕਿਸੇ ਵਿਅਕਤੀ ਦੀ ਸ਼ਖ਼ਸ਼ੀਅਤ ਨੂੰ ਹੀ ਤਾਰ ਤਾਰ ਕਰ ਰਹੀ ਹੈ ਤਾਂ ਉਸ ਲਿਖਤ ਦਾ ਕੀ ਫ਼ਾਇਦਾ ! ਜੇਕਰ ਕਿਸੇ ਨਾਲ ਇਸ ਤਰਾਂ ਹੋ ਰਿਹਾ ਹੈ ਤਾਂ ਫੇਰ ਉਸ ਨੂੰ ਕਲਮ ਫੜਨ ਤੋਂ ਸਖ਼ਤ ਗੁਰੇਜ਼ ਕਰਨਾ ਚਾਹੀਦਾ ਹੈ । ਇਸ ਦੇ ਨਾਲ ਹੀ ਇਹ ਵੀ ਕਹਿਣਾ ਚਾਹੀਂਗਾ ਕਿ ਜੇਕਰ ਸ਼ੋਸ਼ਲ ਮੀਡੀਏ ਦਾ ਸਹੀ ਫ਼ਾਇਦਾ ਲੈਣਾ ਹੈ ਤਾਂ ਕਲਮ ਦੀ ਪੁਖਤਗੀ ਤੇ ਸੋਚ ਦੀ ਅਮੀਰੀ ਦੋ ਵਡੇ ਸਾਧਨ ਹਨ ਤੇ ਇਹਨਾਂ ਦੇ ਨਾਲ ਹੀ ਜੇਕਰ ਸਹਿਜਤਾ, ਰਵਾਨਗੀ ਤੇ ਰਚਨਾਤਮਿਕਕਾ ਦੇ ਤੱਤ ਵੀ ਰਲ ਜਾਣ ਤਾਂ ਫਿਰ ਸੋਨੇ ਤੇ ਸੁਹਾਗਾ ਹੈ ।

**ਪ੍ਰੋ ਸ਼ਿੰਗਾਰਾ ਸਿੰਘ ਢਿੱਲੋਂ**

## ਕੇਂਦਰ ਦੀ ਗੰਭੀਰ ਸਾਜਿਸ਼

ਸਿੱਖ ਕੌਮ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਮਹੱਤਤਾ ਵਿਸ਼ਵ ਵਿਆਪੀ ਹੈ ? ਦੁਨੀਆਂ ਭਰ ਦੇ ਲੋਕ ਭਾਰਤ ਯਾਤਰਾ ਦੌਰਾਨ ਆਪਣਾ ਸਫ਼ਰ ਪਵਿੱਤਰ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਹੀ ਆਰੰਭ ਕਰਨਾ ਚਾਹੁੰਦਾ ਹੈ ? ਹੁਣ ਕੇਂਦਰ ਸਰਕਾਰ ਦਾ " ਭਾਰਤ ਮਾਲਾ ਪ੍ਰੋਜੈਕਟ " ਅਮਲ ਵਿੱਚ ਲਿਆਂਦਾ ਜਾ ਰਿਹਾ ਹੈ ਜਿਸ ਰਾਹੀਂ ਕੁਝ ਐਕਸਪ੍ਰੈਸ ਵੇਅ ਬਣਾਏ ਜਾ ਰਹੇ ਹਨ ? ਜਿਨ੍ਹਾਂ ਰਾਹੀਂ ਦੇਸ਼ ਦੇ ਇਤਿਹਾਸਕ ਅਤੇ ਧਾਰਮਿਕ ਮਹੱਤਤਾ ਵਾਲੇ ਅਸਥਾਨਾਂ ਨੂੰ ਆਪਸ ਵਿੱਚ ਜੋੜਿਆ ਜਾਵੇਗਾ ਤਾਂ ਜੋ ਯਾਤਰੂਆਂ ਦਾ ਸਫ਼ਰ ਆਸਾਨ ਹੋ ਸਕੇ ? ਦਿੱਲੀ - ਅੰਮ੍ਰਿਤਸਰ - ਕੱਟੜਾ ਐਕਸਪ੍ਰੈਸ ਵੇਅ ਵੀ ਇਸੇ ਯੋਜਨਾਂ ਦਾ ਹਿੱਸਾ ਹੈ ?

ਹੁਣ ਬਹੁਤ ਦੁਖਭਰੀਆਂ ਖ਼ਬਰਾਂ ਆ ਰਹੀਆਂ ਹਨ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਵਿੱਤਰ ਨਗਰੀ ਨੂੰ ਇਸ ਪ੍ਰੋਜੈਕਟ ਵਿਚੋਂ ਬਾਹਰ ਕੱਢ ਦਿੱਤਾ ਗਿਆ ਹੈ ਜਿਸ ਨੂੰ ਅਫਸੋਸਨਾਕ ਹੀ ਕਿਹਾ ਜਾ ਸਕਦਾ ਹੈ ?ਕੇਂਦਰ ਵਿੱਚ ਰਾਜ ਕਰਦੀ ਪਾਰਟੀ ਦਾ ਗੱਠਜੋੜ ਉਸ ਬਾਦਲ ਦਲ ਨਾਲ ਹੈ ਜੋ ਆਪਣੇ ਆਪ ਨੂੰ ਸਿੱਖ ਹਿੱਤਾਂ ਦਾ ਪਹਿਰੇਦਾਰ ਹੋਣ ਦਾ ਢਿੰਡੋਰਾ ਪਿੱਟਣ ਦਾ ਕੋਈ ਮੌਕਾ ਵੀ ਹੱਥੋਂ ਨਹੀਂ ਜਾਣ ਦਿੰਦਾ ?ਬਾਦਲ ਦਲ ਵਿਚੋਂ ਜਿਹੜੇ ਦੋ ਐੱਮ ਪੀ ਚੁਣ ਕੇ ਪਾਰਲੀਮੈਂਟ ਵਿੱਚ ਪਹੁੰਚੇ ਹਨ ਉਹ ਬਾਦਲ ਪਰਿਵਾਰ ਦੇ ਮੈਂਬਰ ਹੀ ਨਹੀਂ ਬਾਦਲ ਦਲ ਦੇ ਸਰਵੇ ਸਰਵਾ ਵੀ ਹਨ ? ਇਹ ਹੋ ਨਹੀਂ ਸਕਦਾ ਕਿ ਕੇਂਦਰ ਦੇ ਇਸ ਮਹੱਤਵਪੂਰਨ ਪ੍ਰੋਜੈਕਟ ਦਾ ਉਨ੍ਹਾਂ ਨੂੰ ਗਿਆਨ ਹੀ ਨਾਂ ਹੋਵੇ ? ਜੇ ਉਹ ਪਹਿਲਾਂ ਇਸ ਪਾਸੇ ਧਿਆਨ ਨਹੀਂ ਦੇ ਸਕੇ ਤਾਂ ਹੁਣ ਉਨ੍ਹਾਂ ਨੂੰ ਬਹਾਨੇਬਾਜ਼ੀ ਛੱਡ ਕੇ ਸਕਾਰਾਤਮਿਕ ਰੋਲ ਅਦਾ ਕਰਨਾ ਚਾਹੀਦਾ ਹੈ ?ਨਹੀਂ ਤਾਂ ਸਿੱਖ ਕੌਮ ਨਾਲ ਕੀਤੇ ਜਾ ਰਹੇ ਇਸ ਵਿਤਕਰੇ ਦਾ ਸਿਹਰਾ ਵੀ ਬਾਦਲ ਪਰਿਵਾਰ ਦੇ ਸਿਰ ਹੀ ਬੱਝੇਗਾ ?

ਸ਼ਾਇਦ ਪੰਜਾਬ ਦੇ ਲੋਕ ਜਾਣਦੇ ਹੋਣ ਕਿ ਪਹਿਲਾਂ ਵੀ ਕੇਂਦਰ ਸਰਕਾਰ ਦਾ ਅਜਿਹਾ ਹੀ ਇੱਕ ਪ੍ਰੋਜੈਕਟ ਅਮਲ ਵਿੱਚ ਲਿਆਂਦਾ ਜਾ ਚੁੱਕਾ ਹੈ ਜਿਸ ਤਹਿਤ ਤਖ਼ਤ ਸਾਹਿਬਾਨ ਨੂੰ ਇੱਕ ਦੂਜੇ ਨਾਲ ਰੋਡ ,ਰੇਲ ਅਤੇ ਏਅਰ ਲਿੰਕ ਰਾਹੀਂ ਜੋੜਨਾਂ ਸੀ ?ਉਸ ਵੇਲੇ ਪੰਜਾਬ ਵਿੱਚ ਬਾਦਲ ਸਾਹਿਬ ਦੀ ਸਰਕਾਰ ਸੀ ?ਜਿਸ ਤਹਿਤ ਚਾਰ ਤਖ਼ਤ ਸਾਹਿਬਾਨ ਤਾਂ ਜੋੜ ਦਿੱਤੇ ਗਏ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਅੱਜ ਤੱਕ ਨਹੀਂ ਜੁੜ ਸਕੇ ?ਦਾਸ ਅਤੇ ਮਰਹੂਮ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਜੀ ਨੇ ਬਹੁਤ ਵਾਰ ਇਹ ਮਸਲਾ ਬਾਦਲ ਸਾਹਿਬ ਦੇ ਧਿਆਨ ਵਿੱਚ ਵੀ ਲਿਆਂਦਾ ਪਰ ਨਤੀਜਾ ਕੁਝ ਨਹੀਂ ਨਿਕਲਿਆ ? ਅੱਜ ਜੋ ਦੁਰਦਸ਼ਾ ਬੰਗਾ - ਗੜ੍ਹਸ਼ੰਕਰ - ਸ੍ਰੀ ਅਨੰਦਪੁਰ ਸਾਹਿਬ ਰੋਡ ਦੀ ਹੈ ਉਹ ਕਿਸੇ ਤੋਂ ਗੁੱਝੀ ਨਹੀਂ ? ਸੋ ਅਜੇ ਵੀ ਵਕਤ ਹੈ ,ਸੰਭਲੋ ਆਪਣੀਂ ਜਿੰਮੇਵਾਰੀ ਦਾ ਅਹਿਸਾਸ ਕਰੋ , ਹਰ ਗੱਲ ਵਿੱਚ ਰਾਜਨੀਤੀ ਨਹੀਂ ਕਰਨੀਂ ਚਾਹੀਦੀ ? ਪੰਜਾਬ ਦੀਆਂ ਸਾਰੀਆਂ ਰਾਜਨੀਤਕ ਧਿਰਾਂ ਅਤੇ ਸਿੱਖ ਸੰਗਤ ਦਾ ਸਹਿਯੋਗ ਲੈ ਕੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੂੰ ਕੇਂਦਰ ਦੇ ਇਸ ਵਿਤਕਰੇ ਵਿਰੁੱਧ ਸੰਘਰਸ਼ ਦੀ ਜਿੰਮੇਵਾਰੀ ਆਪਣੇ ਮੋਢਿਆਂ ਤੇ ਚੁੱਕਣੀਂ ਚਾਹੀਦੀ ਹੈ ਨਹੀਂ ਤਾਂ ਜਦੋਂ ਚਿੜੀਆਂ ਨੇ ਖੇਤ ਹੀ ਚੁਗ ਲਿਆ ਫਿਰ ਪਛਤਾਉਣ ਦਾ ਵੀ ਕੋਈ ਫਾਇਦਾ ਨਹੀਂ ਹੋਣਾਂ ?

**ਸੁਖਦੇਵ ਸਿੰਘ ਭੌਰ**

## ਕਰੋਨਾ ਮਹਾਂਮਾਰੀ: ਵਿਸ਼ਵ ਸਿਹਤ ਸੰਗਠਨ ਅਣਗਹਿਲੀ

ਹੁਣ ਤਾਂ ਇਹ ਸਪੱਸ਼ਟ ਨਜ਼ਰ ਆ ਰਿਹਾ ਹੈ ਕਿ ਕਰੋਨਾ ਵਾਇਰਸ ਕੋਈ ਕੁਦਰਤੀ ਕਰੋਪੀ ਨਹੀਂ ਹੈ, ਸਗੋਂ ਵਿਸ਼ਵ ਦੀਆਂ ਦੋ ਵੱਡੀਆਂ ਸ਼ਕਤੀਆਂ ਦੀ ਆਰਥਿਕ ਖਿੱਚੋਤਾਣ ਦਾ ਨਤੀਜਾ ਹੈ। ਵਿਸ਼ਵ ਦੀ ਆਰਥਿਕਤਾ ਨੂੰ ਸਮਝਣ ਵਾਲੇ ਜਾਣਦੇ ਹਨ ਕਿ ਜਿਸ ਤੇਜ਼ੀ ਨਾਲ ਚੀਨ ਦੀ ਆਰਥਿਕਤਾ ਵਿਕਸਤ ਹੋ ਰਹੀ ਸੀ, ਇਸ ਗਤੀਸ਼ੀਲ ਵਰਤਾਰੇ ਕਾਰਨ ਅਮਰੀਕਾ ਦੀ ਆਰਥਿਕਤਾ ਨੂੰ ਵੱਡੀ ਸੱਟ ਵੱਜ ਰਹੀ ਸੀ। ਅਮਰੀਕਾ ਕਿਸੇ ਨਾ ਕਿਸੇ ਬਹਾਨੇ ਚੀਨ ਦੀ ਇਸ ਚੜ੍ਹਤ ਨੂੰ ਠੱਲ੍ਹ ਪਾਉਣ ਦੇ ਰੌਂਅ ਵਿਚ ਸੀ। ਇਸ ਲਈ ਬੜੇ ਲੰਬੇ ਸਮੇਂ ਤੋਂ ਅੰਦਰੋ-ਅੰਦਰੀ ਠੰਢੀ ਜੰਗ ਚੱਲ ਰਹੀ ਸੀ।

ਅਮਰੀਕਾ ਦੇ ਕੁਝ ਵਿਗਿਆਨੀਆਂ ਤੇ ਰੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਜੋ ਵਾਇਰਸ ਚੀਨ ਦੇ ਵਿਗਿਆਨੀਆਂ ਨੇ ਖੋਜ ਲਈ ਚਮਗਿੱਦੜਾਂ ਵਿਚ ਉਸਦੀ ਤਾਸੀਰ ਅਤੇ ਪਰਿਣਾਮ ਦੇਖਣ ਦੇ ਮਨਸ਼ੇ ਨਾਲ ਭਰਿਆ ਸੀ, ਉਸ ਦੇ ਪ੍ਰਭਾਵਾਂ ਅਤੇ ਲੱਛਣਾਂ ਦੇ ਅਧਿਐਨ ਕਰਨ ਲਈ ਚਮਗਿੱਦੜਾਂ ਦੇ ਜੁੱਸੇ ਵਿਚ ਇਕ ਅਤਿ ਸੂਖਮ, ਬਿਜਲਈ ਪੁਰਜਾ ਧਰਿਆ ਸੀ, ਇਹ ਪੁਰਜਾ ਅਤੀ ਸੂਖਮ ਉਪਗ੍ਰਹਿ ਸੈਂਸਰਾਂ ਰਾਹੀਂ ਵੂਹਾਨ ਦੇ ਕੇਂਦਰੀ ਖੋਜ ਕੇਂਦਰ ਦੇ ਡੈਟਾ ਬੇਸ 'ਤੇ ਚਮਗਿੱਦੜਾਂ ਦੇ ਸਹਿਜੇ-ਸਹਿਜੇ ਬਦਲ ਰਹੇ ਪ੍ਰਭਾਵਾਂ ਦੀਆਂ ਸੈਨਤੀ-ਸੰਕੇਤਾਂ ਰਾਹੀਂ ਜਾਣਕਾਰੀਆਂ ਭੇਜ ਰਿਹਾ ਸੀ। ਪਰ ਕਿਸੇ ਨਾ ਕਿਸੇ ਕਾਰਨ ਇਸ ਅਤਿ ਸੂਖਮ ਖੋਜ ਦੀ ਵਿਗਿਆਨਕ ਪ੍ਰਕਿਰਿਆ ਕਿਸੇ ਹੋਰ ਖ਼ਤਰਨਾਕ ਵਾਇਰਸ ਤੋਂ ਪ੍ਰਭਾਵਿਤ ਹੋਣ ਕਾਰਨ ਦੋਸ਼ਪੂਰਨ ਹੋ ਗਈ, ਜਿਸ ਕਾਰਨ ਇਹ ਖ਼ਤਰਨਾਕ ਖੋਜ ਬੇਕਾਬੂ ਹੋ ਗਈ। ਜਿਸ ਕਾਰਨ ਬਣਾਵਟੀ ਵਾਇਰਸ ਨਾਲ ਭਰੇ ਚਮਗਿੱਦੜਾਂ ਦੀ ਮੌਤ ਹੋ ਗਈ ਅਤੇ ਉਨ੍ਹਾਂ ਵਿਚੋਂ ਕੁਝ ਚਮਗਿੱਦੜ ਵੂਹਾਨ ਦੇ ਨਾਲ ਲੱਗਦੇ ਸਮੁੰਦਰੀ ਤਟ ਦੇ ਪਾਣੀ ਵਿਚ ਜਾ ਡਿੱਗੇ, ਜਿਸਦਾ ਫੌਰੀ ਪ੍ਰਭਾਵ ਸਮੁੰਦਰੀ-ਜੀਵਾਂ 'ਤੇ ਪਿਆ ਅਤੇ ਉਨ੍ਹਾਂ ਜੀਵਾਂ ਰਾਹੀਂ ਹੀ ਇਹ ਵਾਇਰਸ ਵੂਹਾਨ ਸ਼ਹਿਰ ਦੀ ਸਭ ਤੋਂ ਵੱਡੀ ਮੱਛੀ ਮੰਡੀ ਵਿਚ ਫੈਲ ਗਿਆ। ਚੀਨ ਦੀ ਇਸ ਖੋਜ ਦੇ ਬੇਕਾਬੂ ਹੋ ਜਾਣ ਦੀ ਨਿਰਾਸ਼ਤਾ ਅਤੇ ਇਸਦੇ ਦੂਰਗਾਮੀ ਵਿਸ਼ੈਲੇ ਪ੍ਰਭਾਵਾਂ ਦੀ ਜਾਣਕਾਰੀ ਚੀਨ ਦੀ ਸਿਖਰਲੀ ਹਾਕਮ ਜੁੰਡਲੀ ਨੂੰ ਪਹਿਲਾਂ ਤੋਂ ਹੀ ਸੀ ਅਤੇ ਉਹ ਇਸ ਦੇ ਦੂਰਰਸ ਸਿੱਟਿਆਂ ਤੋਂ ਫ਼ਿਕਰਮੰਦ ਸਨ। ਇਸੇ ਕਾਰਨ ਭਾਵੀ ਖ਼ਤਰਿਆਂ ਨੂੰ ਭਾਂਪਦਿਆਂ ਚੀਨ ਨੇ ਨਵੇਂ ਹਸਪਤਾਲਾਂ ਦਾ ਫੌਰੀ ਨਿਰਮਾਣ ਕਰਨ ਲਈ ਸਾਰੀ ਲੋੜੀਂਦੀ ਸਮੱਗਰੀ ਪਹਿਲਾਂ ਤੋਂ ਹੀ ਤਿਆਰ ਕਰ ਰੱਖੀ ਸੀ। ਇਸੇ ਲਈ ਉਨ੍ਹਾਂ ਨੇ ਆਪਣੇ ਲੋਕਾਂ ਦੇ ਬਚਾਓ ਲਈ ਆਪਣੇ ਪੱਧਰ 'ਤੇ ਸਰਗਰਮ ਯਤਨ ਫੌਰੀ ਤੌਰ 'ਤੇ ਆਰੰਭ ਕਰ ਦਿੱਤੇ ਸਨ, ਪਰ ਵਿਸ਼ਵ ਪੱਧਰ 'ਤੇ ਇਸ ਵਾਇਰਸ ਦੇ ਮਾਰੂ ਪ੍ਰਭਾਵਾਂ ਦੀ ਵਿਕਰਾਲਤਾ ਅਤੇ ਵਿਆਪਕਤਾ ਦੀ ਕਿਸੇ ਨੂੰ ਭਿਣਕ ਤਕ ਨਹੀਂ ਪੈਣ ਦਿੱਤੀ। ਜੇ ਇਹ ਜਾਣਕਾਰੀ ਉਸ ਵੇਲੇ ਹੀ ਵਿਸ਼ਵ ਸਿਹਤ ਸੰਗਠਨ ਨਾਲ ਸਾਂਝੀ ਕਰ ਲਈ ਜਾਂਦੀ ਤਾਂ ਦੁਨੀਆਂ ਵਿਚ ਇਸ ਕਿਸਮ ਦੀ ਹਾਲ-ਪਾਹਰਿਆ ਨਾ ਮੱਚਦੀ ਜੋ ਅੱਜ ਹੋ ਰਿਹਾ ਹੈ।

ਇੱਥੇ ਇਸ ਮਾਮਲੇ ਵਿਚ ਵਿਸ਼ਵ ਸਿਹਤ ਸੰਗਠਨ ਵੱਲੋਂ ਪੂਰੀ ਦੁਨੀਆਂ ਅਤੇ ਮਨੁੱਖੀ ਭਾਈਚਾਰੇ ਨਾਲ ਕੀਤੇ ਗਏ ਵਿਸ਼ਵਾਸਘਾਤ ਦੇ ਮਾਮਲੇ 'ਤੇ ਵੀ ਝਾਤ ਪਾਉਣ ਦੀ ਲੋੜ ਹੈ। ਚੀਨ ਨੇ ਇਸ ਵਾਇਰਸ ਦੇ ਵੂਹਾਨ ਵਿਚ ਫੈਲਣ ਦੀ ਵਿਸ਼ਵ ਸਿਹਤ ਸੰਗਠਨ ਨੂੰ ਵਿਧੀਵਤ ਸੂਚਨਾ 31 ਦਸੰਬਰ 2019 ਨੂੰ ਦੇ ਦਿੱਤੀ ਸੀ, ਪਰ ਕੀ ਵਿਸ਼ਵ ਸਿਹਤ ਸੰਗਠਨ ਦੇ ਅਵੇਸਲੇਪਣ ਦਾ ਇਹ ਸਿਖਰ ਨਹੀਂ ਕਿ ਉਸਦੀ ਪਹਿਲੀ ਟੀਮ ਵੂਹਾਨ ਸ਼ਹਿਰ ਵਿਚ ਪਸਰੇ ਪ੍ਰਕੋਪ ਦਾ ਜਾਇਜ਼ਾ ਲੈਣ ਲਈ 21-22 ਫਰਵਰੀ ਨੂੰ ਪੁੱਜਦੀ ਹੈ। ਉਸਦੀ ਰਿਪੋਰਟ ਦੇ ਆਧਾਰ 'ਤੇ ਹੀ 30 ਜਨਵਰੀ ਨੂੰ ਵਿਸ਼ਵ ਸਿਹਤ ਸੰਗਠਨ ਦੇ ਡਾਇਰੈਕਟਰ ਡਾ. ਟੈਡਰੋਸ ਅਦਾਨੋਮ ਵੱਲੋਂ ਕਰੋਨਾ ਵਾਇਰਸ ਨੂੰ ਵਿਸ਼ਵ ਜਨ ਸਿਹਤ ਲਈ ਸੰਕਟਮਈ ਐਲਾਨਿਆ ਗਿਆ, ਪਰ ਹੈਰਾਨੀ ਇਸ ਗੱਲ ਦੀ ਹੈ ਕਿ ਵਿਸ਼ਵ ਸਿਹਤ ਸੰਗਠਨ ਨੇ ਤਾਂ ਕਿਸੇ ਵੀ ਮਹੱਤਵਪੂਰਨ ਜਵਾਬੀ ਪ੍ਰਤਿਕਿਰਿਆ ਲਈ ਪੂਰਾ ਜਨਵਰੀ ਦਾ ਮਹੀਨਾ ਅਤੇ ਫਰਵਰੀ ਦੇ ਵੀ ਤਿੰਨ ਹਫ਼ਤੇ ਗਵਾ ਦਿੱਤੇ। ਵਿਸ਼ਵ ਦੇ ਇਸ ਮਹਾਨ ਸਿਹਤ ਸੰਗਠਨ ਵੱਲੋਂ ਹਰਕਤ ਵਿਚ ਆਉਣ ਲਈ ਕੀਤੀ ਗਈ ਹੱਦੋਂ ਵੱਧ ਦੇਰੀ ਦੇ ਰਹੱਸ ਦਾ ਜਵਾਬ ਅੱਜ ਪੂਰਾ ਵਿਸ਼ਵ ਮੰਗ ਰਿਹਾ ਹੈ।

**ਬੀਰ ਦਵਿੰਦਰ ਸਿੰਘ**


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com